# ਗੁਰਮਤਿ ਸੰਗੀਤ ਵਿੱਚ
# ਰਬਾਬੀ ਪਰੰਪਰਾ ਅਤੇ ਹੋਰ ਲੇਖ

## ਇਸੇ ਕਲਮ ਤੋਂ

- ਗੁਰੂ ਨਾਨਕ ਬਾਣੀ ਵਿੱਚ ਮਾਇਆ ਦਾ ਸੰਕਲਪ
- ਗੁਰੂ ਨਾਨਕ ਦੇਵ ਜੀ ਤੇ ਸੰਗੀਤ
- ਕਾਵਿ ਅਤੇ ਸੰਗੀਤ– ਗੁਰਬਾਣੀ ਪਰਿਪੇਖ
- ਫਰੀਦ ਬਾਣੀ–ਸੰਗੀਤਕ ਪਰਿਪੇਖ
- ਦਾਦਾ ਪੋਤਾ (ਬੱਚਿਆਂ ਲਈ)

# ਗੁਰਮਤਿ ਸੰਗੀਤ ਵਿੱਚ
# ਰਬਾਬੀ ਪਰੰਪਰਾ ਅਤੇ ਹੋਰ ਲੇਖ

**ਡਾ. ਜਾਗੀਰ ਸਿੰਘ**

ਸਪਤਰਿਸ਼ੀ ਪਬਲੀਕੇਸ਼ਨ
ਚੰਡੀਗੜ੍ਹ

# Gurmat Sangeet Vich
# Rababi Prampara Ate Hor Lekh

by

**Dr. Jagir Singh**

Email : drjagirsingh@gmail.com

Address

???

**ISBN**

**Edition 2021**

**International Publishers & Book Suppliers**

According to fourth amendment 2016 by UGC
Sapatrishi Publications approved by UGC

**Representative Offices**

# Green Avenue, K.K. Road, Shri Muktsar Sahib

# Street 22466 133RD, Avenue South East, City : Kent,
State: Washington, Zip Code 98042 (USA) Ph. +12532435688

#16, Fallowfield Road, LEICESTER- U.K. LES-6LQ

Published by

**Saptrishi Publication**

Plot No. 25/6, Industrial Area, Phase-2,
Near Tribune Chowk, Chandigarh.

**Website : www.saptrishipublication.com**

E-mail-: sapatrishi94@gmail.com

94638-36591, 77174-65715

*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Editor.*

# ਤਤਕਰਾ


- ਗੁਰਮਤਿ ਸੰਗੀਤ ਵਿੱਚ ਰਬਾਬੀ ਪਰੰਪਰਾ 7
- ਫ਼ਰੀਦ ਬਾਣੀ : ਸੰਗੀਤਕ ਪਰਿਪੇਖ 18
- ਰਬਾਬੀ ਭਾਈ ਬਲਵੰਡ ਅਤੇ ਭਾਈ ਸੱਤਾ 28
- ਵੀਹਵੀਂ ਸਦੀ ਦੇ ਸਿਰਮੌਰ ਕੀਰਤਨੀਏ ਭਾਈ ਸਮੁੰਦ ਸਿੰਘ 37
- ਗੁਰੂ ਗ੍ਰੰਥ ਸਾਹਿਬ ਵਿੱਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ 56
- ਸਿੱਖ ਗ੍ਰਹਿਸਤ ਜੀਵਨ ਅਤੇ ਗੁਰਮਤਿ ਸੰਗੀਤ 72
- ਗੁਰਮਤਿ ਕੀਰਤਨ ਭਗਤੀ 83
- ਚੀਫ਼ ਖਾਲਸਾ ਦੀਵਾਨ ਦੀਆਂ ਸਿੱਖ ਐਜੂਕੇਸ਼ਨ ਕਾਨਫਰੰਸਾਂ ਦੀ ਗੁਰਮਤਿ ਸੰਗੀਤ ਨੂੰ ਦੇਣ 92
- ਭਾਈ ਮਨੀ ਸਿੰਘ ਜੀ ਦੀਆਂ ਲਿਖਤਾਂ ਵਿੱਚ ਕੀਰਤਨ ਦੀ ਮਹੱਤਤਾ 102
- ਭਾਈ ਰਣਧੀਰ ਸਿੰਘ ਜੀ ਦਾ ਕੀਰਤਨ ਮਨੋਰਥ ਅਤੇ ਕੀਰਤਨ ਜੁਗਤ 106
- ਸਿੱਖ ਧਰਮ ਵਿਚ ਸੇਵਾ 111
- ਜਹ ਜਹ ਦੇਖਾ ਤਹ ਤਹ ਤੂ ਹੈ 123
- ਇਕ ਅਨੋਖਾ ਰਹਿਤਨਾਮਾ 129
- ਖਿਮਾ ਸੀਗਾਰ 139
- ਸ੍ਰੀ ਅਕਾਲ ਤਖ਼ਤ ਸਾਹਿਬ: ਇੱਕ ਸੰਕਲਪ 143

# ਗੁਰਮਤਿ ਸੰਗੀਤ ਵਿੱਚ ਰਬਾਬੀ ਪਰੰਪਰਾ

ਰਬਾਬੀ ਕੀਰਤਨੀਏ ਆਮ ਤੌਰ ’ਤੇ ਮੁਸਲਿਮ ਧਰਮ ਨਾਲ ਸਬੰਧਤ ਸਨ। ਇਹਨਾਂ ਦਾ ਖਾਨਦਾਨੀ ਕਿੱਤਾ ਵੀ ਸੰਗੀਤ ਹੀ ਹੁੰਦਾ ਸੀ। ਇਹਨਾਂ ਨੂੰ ਮਿਰਾਸੀ ਜਾਤ ਨਾਲ ਸਬੰਧਤ ਸਮਝਿਆ ਜਾਂਦਾ ਸੀ। ਮਿਰਾਸੀਆਂ ਦੇ ਮੁੱਢ ਬਾਰੇ ਸ਼ਮਸ਼ੇਰ ਸਿੰਘ ਅਸ਼ੋਕ[1] ਲਿਖਦੇ ਹਨ। ਗੁਣ ਕਰਮ ਅਤੇ ਸੁਭਾਉ ਅਨੁਸਾਰ ਮਰਾਸੀ ਅਤੇ ਭੱਟ ਮੁੱਢ ਵਿੱਚ ਇੱਕੋ ਹੀ ਜਾਤੀ ਨਾਲ ਲਹੂ-ਮਾਸ ਦਾ ਸੰਬੰਧ ਰਖਦੇ ਹੁੰਦੇ ਸਨ। ਹਿੰਦੂ ਰਾਜਪੂਤਾਂ ਵਿੱਚ, ਜਿਨ੍ਹਾਂ ਲੋਕਾਂ ਨੂੰ ਭੱਟ ਕਿਹਾ ਜਾਂਦਾ ਹੈ, ਆਮ ਮੁਸਲਮਾਨਾਂ ਵਿੱਚ ਉਹੋ ਕੁਝ ਹੇਰਫੇਰ ਪਾ ਕੇ ਮਿਰਾਸੀ ਅਖਵਾਂਦੇ ਹਨ। ਮਿਰਾਸੀ ਲੋਕ ਵੀ ਹਿੰਦੂ ਭੱਟਾਂ ਵਾਂਗ ਆਪਣੇ ਜਜਮਾਨਾਂ ਦੇ ਕੁਰਸੀ-ਨਾਮੇ ਅਥਵਾ ਬੰਸਾਵਲੀਆਂ, ਕਵਿਤਾ ਵਿੱਚ ਜੋੜ ਕੇ, ਉੱਚੀ ਹੇਕ ਨਾਲ ਸੁਣਾਉਂਦੇ ਅਤੇ ਇਨਾਮ ਪ੍ਰਾਪਤ ਕਰਦੇ ਸਨ।

ਕਈ ਇਤਿਹਾਸਕਾਰਾਂ ਅਨੁਸਾਰ ਮਿਰਾਸੀਆਂ ਦਾ ਪਿਛੋਕੜ ਹਜ਼ਰਤ ਮੁਹੰਮਦ ਸਾਹਿਬ ਨਾਲ ਜੁੜਦਾ ਹੈ। ਇੱਕ ਕਥਾ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਨੇ ਇਕ ਵੇਰ ਕਿਸੇ ਗੱਲੋਂ ਨਾਰਾਜ਼ ਹੋ ਕੇ ਆਪਣੇ ਤਾਏ ਦੇ ਪੁੱਤਰ ਹਜ਼ਰਤ ਉਕਾਸਾ ਨੂੰ ਕੋਰੜੇ ਲਗਵਾਏ ਸਨ। ਜਦੋਂ ਹਜ਼ਰਤ ਮੁਹੰਮਦ ਸਾਹਿਬ ਆਪਣੇ ਅੰਤਲੇ ਦਿਨੀਂ ਮਦੀਨੇ ਪਹੁੰਚੇ ਤਾਂ ਇਕ ਦਿਨ ਸੁਭਾਵਿਕ ਹੀ ਕਹਿਣ ਲੱਗੇ ਕਿ ਜੇ ਅਸੀਂ ਕਿਸੇ ਵਿਅਕਤੀ ਦਾ ਬੁਰਾ ਕੀਤਾ ਹੋਵੇ ਤਾਂ ਉਹ ਸਾਥੋਂ ਆਪਣਾ ਬਦਲਾ ਲੈ ਸਕਦਾ ਹੈ। ਇਹ ਬਚਨ ਸੁਣ ਕੇ ਹਜ਼ਰਤ ਅਮੀਨ ਦੇ ਪੁੱਤਰ ਉਕਾਸਾ ਨੇ ਕਿਹਾ ਕਿ ਹਜ਼ਰਤ ਜਿਵੇਂ ਤੁਸੀਂ ਉਸ ਦਿਨ ਮੈਨੂੰ ਕੋਰੜੇ ਲਗਵਾਏ ਸਨ ਤਿਵੇਂ ਆਪਣੀ ਪਿੱਠ ਨੰਗੀ ਕਰ ਦਿਓ ਤਾਂ ਕਿ ਮੈਂ ਵੀ ਉਸੇ ਤਰ੍ਹਾਂ ਆਪਣਾ ਬਦਲਾ ਲੈ ਸਕਾਂ। ਇਹ ਸੁਣ ਕੇ ਹਜ਼ਰਤ ਮੁਹੰਮਦ ਸਾਹਿਬ ਨੇ ਫੌਰਨ ਆਪਣੀ ਪਿੱਠ ਨੰਗੀ ਕਰ ਦਿੱਤੀ ਪਰ ਉਕਾਸਾ ਨੇ ਬਦਲਾ ਲੈਣ ਦੀ ਬਜਾਇ ਹਜ਼ਰਤ ਮੁਹੰਮਦ ਸਹਿਬ ਦੀ ਪਿੱਠ ਨੂੰ ਬੜੇ ਪਿਆਰ ਨਾਲ ਚੁੰਮ ਲਿਆ ਅਤੇ ਨਾਲ ਉਹਨਾਂ ਦੇ ਨਿਆਂ ਦੀ ਉਸਤਤ ਨੂੰ ਉੱਚੀ ਹੇਕ ਵਿੱਚ ਗਾਇਆ।

ਕਿਹਾ ਜਾਂਦਾ ਹੈ ਕਿ ਹਜ਼ਰਤ ਉਕਾਸਾ ਦੇ ਖਾਨਦਾਨ ਵਿੱਚ ਇਹੋ ਉਸਤਤ ਕਰਨ ਦਾ ਰਿਵਾਜ ਚੱਲ ਪਿਆ ਤੇ ਉਸ ਦੇ ਪੁੱਤਰ ਪੋਤਰੇ ਵੱਡੇ ਲੋਕਾਂ ਦਾ ਜੱਸ ਗਾ ਕੇ ਸੁਣਾਉਣ ਲੱਗ ਪਏ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਖੈਬਰ ਦੀ ਜੰਗ ਵਿੱਚ ਹਾਰ ਹੋਈ ਤਾਂ ਉਕਾਸਾ ਪਰਿਵਾਰ ਸਮੇਤ ਅਰਬ ਤੋਂ ਪੰਜਾਬ ਆ ਗਿਆ। ਇੱਕ ਰਵਾਇਤ ਅਨੁਸਾਰ ਹਜ਼ਰਤ ਹੁਸੈਨ ਦੀ ਸ਼ਹੀਦੀ ਤੋਂ ਬਾਅਦ ਉਕਾਸਾ ਦਾ ਖਾਨਦਾਨ ਇਰਾਨ ਅਤੇ ਫਿਰ ਇਰਾਨ ਤੋਂ ਅਜਮੇਰ ਖਵਾਜਾ ਮੁਈਓਦੀਨ ਦੇ ਸਥਾਨ

ਤੇ ਆ ਗਿਆ ਤੇ ਉਥੇ ਗਾਉਣ ਵਜਾਉਣ ਦਾ ਕਿੱਤਾ ਅਪਣਾ ਕੇ ਗੁਜ਼ਰ ਬਸਰ ਕਰਨ ਲੱਗ ਪਿਆ। ਪਰ ਆਮ ਤੌਰ 'ਤੇ ਇਹ ਹੀ ਸਮਝਿਆ ਜਾਂਦਾ ਹੈ ਭੱਟ ਲੋਕ ਹੀ ਜਿਹੜੇ ਕਿਸੇ ਕਾਰਨ ਮੁਸਲਮਾਨ ਬਣ ਗਏ ਉਹ ਮਿਰਾਸੀ ਅਖਵਾਏ। ਇਹ ਲੋਕ ਰਬਾਬ ਵਜਾਂਦੇ ਸਨ।

ਰਬਾਬ ਬਾਰੇ ਕਿਹਾ ਜਾਂਦਾ ਹੈ ਕਿ ਇਹ ਇਰਾਨ ਦੇ ਸੂਫੀ ਫਕੀਰਾਂ ਦਾ ਹਰਮਨ ਪਿਆਰਾ ਸਾਜ ਸੀ। ਡਾਕਟਰ ਬਲਬੀਰ ਸਿੰਘ[2] ਆਪਣੀ ਪੁਸਤਕ ਲੰਮੀ ਨਦਰ (1959) ਵਿੱਚ ਰਬਾਬ ਸਿਰਲੇਖ ਹੇਠ ਲੇਖ ਵਿੱਚ ਤਾਰੀਖੁਲ ਹੁਕਮਾ ਤੇ ਮਾਹੀਰ ਦੇ ਹਵਾਲੇ ਨਾਲ ਲਿਖਦੇ ਹਨ ਕਿ ਅੱਜ ਤੋਂ ਹਜਾਰ ਕੁ ਸਾਲ ਪਹਿਲਾਂ ਬੁਖਾਰੇ ਦੇ ਹਕੀਮ ਅਬੂ ਨਾਸਿਰ ਫਾਰਸੀ ਨੇ ਜੋ ਬੜਾ ਵੱਡਾ ਗਵੱਈਆ ਤੇ ਵਜੰਤਰੀ ਸੀ ਇਕ ਅਮੀਰ ਆਦਮੀ ਦੀ ਮਹਿਫਲ ਵਿੱਚ ਇਕ ਸਾਜ਼ ਵਜਾਇਆ ਜਿਸ ਦੀ ਅਵਾਜ਼ ਨਾਲ ਸਾਰੀ ਮਹਿਫਿਲ ਪਹਿਲਾਂ ਹੱਸੀ ਫੇਰ ਰੋਈ ਅਤੇ ਅੰਤ ਮਦਹੋਸ਼ ਹੋ ਗਈ। ਇਹ ਸਾਜ਼ ਰਬਾਬ ਸੀ। ਰਬਾਬ ਸਫਰ ਕਰਨ ਵਾਲੇ ਸੈਲਾਨੀਆਂ ਲਈ ਹਰਮਨ ਪਿਆਰਾ ਸਾਜ਼ ਹੈ ਜੋ ਧੁਨ ਦੇ ਨਾਲ ਨਾਲ ਲੈਅ ਦੇਣ ਵਿੱਚ ਵੀ ਸਹਾਇਕ ਹੁੰਦਾ ਹੈ।

ਪੰਜਾਬ ਵਿੱਚ ਰਬਾਬੀ ਸ਼ਬਦ ਭਾਈ ਮਰਦਾਨਾ ਜੀ ਤੋਂ ਪ੍ਰਚੱਲਤ ਹੋਇਆ। ਗੁਰੂ ਨਾਨਕ ਦੇਵ ਜੀ ਨੂੰ ਸੰਗੀਤ ਨਾਲ ਬਹੁਤ ਪਿਆਰ ਸੀ। ਉਹ ਆਪਣੀ ਬਾਣੀ ਨੂੰ ਸੰਗੀਤਮਈ ਰੂਪ ਵਿੱਚ ਉਚਾਰਨ ਕਰਦੇ ਸਨ। ਉਹਨਾਂ ਨੇ ਭਾਈ ਮਰਦਾਨਾ ਜੋ ਰਬਾਬ ਵਜਾਉਣ ਵਿੱਚ ਮਾਹਿਰ ਸੀ ਨੂੰ ਆਪਣਾ ਸਾਥੀ ਬਣਾਇਆ। ਭਾਈ ਮਰਦਾਨਾ ਦੇ ਖਾਨਦਾਨ ਨਾਲ ਸਬੰਧਤ ਲੋਕ ਰਬਾਬ ਨਾਲ ਕੀਰਤਨ ਕਰਦੇ ਸਨ ਜਿਸ ਕਰਕੇ ਉਹਨਾਂ ਨੂੰ ਰਬਾਬੀ ਕਿਹਾ ਜਾਣ ਲੱਗ ਪਿਆ। ਸਿੱਖ ਇਤਿਹਾਸ ਵਿਚ ਭਾਈ ਮਰਦਾਨਾ ਜੀ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਹ ਇਕ ਇਤਿਹਾਸਕ ਸਚਾਈ ਹੈ ਕਿ ਜਿਤਨਾ ਸਮਾਂ ਭਾਈ ਮਰਦਾਨਾ ਨੇ ਗੁਰੂ ਨਾਨਕ ਦੇਵ ਜੀ ਦੇ ਨੇੜੇ ਰਹਿ ਕੇ ਗੁਜ਼ਾਰਿਆ ਉਤਨਾ ਸਮਾਂ ਗੁਰੂ ਸਾਹਿਬ ਦੇ ਨਿਕਟ ਰਹਿਣ ਦਾ ਹੋਰ ਕਿਸੇ ਵਿਅਕਤੀ ਨੂੰ ਪ੍ਰਾਪਤ ਨਹੀਂ ਹੋਇਆ।

ਭਾਈ ਮਰਦਾਨਾ ਰਬਾਬ ਵਜਾਉਣ ਵਿਚ ਪ੍ਰਬੀਣ ਸੀ। ਇਸ ਬਾਰੇ ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ

*ਭਲਾ ਰਬਾਬ ਵਜਾਇਦਾ ਮਜਲਸ ਮਰਦਾਨਾ ਮੀਰਾਸੀ ।।13 ।।11 ।।* [3]

*ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।। ਵਾਰ 11 ।।* [4]

ਜਦੋਂ ਗੁਰੂ ਨਾਨਕ ਦੇਵ ਜੀ ਨੇ ਮਰਦਾਨਾ ਜੀ ਦੀ ਰਬਾਬ ਸੁਣੀ ਤਾਂ ਉਹ ਬਹੁਤ ਪ੍ਰਸੰਨ ਹੋਏ। ਉਹਨਾਂ ਕਿਹਾ ਕਿ ਜੇ ਉਹ ਸ਼ਬਦ ਨਾਲ ਰਬਾਬ ਵਜਾਵੇ ਤਾਂ ਬੜਾ ਆਨੰਦ ਆਵੇਗਾ। ਇੰਜ ਭਾਈ ਮਰਦਾਨਾ ਜੀ ਗੁਰੂ ਜੀ ਦੇ ਸਾਥੀ ਬਣ ਗਏ। ਇਹ ਵੀ ਰਵਾਇਤ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਨੂੰ ਰਬਾਬ ਨੂੰ ਇੱਕ ਵਿਸ਼ੇਸ਼ ਪ੍ਰਕਾਰ ਨਾਲ ਵਜਾਉਣ ਦਾ ਗੁਣ ਆਪ ਦਿੱਤਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਦਾ

ਵਿਆਹ ਹੋਇਆ ਉਸ ਸਮੇਂ ਭਾਈ ਮਰਦਾਨਾ ਨੇ ਇਨਾਮ ਦੀ ਮੰਗ ਕੀਤੀ। ਭਾਈ ਬਾਲੇ ਵਾਲੀ ਜਨਮ ਸਾਖੀ[5] ਗੁਰੂ ਸਾਹਿਬ ਦੇ ਵਿਆਹ ਸਮੇਂ ਦਾ ਪ੍ਰਸੰਗ ਇੰਜ ਬਿਆਨ ਕੀਤਾ ਹੈ।

**ਵਿਦਾ ਹੋਵਣਿ ਲਗੇ ਤਾਂ ਮਰਦਾਨੇ ਭੂਮਿ ਆਖਿਆ ਨਾਨਕ ਜੀ ਕੁਝ ਅਸਾਨੂ ਆਪਣੀ ਵਲੋਂ ਦੇਹਿ। ਤਾਂ ਨਾਨਕ ਜੀ ਕਹਿਆ ਆਖੁ ਮਰਦਾਨਾ ਕਿਆ ਲੈਨਾ ਹੈ। ਅਸਾਂ ਤੇਰੇ ਨਾਲਿ ਕੰਮ ਹੈ। ਮਰਦਾਨੇ ਕਹਿਆ ਮੈਨੂੰ ਕਾਈ ਭਲੀ ਵਸਤ ਦੇਹਿ। ਤਾਂ ਨਾਨਕ ਜੀ ਕਹਿਆ ਭਲੀ ਵਸਤੁ ਤੇ ਰੰਜੁ ਹੋਸੀ। ਮਰਦਾਨੇ ਕਹਿਆ ਜੀ ਤੂ ਭਲੀ ਵਸਤੁ ਦੇਹਿਗਾ ਤਾਂ ਮੈ ਕਿਉ ਰੰਜੁ ਹੋਵਾਂਗਾ, ਤਾਂ ਨਾਨਕ ਜੀ ਆਖਿਆ ਤੁਸੀਂ ਮਿਰਾਸੀ ਹੋ। ਤੁਸੀਂ ਖੋਟੇ ਪੈਸੇ ਅਤੇ ਕਪੜੇ ਉਤੇ ਖੁਸੀ ਹੋਂਦੇ ਹਹੁ। ਅਗਲੀ ਗਲਿ ਜਾਣਦੇ ਨਾਹੀ। ਮਰਦਾਨੇ ਕਹਿਆ ਜੀ ਕਾਈ ਭਲੀ ਵਸਤ ਤੂ ਜਾਣਦਾ ਹੈ ਸਾਈ ਦੇਹਿ। ਨਾਨਕ ਜੀ ਕਹਿਆ ਅਸਾਂ ਤੈਨੂੰ ਤਾਰ ਦਾ ਗੁਣ ਦਿਤਾ। ਏਹੁ ਅਸਾਨੂੰ ਲੋੜੀਦਾ ਆਹਾ। ਤਾਂ ਮਰਦਾਨੇ ਉਠਿ ਕੈ ਤਾਜੀਮ ਕੀਤੀ। ਫਿਰਿ ਨਾਨਕ ਜੀ ਗਲੋਂ ਚੋਲਣਾ ਲਾਹਿ ਕੈ ਮਰਦਾਨੇ ਦੇ ਗਲਿ ਪਾਇਆ। ਅਤੇ ਮਰਦਾਨੇ ਨੂੰ ਆਖਿਆ ਮਰਦਾਨਿਆ ਇਕ ਅਸਾਡਾ ਬਚਨ ਮੰਨ। ਮਰਦਾਨੇ ਆਖਿਆ ਜੀ ਫੁਰਮਾਈਐ। ਮਰਦਾਨਾ ਤੂੰ ਵੇਦੀਆਂ ਦਾ ਮਿਰਾਸੀ ਹਹਿ ਹੋਰਸ ਥੇ ਨਾਹੀਂ ਮੰਗਣਾ। ਮਰਦਾਨੇ ਕਹਿਆ ਭਲਾ ਜੀ ਤੁਸੀਂ ਅਸਾਡੀ ਸਾਰ ਵਿਚਿ ਰਹਹੁ। ਤਾਂ ਨਾਨਕ ਜੀ ਕਹਿਆ ਮਰਦਾਨਾ ਕਰਤਾਰ ਸਭਨਾ ਦੀ ਸਾਰ ਵਿਚਿ ਹੈ।**

ਜਦੋਂ ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਆ ਗਏ ਤਾਂ ਮਰਦਾਨਾ ਜੀ ਵੀ ਨਾਲ ਹੀ ਆ ਗਏ। ਇਥੇ ਉਹ ਗੁਰੂ ਨਾਨਕ ਦੇਵ ਜੀ ਨਾਲ ਕੀਰਤਨ ਸਮੇਂ ਰਬਾਬ ਵਜਾਉਂਦੇ। ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿੱਚ ਇਹ ਵੀ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਕੀਰਤਨ ਕਰਨ ਦੀ ਵਿਧੀ ਵੀ ਸਿਖਾਈ। **ਅਰ ਇਕ ਦਿਨ ਮਰਦਾਨਾ ਮਿਰਾਸੀ ਬਾਬੇ ਨੂੰ ਆਣ ਮਿਲਿਆ ਸੋ ਤਦ ਲੋਕ ਫਰੀਦ ਜੀ ਦੀ ਜਾਰਤ ਨੂੰ ਜਾਂਦੇ ਸਨ ਤਾਂ ਮਰਦਾਨੇ ਕਹਿਆ, ਬਾਬਾ ਜੀ ਜੇ ਤੂ ਚਲੇਂ ਅਸੀਂ ਵੀ ਜਾਤ੍ਰਾ ਵਾਲਿਆਂ ਨਾਲ ਜਾਰਤ ਕਰ ਆਈਏ। ਤਾਂ ਬਾਬੇ ਆਖਿਆ ਜੇ ਤੂੰ ਅਸਾਡੇ ਨਾਲ ਪੱਕੀ ਰਿਫਾਕਤ ਕਰੇਂ ਤਾਂ ਅਸੀਂ ਜਾਈਏ, ਤਾਂ ਉਸ ਆਖਿਆ ਜਿ ਜੇ ਤੂੰ ਮੇਰੀ ਅਤੇ ਮੇਰੇ ਕੁਟੰਬੀਆਂ ਦੀ ਖਬਰ ਲਵੇਂ ਤਾਂ ਮੈਂ ਕਿਉਂ ਨਹੀਂ ਰਿਫਾਕਤ ਕਰਦਾ। ਤਾਂ ਬਾਬੇ ਕਹਿਆ ਰਾਗ ਤੂੰ ਜਿਹੜਾ ਜਾਣਦਾ ਹੈਂ ਸੋ ਇਹੋ ਸਬਦ ਰਾਗ ਪਾਇਕੇ ਨਿਹਕਾਮ ਹੋ ਕੇ ਗਾਵੇਂਗਾ ਤਾਂ ਤੇਰਾ ਪਰਲੋਕ ਸਿਧ ਹੋਵੇਗਾ ਤੇ ਜੇ ਇਹੋ ਸਬਦ ਤੇਰੇ ਵੰਸ ਵਾਲੇ ਗਾਵਨਗੇ ਤਾਂ ਉਨਕਾ ਵਿਵਹਾਰ ਸਿਧ ਹੋਵੇਗਾ। ਤਸੁ ਮਰਦਾਨੇ ਉਪਰਿ ਗੁਰੂ ਬਾਬੇ ਦੀ ਖੁਸੀ ਸੀ। ਜਾਂ ਮਰਦਾਨਾ ਗਾਵਦਾ, ਤਾਂ ਰੰਗੁ ਸਹਜੇ ਹੀ ਪਾਉਂਦਾ।**[6]

ਜਦੋਂ ਗੁਰੂ ਨਾਨਕ ਦੇਵ ਜੀ ਲੋਕਾਈ ਦੇ ਉਧਾਰ ਲਈ ਉਦਾਸੀਆਂ ਲਈ ਚੱਲੇ ਤਾਂ ਮਰਦਾਨੇ ਲਈ ਚੰਗੇ ਰਬਾਬ ਦੀ ਲੋੜ ਪਈ। ਜਿਹੜਾ ਰਬਾਬ ਮਰਦਾਨਾ ਜੀ ਨੇ ਗੁਰੂ

ਨਾਨਕ ਦੇਵ ਜੀ ਨਾਲ ਵਜਾਇਆ ਉਸ ਦੀ ਪ੍ਰਾਪਤੀ ਦੀ ਸਾਖੀ ਬੜੀ ਭਾਵਪੂਰਤ ਹੈ। ਇਹ ਸਾਖੀ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਲਿਖੀ ਹੋਈ ਹੈ। ਇਸ ਤੋਂ ਰਬਾਬ ਦੀ ਵਿਸ਼ੇਸ਼ਤਾ ਦਾ ਵੀ ਪਤਾ ਲਗਦਾ ਹੈ। ਇਸ ਦੇ ਕੁਝ ਅੰਸ਼ ਦੇਣੇ ਉਚਿਤ ਹੋਣਗੇ।

*"ਨਾਨਕ ਆਖਿਆ ਮਰਦਾਨਿਆ ਤਾਰ ਵਜਾਉ। ਮਰਦਾਨੇ ਆਖਿਆ ਜੀ ਮੈ ਤਾਰਿ ਕਦੀ ਨਾਹੀ ਵਜਾਈ। ਨਾਨਕ ਆਖਿਆ, ਸੁਣਿ ਮਰਦਾਨਾ ਅਸਾਂ ਤੈਨੂੰ ਤਾਰ ਦਾ ਗੁਣ ਦਿਤਾ ਸੀ। ਸੋ ਕਿਥੇ ਘਤਿਓ? ਮਰਦਾਨੇ ਕਹਿਆ, ਜੀ ਮੈ ਤਾ ਵੇਚਿ ਨਾਹੀ ਖਾਧਾ। ਜਿਥੈ ਰਖਿਆ ਹੈ ਤਿਥਉ ਪਇਆ ਹੋਗਾ। ਨਾਨਕ ਕਹਿਆ ਵਜਾਇ ਮਰਦਾਨਾ। ਮਰਦਾਨੇ ਪਾਸਿ ਰਬਾਬ ਨਾਹਾ। ਮਰਦਾਨੇ ਹੁਕਮੁ ਮੰਨਿਆ, ਮਰਦਾਨਾ ਸਹਰ ਵਿਚਿ ਆਇਆ। ਆਇ ਕਰਿ ਲਗਾ ਕੋਈ ਢਾਢੀ ਟੋਲਣ। ਦੇਖੇ ਤਾਂ ਹਿਕੁ ਡੂਮਿ ਹਿਕਸੁ ਪਠਾਣ ਅਗੇ ਬੈਠਾ ਗਾਵਦਾ ਹੈ ਅਤੇ ਮੰਝੋਲਾ ਰਬਾਬ ਹਥਿ ਵਜਾਂਵਦਾ ਹੈ। ਮਰਦਾਨੇ ਉਸ ਨੂੰ ਦੁਆਇ ਸਲਾਮ ਦਿਤੋਸੁ। ਤਿਚਰਾਂ ਪਠਾਣ ਉਠਿ ਖੜਾ ਹੋਇਆ, ਤਾਂ ਮਰਦਾਨੇ ਉਸ ਨੋ ਆਖਿਆ ਚਲ ਭਾਈ ਮਿਰਾਸੀ। ਹਿਕ ਬੰਦਾ ਖੁਦਾਇ ਦਾ ਤੈਨੂੰ ਸਦਦਾ ਹੈ। ਓਹੁ ਮਿਰਾਸੀ ਉਠਿ ਖੜਾ ਹੋਇਆ।" ਮਰਦਾਨਾ ਲੈ ਕਰਿ ਉਸ ਨੂੰ ਨਾਨਕ ਪਾਸ ਆਇ ਬੈਠਾ। ਉਸ ਨੂੰ ਆਖਿਓਸੁ ਭਾਈ ਵਜਾਉ। ਗੁਰੂ ਨਾਨਕ ਦੀ ਸਮਾਧ ਲਗੀ  ਹੋਈ ਆਹੀ। ਜਾਂ ਉਸ ਡੂਮੇਟੇ ਤਾਰ ਵਜਾਈ ਤਾਂ ਨਾਨਕ ਅਖੀਆਂ ਖੋਲੀਆਂ ਆਖਿਓਸੁ, ਵੋ ਮਰਦਾਨਾ ਤੂੰ ਵਜਾਇ। ਮਰਦਾਨੇ ਹੁਕਮੁ ਮੰਨਿਆ। ਮਰਦਾਨਾ ਤਾਰ ਵਜਾਇ ਨਾ ਸਾ ਜਾਣਦਾ ਮਰਦਾਨਾ ਲਗਾ ਵਜਾਵਣ। ਮਰਦਾਨੇ ਇਜੇਹੀ ਤਾਰਿ ਵਜਾਈ ਜੋ ਜੰਗਲ ਦੇ ਮਿਰਗਿ ਬਿਸੁਧੁ ਹੋਇ ਕੇ ਢਹਿ ਪਏ। ਗੁਰੂ ਨਾਨਕ ਬਹੁਤ ਰੀਝਾਇਆ ਅਤੇ ਮਰਦਾਨਾ ਆਪਣੇ ਜੀ ਵਿਚਿ ਬਹੁਤ ਰਾਜੀ ਹੋਆ, ਜਾਣੇ ਜੋ ਮੈਂ ਤਾਂ ਵਜਾਇ ਨਾਹਾ ਜਾਣਦਾ ਅਤੇ ਉਹੁ ਢਾਢੀ ਹੈਰਾਨੁ ਹੋਇ ਗਇਆ ਮੈਂ ਵਡੇ ਵਡੇ ਡਿਠੇ ਆਹਾ ਪਰ ਇਹ ਗੁਣ ਕਿਸੇ ਵਿਚ ਨਹੀਂ ਡਿਠਾ। ਫਿਰ ਗੁਰੂ ਨਾਨਕ ਆਖਿਆ ਮਰਦਾਨਾ ਕੋਈ ਰਬਾਬ ਲੈ। ਤਾਂ ਮਰਦਾਨੇ ਆਖਿਆ, ਜੀ ਤੰਬੂਰਾ ਲਈਏ ਤਾਂ ਗੁਰੂ ਨਾਨਕ ਆਖਿਆ, ਮਰਦਾਨਾ ਰਬਾਬ ਗੁਰਮੁਖੀ ਢਢਿ ਅਤੈ ਹੋਰੁ ਜੁ ਵਾਜਾ ਹੈ ਸੋ ਸਭੋ ਵਿਕਾਰ ਹੈ। ਸੋ ਮਰਦਾਨੇ ਫਿਰਿ ਆਖਿਆ ਜੀ ਰਬਾਬ ਮਿਲੈ। ਤਾਂ ਫਿਰਿ ਗੁਰੂ ਨਾਨਕ ਆਖਿਆ ਮਰਦਾਨਾ ਸੁਆਲ ਕਰਨਾ ਭਲਾ ਨਾਹੀ। ਪਰ ਜਰੂਰਤ ਕਰਾਂਵਦੀ ਹੈ। ਜਾਇ ਕਰਿ ਬੇਬੇ ਜੀ ਪਾਸਿ ਆਖੁ ਜੋ ਬੇਬੇ ਜੀ ਨਾਨਕ ਕਹਿਆ ਤਉ ਉਤੇ ਸੁਆਲ ਕੀਤਾ ਹੈ ਜੇ ਮੰਨੇ ਤਾਂ ਆਖਾ ਅਤੇ ਨਾ ਮੰਨੇ ਤਾਂ ਨਾਹੀ ਆਖਿਦਾ। ਜੇ ਮੰਨਿਓ ਸੁ ਤਾ ਆਖੇ ਜੋ ਹਿਕੁ ਅਸਾਨੂ ਰਬਾਬ ਲੈ ਦੇ।  ਤਾਂ ਢਾਢੀ ਕਹਿਆ ਜੀ ਏਹੁ ਰਬਾਬ ਹਾਜਰ ਹੈ। ਫਿਰਿ ਗੁਰੂ ਨਾਨਕ ਕਹਿਆ ਭਾਈ ਢਾਢੀ ਅਸਾਨੂ ਪਹੁਚਿਆ ਤੈ ਦਿਤਾ। ਪਰੁ ਏਹੁ ਅਸਾਡੇ ਕੰਮ ਦਾ ਨਾਹੀ। ਮਰਦਾਨਾ ਜਾਇ ਨਾਨਕੀ ਪਾਸ ਖੜਾ ਹੋਇਆ। ਮਰਦਾਨੇ ਆਖਿਆ ਜੀ ਹਿਕ ਰਬਾਬ ਜਿਤਨੇ ਤੋ ਮਿਲੇ ਤਿਤਨੇ ਤੋ ਲੈ ਦੇਉ। ਨਾਨਕੀ ਆਖਿਆ ਹਿਕੁ ਕਿਆ ਸਉ। ਨਾਨਕੀ ਆਖਿਆ, ਭਾਈ ਮਰਦਾਨਾ, ਜੇਹਾ ਤੇਰੀ ਖੁਸੀ ਆਵੈ ਤੇਹੋ ਲਐ। ਮੁਲ ਦਾ ਸਰਫਾ ਨ ਕਰ।*[7]

ਕਈ ਦਿਨ ਮਰਦਾਨਾ ਰਬਾਬ ਲਭਦਾ ਰਿਹਾ ਪਰ ਕਿਤੋਂ ਉਸ ਨੂੰ ਰਬਾਬ ਨਹੀਂ ਮਿਲੀ। ਫਿਰ ਗੁਰੂ ਨਾਨਕ ਦੇਵ ਜੀ ਦੇ ਕਹਿਣ ਤੇ ਉਹ ਫਿਰੰਦੇ ਰਬਾਬੀ ਦੇ ਪਿੰਡ ਪੁੱਜਦਾ ਹੈ। ਫਿਰੰਦੇ ਨਾਲ ਮੇਲ ਵਾਲੀ ਘਟਨਾ ਵੀ ਅਲੌਕਿਕ ਹੈ।

*...ਤਾਂ ਤੀਜੇ ਦਿਨ ਫਿਰੰਦਾ ਰਬਾਬੀ ਮਰਦਾਨੇ ਨੂੰ ਆਇ ਮਿਲਿਆ। ਆ ਕਰਿ ਲਗਾ ਪੁਛਣ, ਕਉਣ ਭਾਈ, ਤੂੰ ਕਿਸਨੋ ਟੋਲਦਾ ਹੈਂ। ਮਰਦਾਨੇ ਆਖਿਆ, ਜੀ, ਇਥੇ ਹਿਕੁ ਰਬਾਬੀ ਹੈ ਅਤੇ ਨਾਲੇ ਫੇਰੂ ਆਖਦੇ ਹੈਨਿ। ਫਿਰੰਦੇ ਆਖਿਆ, ਤੇਰਾ ਨਾਉ ਕਿਆ ਹ ? ਤੂੰ ਹੁੰਦਾ ਕਉਣ ਹੈ ? ਤੂ ਭੇਜਿਆ ਕਿਸੁ ਹੈਂ ? ਅਤੇ ਤੇਰਾ ਵਤਨ ਕਉਣ ਹੈ ? ਤਾਂ ਮਰਦਾਨੇ ਕਹਿਆ, ਮੇਰਾ ਵਤਨ ਰਾਇ ਭੋਈ ਦੀ ਤਲਵੰਡੀ ਹੈ, ਨਾਉ ਮਰਦਾਨਾ ਹੈ। ਭੇਜਿਆ ਨਾਨਕ ਵੇਦੀ ਫਕੀਰ ਹੁਕਮੁ ਰਬਾਬੁ ਲੈਣ ਵਾਸਤੇ। ਫਿਰੰਦੇ ਆਖਿਆ, ਫਿਰੰਦਾ ਫੇਰੂ ਹੋਵੇਗਾ। ਅਤੇ ਤੁਹਾਨੂੰ ਨਾਨਕ ਵੇਦੀ ਮਹੀ ਥੇ ਘਲਿਆ ਹੈ। ਅਤੇ ਰਬਾਬੁ ਭੀ ਮੈਥੇ ਹੈ। ਅਤੇ ਨਾਨਕ ਵੇਦੀ ਮੇਰਾ ਚਿਰੋਕਣਾ ਅਸਨਾਉ ਹੈ। ਮਰਦਾਨੇ ਆਖਿਆ ਜੀ ਰਬਾਬੁ ਮੈਨੂੰ ਦੇਵੋ। ਫਿਰੰਦੇ ਆਖਿਆ ਸੁਣਿ ਮਰਦਾਨਾ ਲੈ ਰਬਾਬੁ। ਫਿਰੰਦਾ ਨ ਜਾਣੀਏ ਰਬਾਬੁ ਕਿਥੋਂ ਲੈ ਆਇਆ। ਜਾ ਮਰਦਾਨਾ ਦੇਖੇ ਤਾਂ ਕਿਆ ਦੇਖੇ, ਰਬਾਬੁ ਕੁਦਰਤੀ ਹੈ, ਮਰਦਾਨੇ ਆਖਿਆ ਜੀ ਮੁਲ ਕਹੁ। ਫਿਰੰਦੇ ਆਖਿਆ ਮਰਦਾਨੇ ਤੇਰੇ ਪਾਸਿ ਇਸ ਰਬਾਬ ਦਾ ਮੁਲ ਨਾਹੀ, ਇਸ ਦਾ ਮੁਲ ਅਸਾ ਲੈਣਾ ਭੀ ਨਾਹੀ। ਮਰਦਾਨੇ ਨੂੰ ਹੈਰਾਨਗੀ ਲਗੀ ਭਾਈ ਏਹੁ ਕਉਣੁ। ਮਰਦਾਨਾ ਰਹਿ ਨ ਸਕਿਆ, ਆਖਿਓਸੁ ਜੀ ਏਸ ਦਾ ਮੁਲ ਤੁਸਾਂ ਕਿਉ ਨਾਹੀ ਲੈਣਾ। ਫਿਰੰਦੇ ਆਖਿਆ ਏਹੁ ਰਬਾਬੁ ਅਸਾਨੂ ਕੁਦਰਤਿ ਨਾਲ ਹਥਿ ਆਇਆ ਹੈ। ਅਵਾਜ ਏਸ ਦੀ ਏਹੀ ਨਿਕਲੀ ਜੋ ਫਿਰੰਦਾ ਏਹੁ ਰਬਾਬੁ ਹੋਰਸੁ ਅਗੇ ਵਜਾਵਣਾ ਨਾਹੀ। ਹਿਕੁ ਨਾਨਕ ਵੇਦੀ ਖਤਰੀ ਹੋਸੀ ਏਹੁ ਰਬਾਬੁ ਉਸ ਦੇ ਅਗੇ ਵਜਾਵਣੀ ਤੂ ਉਸ ਅਗੇ ਵਜਾਵੇ। ਮਰਦਾਨੇ ਏਸ ਦਾ ਮੁਲ ਅਸਲ ਅਸਾਂ ਲੈਣਾ ਨਾਹੀ। ਪਰੁ ਭਾਈ ਚਲੁ ਦੇਖ ਉਹੁ ਨਾਨਕ ਹੈ ਕੇ ਕੋਈ ਹੋਰ ਹੈ। ਤਾਂ ਮਰਦਾਨੇ ਕਹਿਆ ਜੀ ਚਲੋ। ਪਰ ਜੇ ਹੁਕਮ ਹੋਵੇ ਤਾਂ ਮੈਂ ਹਿਕ ਵਾਰੀ ਵਜਾਇ ਦੇਖਾ। ਤਾਂ ਫਿਰੰਦੇ ਕਹਿਆ ਭਾਈ ਹੋਰਥੁ ਅਗੈ ਹੁਕਮੁ ਨਾਹੀ। ਮਰਦਾਨੇ ਕਹਿਆ ਜੀ ਮੈਨੂੰ ਉਸੇ ਨਾਨਕ ਭੇਜਿਆ ਹੈ ਤਾਂ ਫਿਰੰਦੇ ਕਹਿਆ ਭਾਈ, ਤੂੰ ਜਾਣੁ। ਨਾਨਕ ਉਸੇ ਭੇਜਿਆ ਹੈ ਵਜਾਇ। ਮਰਦਾਨੇ ਰਬਾਬੁ ਹਥਿ ਲੈ ਕਰਿ ਥਾਟ ਬਣਾਇ ਕੇ ਜਾਂ ਤਾਰ ਵਜਾਈ ਤਾਂ ਅਵਾਜ ਵਿਚੋਂ ਨਿਰੰਕਾਰ ਨਿਰੰਕਾਰ ਹੀ ਆਵੇ। ਅਤੇ ਪਿਛੋ ਦੀ ਨਾਨਕ ਦੀ ਅਧੀਨਗੀ ਨਿਕਲੇ ਅਤੇ ਹੋਰ ਕਾਈ ਅਵਾਜ ਨਾ ਨਿਕਲੇ। ਤਾਂ ਮਰਦਾਨੇ ਹੈਰਾਨ ਹੋਇ ਕਰਿ ਆਖਿਓਸੁ ਫਿਰੰਦਾ ਭਾਈ ਝਬਿ ਚਲੁ। ਫਿਰੰਦਾ ਤੇ ਮਰਦਾਨਾ ਦੋਵੇਂ ਨਾਵੈ ਦਿਨ ਆਇ ਗੁਰੂ ਨਾਨਕ ਪਾਸਿ ਹੋਏ, ਰਬਾਬੁ ਆਗੈ ਰਖਿਆ ਅਤੇ ਦੁਹਾਂ ਮਥਾ ਟੇਕਿਆ।*[8]

*....ਗੁਰੂ ਨਾਨਕ ਏਹੁ ਹੁਕਮ ਕੀਤਾ ਮਰਦਾਨੇ ਲੈ ਰਬਾਬੁ ਹਥਿ। ਮਰਦਾਨੇ ਰਬਾਬ ਹਥਿ ਲੀਤਾ, ਲਗਾ ਥਾਟ ਬਜਾਵਣ ਤਾ ਗੁਰੂ ਨਾਨਕ ਹੁਕਮੁ ਕੀਤਾ ਮਰਦਾਨਾ ਝਬ ਹੋਹੁ। ਮਰਦਾਨੇ ਕਹਿਆ ਜੀ ਥਾਟ ਬਣਾਇ ਦੇਵਾਂ ਨਾ। ਤਾਂ ਫਿਰ ਗੁਰੂ ਨਾਨਕ ਹੁਕਮ ਕੀਤਾ*

*ਮਰਦਾਨਾ ਥਾਟ ਆਪੇ ਹੀ ਬਣ ਜਾਇਗਾ ਝਬੁ ਹੋਹੁ। ਮਰਦਾਨੇ ਹੁਕਮੁ ਮੰਨਿਆ ਆਪੇ ਹੀ ਥਾਟ ਬਣਿ ਗਇਆ। ਲਗਾ ਮਰਦਾਨਾ ਤਾਰ ਵਜਾਵਣ। ਤਾਰ ਵਿਚੋਂ ਏਹ ਅਵਾਜ ਨਿਕਲੇ ਤੂੰ ਹੀ ਨਿਰੰਕਾਰ ਤੂੰ ਹੀ ਨਿਰੰਕਾਰ ਨਾਨਕ ਬੰਦਾ ਤੇਰਾ। ਗੁਰੂ ਨਾਨਕ ਦੀ ਸਮਾਧ ਲਗ ਗਈ। ...ਦੁਇ ਰਾਤੀ ਤੇ ਦੁਇ ਦਿਨ ਸਮਾਧਿ ਲਗੀ ਰਹੀ। ਮਰਦਾਨੇ ਰਬਾਬ ਵਜਾਇਥੇ ਛਡਿ ਦਿਤਾ। ਤੀਸਰਾ ਦਿਨ ਹੂਆ ਤਾਂ ਨਾਨਕ ਗੁਰੂ ਪਲਕਾ ਲਾਹੀਆਂ।*[9]

ਜਦੋਂ ਗੁਰੂ ਨਾਨਕ ਦੇਵ ਜੀ ਨੂੰ ਬਾਣੀ ਉਚਾਰਨ ਦੀ ਪ੍ਰੇਰਨਾ ਹੁੰਦੀ ਤਾਂ ਉਹ ਇਹ ਹੀ ਕਹਿੰਦੇ:

*"ਮਰਦਾਨਿਆ ਰਬਾਬ ਵਜਾਇ।।*
*ਕਾਈ ਸਿਫਤ ਖੁਦਾਇ ਦੇ ਦੀਦਾਰ ਦੀ ਕਰੀਏ॥"*[10]

ਭਾਈ ਮਰਦਾਨਾ ਰਬਾਬ ਦੀਆਂ ਸੁਰਾਂ ਛੇੜ ਕੇ ਵਿਸਮਾਦੀ ਮਾਹੌਲ ਪੈਦਾ ਕਰ ਦਿੰਦਾ। ਗੁਰ ਨਾਨਕ ਦੇਵ ਜੀ ਬਾਣੀ ਉਚਾਰਦੇ। ਰਬਾਬ ਨਾਲ ਉਚਾਰੀ ਇਸ ਬਾਣੀ ਦਾ ਸਰੋਤਿਆਂ ਉਤੇ ਵੀ ਅਲੌਕਿਕ ਪ੍ਰਭਾਵ ਪੈਂਦਾ ਸੀ। ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਥਮ ਸਰੋਤਾ ਤੇ ਪ੍ਰਥਮ ਰਬਾਬ ਵਾਦਕ ਹੈ।

ਭਾਈ ਮਰਦਾਨਾ ਤੋਂ ਬਾਅਦ ਵੀ ਰਬਾਬ ਦਾ ਵਾਦਨ ਗੁਰ ਦਰਬਾਰ ਵਿੱਚ ਹੁੰਦਾ ਰਿਹਾ ਤਾਂ ਹੀ ਤਾਂ ਭਾਈ ਗੁਰਦਾਸ ਜੀ ਲਿਖਿਆ ਹੈ:-

ਗੁਰਬਾਣੀ ਲਿਖ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੇ।।[11]

ਭਾਈ ਮਰਦਾਨਾ ਦੇ ਦੇਹਾਂਤ ਤੋਂ ਬਾਅਦ ਉਹਨਾਂ ਦਾ ਪੁੱਤਰ ਭਾਈ ਸ਼ਹਜਾਦ ਗੁਰ ਦਰਬਾਰ ਵਿੱਚ ਕੀਰਤਨ ਕਰਦਾ ਸੀ।[12] ਕੀਰਤਨ ਦੀ ਸੰਸਥਾ ਨੂੰ ਸਦਾ ਸਦਾ ਲਈ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਪ੍ਰਬੰਧ ਕਰ ਦਿੱਤਾ ਸੀ। ਜਦੋਂ ਉਹਨਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਨ ਕਰਨ ਲਈ ਬਲਵੰਡ ਰਬਾਬੀ ਵੀ ਨਾਲ ਭੇਜਿਆ। ਸਰੂਪ ਦਾਸ ਭੱਲਾ ਨੇ ਮਹਿਮਾ ਪ੍ਰਕਾਸ਼ ਵਿੱਚ ਲਿਖਿਆ ਹੈ:-

*ਬਲਵੰਡ ਰਬਾਬੀ ਤੁਮ ਸੰਗ ਜਾਵੈ।।*
*ਸਮੇ ਸਮੇ ਹਰਿ ਕੀਰਤਨ ਗਾਵੈ।।*[13]

ਭਾਈ ਸੰਤੋਖ ਸਿੰਘ ਅਨੁਸਾਰ ਭਾਈ ਸੱਤਾ ਵੀ ਬਲਵੰਡ ਨਾਲ ਕੀਰਤਨ ਕਰਦਾ ਸੀ।

*ਹੁਤੋ ਡੂਮ ਬਲਵੰਡ ਮਹਾਨਾ।।*
*ਸਤਾ ਤਿਸਕੋ ਅਨੁਜ ਸੁਜਾਨਾ।।*[14]

ਇਤਿਹਾਸ ਵਿੱਚ ਅਜਿਹਾ ਵੀ ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬ ਨੇ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਗੁਰਬਾਣੀ ਦੀਆਂ ਪੋਥੀਆਂ ਸੌਂਪਣ ਦੇ ਨਾਲ ਨਾਲ ਬਲਵੰਡ ਰਬਾਬੀ ਵੀ ਵੀ ਬਾਣੀ ਦਾ ਗਾਇਨ ਕਰਨ ਲਈ ਦਿੱਤਾ ਅਤੇ ਇਸ ਦੀ ਸੰਭਾਲ ਲਈ ਵਿਸ਼ੇਸ਼ ਆਦੇਸ਼ ਵੀ ਦਿੱਤਾ ਕਿ ਇਸ ਦੀ ਸੰਭਾਲ ਇਸ ਤਰ੍ਹਾਂ ਕਰਨੀ ਹੈ

ਜਿਵੇਂ ਬੱਤੀ ਦੰਦਾਂ ਵਿੱਚ ਜੀਭ ਰੱਖੀਦੀ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰ ਦਰਬਾਰ ਵਿੱਚ ਕੀਰਤਨ ਦੀ ਮਰਯਾਦਾ ਨੂੰ ਕਾਇਮ ਰੱਖਿਆ ਤੇ ਇਸ ਸਮੇਂ ਰਬਾਬੀ ਕੀਰਤਨੀਏ ਕੀਰਤਨ ਕਰਦੇ ਸਨ ।

ਭਾਈ ਸੰਤੋਖ ਸਿੰਘ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਬਾਰੇ ਲਿਖਦੇ ਹਨ:

ਭਈ ਜਗਤ ਮੇ ਬਿਦਤ ਸੁ ਬਾਤੀ ॥ ਆਇ ਅਨੇਕ ਖਰੇ ਹੁਇ ਪ੍ਰਾਤੀ ॥
ਸੰਕਟ ਨਸੂਹਿ ਮਦਨ ਸਿਧਾਰਹਿ ॥
ਜਹਿ ਕਹਿ ਸ੍ਰੀ ਗੁਰ ਸੁਜਸ ਬਿਥਾਰਹਿ ॥
ਬਹੁਰ ਰਬਾਬੀ ਕਿਰਤਨ ਗਾਵੈਂ ॥ ਸੁਨਹਿ ਬੀਚ ਸੰਗਤਿ ਹਰਖਾਵੈਂ ॥
ਬੈਠ ਰਹੈਂ ਸਿਘਾਸਨ ਫੇਰ ॥ ਸਿਖ ਸੰਗਤਿ ਸਭ ਦਰਸਨੁ ਹੇਰਿ ॥

......

ਸਭਾ ਬਿਖੈ ਸੁਭ ਆਸਨ ਬੈਸੇਂ ॥ ਮੁਨਿ ਗਨਿ ਸਹਿਤ ਸੰਭੁ ਹੁਇ ਜੈਸੇ ॥
ਚਹੁ ਦਿਸ ਪਰਵਾਰਤਿ ਸਿਖ ਆਇ ॥ ਰੁਚਿਰ ਰਬਾਬੀ ਰਾਗਨਿ ਗਾਇ ॥[15]

ਭਾਈ ਬਾਦ, ਭਾਈ ਸੱਤਾ, ਭਾਈ ਬਲਵੰਡ ਕੀਰਤਨ ਦੀ ਹਾਜ਼ਰੀ ਭਰਦੇ ਰਹੇ। ਇਸੇ ਤਰ੍ਹਾਂ ਗੁਰੂ ਅਮਰ ਦਾਸ ਜੀ ਦੇ ਗੁਰਿਆਈ ਕਾਲ ਵਿੱਚ ਗੋਇੰਦਵਾਲ ਵਿਖੇ ਵੀ ਰਬਾਬੀਆਂ ਦੇ ਕੀਰਤਨ ਕਰਨ ਦਾ ਜਿਕਰ ਭਾਈ ਸੰਤੋਖ ਸਿੰਘ ਜੀ ਨੇ ਕੀਤਾ ਹੈ।

ਪ੍ਰਾਤਿ ਹੋਤਿ ਲਗ ਇਸੀ ਬਿਧੀ ਇਸਥਿਰਤਾ ਪਾਵੈ ॥
ਬਹੁਰ ਰਬਾਬੀ ਆਇ ਕਰਿ ਗੁਰ ਸਬਦ ਸੁ ਗਾਵੈ ॥
ਅਨਿਕ ਰੀਤਿ ਕੇ ਰਾਗ ਕੋ ਸੁਨਿ ਅਨਦ ਬਿਲੰਦੇ ॥
ਮਨੋ ਮਧੁਰ ਘਨ ਗਰਜੇਤ ਜਯੋਂ ਮੇਰ ਸੁਹੰਦੇ ॥

... ... ... ... ...

ਆਵੇ ਚੌਥੇ ਜਾਮ ਦਨ ਇਤਿਹਾਸੁ ਪ੍ਰਕਾਸੇ ॥
ਸੁਨੈ ਸਤਿਗੁਰ ਬੈਠਿ ਕਰਿ ਸੰਗਤਿ ਹਿਕ ਪਾਸੈ ॥
ਬਹੁਤ ਰਬਾਬੀ ਆਇ ਕਰਿ ਗੁਰ ਸਬਦ ਸੁਨਾਵੈ ॥
ਰਾਗ ਰਾਗਨੀ ਧੁਨਿ ਸਤਹ ਸੁੰਦਰ ਬਿਧਿ ਗਾਵੈ ॥
ਕਥਾ ਕੀਰਤਨਿ ਕਰਤਿ ਹੀ ਨਿਸੁ ਜਾਮ ਬਿਤਾਵੈ ॥
ਸਿਮਰਨ ਹੁਇ ਸਤਿਨਾਮ ਕੋ ਇਕਹ ਚਿਤਲਿਵ ਲਾਵੈ ॥[16]

ਗੁਰੂ ਰਾਮ ਦਾਸ ਜੀ ਦੇ ਸਮੇਂ ਵੀ ਰਬਾਬੀਆਂ ਦੇ ਕੀਰਤਨ ਕਰਨ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ।

ਗੁਰੂ ਰਾਮਦਾਸ ਜੀ ਵੇਲੇ ਗੁਰੂ ਘਰ ਵਿਚ ਰਾਗਮਈ ਕੀਰਤਨ ਪਰੰਪਰਾ ਦਾ ਪ੍ਰਚਲਨ ਸੀ। ਸਵੇਰੇ ਅੰਮ੍ਰਿਤ ਵੇਲੇ ਹੀ ਦੀਵਾਨ ਸ਼ੁਰੂ ਹੋ ਜਾਂਦੇ ਸਨ। ਇਸ ਪ੍ਰਥਾਇ ਭਾਈ ਸੰਤੋਖ ਸਿਘ ਲਿਖਦੇ ਹਨ:

ਗਾਵਹਿ ਸਬਦ ਰਬਾਬੀ ਰਾਗਿ ॥ ਜਿਨ ਕੇ ਬਿਖੈ ਪਰਮ ਬੈਰਾਗ ॥
ਸਭਾ ਲਗਹਿ ਜਬ ਹੋਵਤਿ ਭੋਰ ॥ ਆਵਹਿ ਸਿਖ ਕਰਹਿ ਬਹੁ ਜੋਰ ॥
ਬਿਚ ਰਾਗਨ ਕੇ ਸ਼ਬਦ ਬਨਾਵਹਿ ॥
ਮਧੁਰ ਮਧੁਰ ਮੁਖ ਤੇ ਧੁਨ ਗਾਵਹਿਂ ॥[17]

ਰਬਾਬੀ ਕੀਰਤਨੀਏ ਬੜੇ ਪ੍ਰੇਮ ਅਤੇ ਵੈਰਾਗ ਵਿਚ ਆ ਕੇ ਰਾਗਬਧ ਕੀਰਤਨ ਕਰਦੇ ਸਨ। ਜਦੋਂ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦਿੱਤੀ ਤਾਂ ਉਹਨਾਂ ਨੇ ਵੀ ਕੀਰਤਨ ਦੀ ਮਰਯਾਦਾ ਨੂੰ ਕਾਇਮ ਰੱਖਣ ਲਈ ਕਈ ਉਪਰਾਲੇ ਕੀਤੇ। ਭਾਈ ਸੰਤੋਖ ਸਿੰਘ ਇਸ ਬਾਰੇ ਲਿਖਦੇ ਹਨ।

ਜਾ ਦਿਨ ਤੈ ਗੁਰ ਪੰਚਮ ਜੁ ਗੁਰਯਾਈ ਕੋ ਪਾਇਆ ਗੁਰੂ ਕਹਿਲਾਏ ॥
ਤਾ ਦਿਨ ਤੈ ਸੁਨ ਕੈ ਬਹੁ ਸੰਗਤ ਦੇਸ ਬਦੇਸਨ ਤੈ ਇਤ ਆਏ ॥
ਆਪ ਦਿਵਾਨ ਲਗਾਇ ਥਿਰੈਂ ਗੁਰੁ ਚਾਰੁ ਚਹੁੰ ਇਸ ਸਿਖੇ ਬਿਰਾਜੈ ॥
ਹੇਮ ਸਿੰਘਾਸਨ ਹੀਰਨ ਸੌ ਖਹਿਯੋ ਪਿਖ ਬੂਰ ਸਸੀ ਜਿੰਹ ਲਾਜੈਂ ॥
ਰਾਗ ਅਲਾਪਤ ਖਾਪਤ ਸੋਂ ਕਹਿ ਸਾਜਿ ਮਿਲਾਇ ਮਿਲਾਇ ਰਬਾਬੀ ॥
ਗੁਰੁ ਚਾਰਨ ਕੀ ਬਰ ਬਾਨਿ ਉਚਾਰਤ
ਜੋ ਸੁਨ ਤਯਾਗਤ ਚਿਤ ਖਰਾਬੀ ॥ [18]

ਆਦਿ ਗ੍ਰੰਥ ਦੇ ਪ੍ਰਕਾਸ਼ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਦੀ ਮਰਯਾਦਾ ਦਾ ਆਰੰਭ ਹੋਇਆ। ਸ੍ਰੀ ਹਰਿਮੰਦਰ ਸਾਹਿਬ ਅੰਦਰ ਸਭ ਤੋਂ ਪਹਿਲਾਂ ਗੁਰੂ ਜਸ ਗਾਇਨ ਕਰਨ ਦਾ ਸੁਭਾਗ ਗੁਰੂ ਘਰ ਦੀ ਸੇਵਾ ਵਿਚ ਲੀਨ ਉਸ ਸਮੇਂ ਦੇ ਪ੍ਰਸਿੱਧ ਰਬਾਬੀ ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਪ੍ਰਾਪਤ ਹੋਇਆ।

ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿੱਚ ਭਾਈ ਨੱਥਾ ਅਤੇ ਭਾਈ ਅਬਦੁਲਾ ਢੱਡ ਦੇ ਨਾਲ ਰਬਾਬ ਵੀ ਵਜਾਂਦੇ ਸਨ।

ਨੱਥ ਢੱਡ ਬਜਾਇਆ ਅਬਦੁੱਲਾ ਹੱਥ ਰਬਾਬ ॥[19]

ਭਾਈ ਸੰਤੋਖ ਸਿੰਘ ਅਨੁਸਾਰਃ-

ਕਰਹਿ ਰਬਾਬੀ ਕੀਰਤਨ ਆਕੋ ॥
ਕਬਿ ਸਿਖ ਗਾਇ ਜਿ ਰਾਗੀ ਬਨੈ ॥[20]

ਗੁਰੂ ਹਰਿ ਰਾਇ ਜੀ ਦੇ ਸਮੇਂ ਰਬਾਬੀਆਂ ਦੇ ਕੀਰਤਨ ਕਰਨ ਭਾਰੇ ਗਿਆਨੀ ਗਿਆਨ ਸਿੰਘ ਜੀ[21] ਲਿਖਦੇ ਹਨ, ਜਿਥੇ ਗੁਰੂ ਜੀ ਜਾਣ ਦੋ ਵੇਲੇ ਦੀਵਾਨ ਲੱਗੇ, ਭਾਈ ਜਸ, ਦਰਿਆ, ਚਤਰਾ, ਨੱਥੂ ਆਦਿਕ ਰਬਾਬੀ ਇੱਕ ਵੇਲੇ ਚੌਂਕੀ ਕਰਨ ਦੂਜੇ ਵੇਲੇ ਭਾਈ ਸੇਵਾ, ਰੱਤਾ, ਪੰਜਾਬ ਆਦਿਕ ਕੀਰਤਨ ਕਰਨ।

ਰਬਾਬੀਆਂ ਵਿੱਚੋਂ ਇਹ ਮਾਣ ਭਾਈ ਮਰਦਾਨਾ ਜੀ ਅਤੇ ਭਾਈ ਸੱਤਾ ਅਤੇ ਬਲਵੰਡ ਨੂੰ ਹੀ ਹਾਸਲ ਹੋਇਆ ਜਿਹਨਾਂ ਦੇ ਨਾਮ ਨਾਲ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਦਰਜ ਹੋਈ ਹੈ।

ਗੁਰ ਸਾਹਿਬਾਨ ਤੋਂ ਬਾਅਦ ਵੀ ਗੁਰ ਅਸਥਾਨਾਂ ਤੇ ਕੀਰਤਨ ਹੁੰਦਾ ਸੀ ਉੱਥੇ ਰਬਾਬੀ ਕੀਰਤਨੀਏ ਕੀਰਤਨ ਕਰਦੇ ਸਨ। ਕਈ ਵਾਰ ਇਹਨਾਂ ਰਬਾਬੀਆਂ ਨੂੰ ਖਡੂਰੀਏ ਰਬਾਬੀ, ਪੰਜਾ ਸਾਹਿਬ ਦੇ ਰਬਾਬੀ ਜਾਂ ਨਨਕਾਣਾ ਸਾਹਿਬ ਦੇ ਰਬਾਬੀ ਕਰਕੇ ਵੀ ਬੁਲਾਇਆ ਜਾਂਦਾ ਸੀ। ਪੀੜ੍ਹੀ ਦਰ ਪੀੜ੍ਹੀ ਗਾਇਨ ਵਾਦਨ ਦਾ ਕੰਮ ਕਰਨ ਕਰਕੇ ਇਹ ਸੰਗੀਤ ਵਿੱਚ ਬਹੁਤ ਮਾਹਿਰ ਸਨ। ਗੁਰੂ ਘਰ ਦੇ ਬਹੁਤ ਸ਼ਰਧਾਲੂ ਸਨ। ਇਹਨਾਂ ਵਿੱਚੋਂ ਕਈ ਸੂਰਬੀਰ ਵੀ ਸਨ। ਬਾਬਕ ਰਬਾਬੀ ਬਾਰੇ ਭਾਈ ਕਾਹਨ ਸਿੰਘ[22] ਲਿਖਦੇ ਹਨ। ਬਾਬਕ ਗੁਰੂ ਹਰਿ ਗੋਬਿੰਦ ਸਾਹਿਬ ਦਾ ਰਬਾਬੀ ਜੋ ਮਹਾਨ ਯੋਧਾ ਸੀ ਇਸਨੇ ਅੰਮ੍ਰਿਤਸਰ ਦੇ ਜੰਗ ਵਿੱਚ ਵੱਡੀ ਵੀਰਤਾ ਦਿਖਾਈ ਸੀ। ਗੁਰੂ ਗੋਬਿੰਦ ਸਿੰਘ ਜੀ ਦਰਬਾਰ ਵਿੱਚ ਕੀਰਤਨ ਕਰਨ ਵਾਲੇ ਰਬਾਬੀ ਭਾਈ ਸੱਦੂ ਅਤੇ ਮੱਦੂ ਆਸਾ ਦੀ ਵਾਰ ਗਾਇਨ ਕਰਨ ਵਿੱਚ ਮਾਹਿਰ ਸਨ। ਇਸੇ ਕਰਕੇ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ:–

ਸੱਦੂ ਮੱਦੂ ਆਸਾ ਵਾਰ ॥
ਕੀਰਤਨ ਕਰਤੇ ਰਾਗ ਸੁਧਾਰ ॥[23]

ਦਰਬਾਰ ਸਾਹਿਬ ਵਿੱਚ ਕੀਰਤਨ ਦੀਆਂ ਚੌਕੀਆਂ ਦੀ ਵੰਡ ਕੀਤੀ ਹੋਈ ਸੀ। ਕੁਝ ਰਾਗੀਆਂ ਦੀਆਂ ਚੌਕੀਆਂ ਕਹੀਆਂ ਜਾਂਦੀਆਂ ਸਨ ਅਤੇ ਕੁਝ ਰਬਾਬੀਆਂ ਦੀਆਂ ਚੌਕੀਆਂ ਕਹੀਆਂ ਜਾਂਦੀਆਂ ਸਨ।

ਦਸਤੂਰ 'ਉਲ' ਅਮਲ ਸ੍ਰੀ ਦਰਬਾਰ ਸਾਹਿਬ ਅਨੁਸਾਰ ਦਰਬਾਰ ਸਾਹਿਬ ਦੀਆਂ ਪੰਦਰਾਂ ਚੌਕੀਆਂ ਵਿੱਚੋਂ ਸੱਤ ਚੌਕੀਆਂ ਰਬਾਬੀਆਂ ਦੀਆਂ ਸਨ ਇਹਨਾਂ ਰਬਾਬੀਆਂ ਦੇ ਨਾਮ ਹਨ:–

ਭਾਈ ਬੋਹਨਾ, ਭਾਈ ਦਾਹਨਾ, ਭਾਈ ਲਾਲ, ਭਾਈ ਸਰਦਾਰੀ, ਭਾਈ ਅਤਰਾ, ਭਾਈ ਦਿੱਤੂ, ਭਾਈ ਅਮੀਰਾ, ਭਾਈ ਹੀਰਾ ਸਿੰਘ ਸ਼ਿਕਾਰ ਪੁਰੀਆ[24]

ਪ੍ਰੋ. ਪਿਆਰਾ ਸਿੰਘ ਪਦਮ ਜੀ[25] ਨੇ ਸੰਨ 1900 ਵਿੱਚ ਛਪੀ ਖਾਲਸਾ ਡਾਇਰੈਕਟਰੀ ਦੇ ਹਵਾਲੇ ਨਾਲ ਪ੍ਰਸਿੱਧ 31 ਰਬਾਬੀਆਂ ਦੇ ਨਾਮ ਲਿਖੇ ਹਨ ਜੋ ਇਸ ਪ੍ਰਕਾਰ ਹਨ:–

1. ਭਾਈ ਰੱਖਾ
2. ਭਾਈ ਮੈਹਰਾ ਤੇ ਖੈਰਾ
3. ਭਾਈ ਖੈਰਾ ਤੇ ਲਾਡਾ
4. ਭਾਈ ਅਤਰਾ
5. ਭਾਈ ਜੰਮੂ
6. ਭਾਈ ਮੇਹਰੂ
7. ਭਾਈ ਨਥੂ
8. ਭਾਈ ਖੈਰ
9. ਭਾਈ ਈਦੂ

10. ਭਾਈ ਨਥੂ
11. ਭਾਈ ਮੌਲੂ
12. ਭਾਈ ਵਾਸੂ
13. ਭਾਈ ਮੁਲਤਾਨੀ
14. ਭਾਈ ਚੰਦੂ
15. ਭਾਈ ਸੁੰਦਰ
16. ਭਾਈ ਰੂੜਾ
17. ਭਾਈ ਮੌਲਾ
18. ਭਾਈ ਫਤੂ
19. ਠਾਕੁਰ ਬੋਧ ਨੰਦ
20. ਭਾਈ ਹੀਰਾ
21. ਭਾਈ ਜੈਮਲ
22. ਭਾਈ ਮਹਿਮੂਦ
23. ਭਾਈ ਮੰਦੂ
24. ਭਾਈ ਫਤੈ ਸਿੰਘ
25. ਭਾਈ ਲੋੜੀਦਾ
26. ਭਾਈ ਕਾਲੂ
27. ਭਾਈ ਹੁਸੈਨਾ ਮੌਲੂ
28. ਭਾਈ ਨੱਥੂ
29. ਭਾਈ ਕਰਮਾ
30. ਭਾਈ ਨਥੂ
31. ਭਾਈ ਸਾਂਈ ਦਿੱਤਾ

ਬਾਅਦ ਵਿੱਚ ਇਨ੍ਹਾਂ ਰਬਾਬੀਆਂ ਵਿੱਚੋਂ ਅਨੇਕਾਂ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ ਤੇ ਕੀਰਤਨ ਕਰਦੇ ਰਹੇ। ਹੁਣ ਵੀ ਇਨ੍ਹਾਂ ਦੀ ਅੰਸ-ਬੰਸ ਵਿੱਚੋਂ ਰਬਾਬੀ ਕੀਰਤਨ ਕਰ ਰਹੇ ਹਨ।

**ਸਹਾਇਕ ਸਮੱਗਰੀ**


1. ਭਾਈ ਮਰਦਾਨਾ ਅਤੇ ਰਬਾਬੀਆਂ ਦਾ ਪਿਛੋਕੜ ਸਮਸ਼ੇਰ ਸਿੰਘ ਅਸ਼ੋਕ ਪੁਸਤਕ ਸਿੱਧ ਗੋਸ਼ਟ ਤੇ ਹੋਰ ਲੇਖ ਸੰਪਾਦਕ ਪ੍ਰੀਤਮ ਸਿੰਘ
2. ਲੰਮੀ ਨਦਰ ਡਾ. ਬਲਬੀਰ ਸਿੰਘ
3. ਵਾਰਾਂ ਭਾਈ ਗੁਰਦਾਸ 13-11
4. ਵਾਰਾਂ ਭਾਈ ਗੁਰਦਾਸ

5. ਭਾਈ ਬਾਲੇ ਵਾਲੀ ਜਨਮ ਸਾਖੀ ਪੰਨਾ 236
6. ਜਨਮ ਸਾਖੀ ਪਰੰਪਰਾ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਪੰਨਾ 332-333
7. ਜਨਮ ਸਾਖੀ ਪਰੰਪਰਾ, ਭਾਈ ਬਾਲੇ ਵਾਲੀ ਜਨਮ ਸਾਖੀ ਪੰਨਾ 244
8. ਜਨਮ ਸਾਖੀ ਪਰੰਪਰਾ, ਭਾਈ ਬਾਲੇ ਵਾਲੀ ਜਨਮ ਸਾਖੀ ਪੰਨਾ 247
9. ਜਨਮ ਸਾਖੀ ਪਰੰਪਰਾ, ਭਾਈ ਬਾਲੇ ਵਾਲੀ ਜਨਮ ਸਾਖੀ ਪੰਨਾ 248
10. ਪੁਰਾਤਨ ਜਨਮ ਸਾਖੀ, ਪੰਨਾ 11, 12, 13 ਆਦਿ
11. ਵਾਰਾਂ ਭਾਈ ਗੁਰਦਾਸ, ਵਾਰ 6, ਪਉੜੀ 12
13. ਮਹਿਮਾ ਪ੍ਰਕਾਸ਼, ਸਰੂਪ ਦਾਸ ਭੱਲਾ, ਛੰਤ 165
14. ਗੁਰ ਪ੍ਰਤਾਪ ਸੂਰਜ, ਭਾਈ ਸੰਤੋਖ ਸਿੰਘ, ਰਾਸ 3-43
15. ਗੁਰ ਪ੍ਰਤਾਪ ਸੂਰਜ, ਭਾਈ ਸੰਤੋਖ ਸਿੰਘ,
16. ਗੁਰ ਪ੍ਰਤਾਪ ਸੂਰਜ, ਭਾਈ ਸੰਤੋਖ ਸਿੰਘ,
17. ਗੁਰ ਪ੍ਰਤਾਪ ਸੂਰਜ, ਭਾਈ ਸੰਤੋਖ ਸਿੰਘ,
18. ਗੁਰ ਪ੍ਰਤਾਪ ਸੂਰਜ, ਭਾਈ ਸੰਤੋਖ ਸਿੰਘ,
19. ਗੁਰ ਪ੍ਰਤਾਪ ਸੂਰਜ, ਭਾਈ ਸੰਤੋਖ ਸਿੰਘ,
20. ਗੁਰ ਪ੍ਰਤਾਪ ਸੂਰਜ, ਭਾਈ ਸੰਤੋਖ ਸਿੰਘ
21. ਤਵਾਰੀਖ ਗੁਰੂ ਖਾਲਸਾ ਪੰਨਾ, ਗਿਆਨੀ ਗਿਆਨ ਸਿੰਘ, ਪੰਨਾ-603
22. ਮਹਾਨ ਕੋਸ਼, ਭਾਈ ਕਾਹਨ ਸਿੰਘ ਨਾਭਾ, ਪੰਨਾ-854
23. ਗੁਰ ਪ੍ਰਤਾਪ ਸੂਰਜ, ਭਾਈ ਸੰਤੋਖ ਸਿੰਘ
24. ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਡਾ. ਗੁਰਨਾਮ ਸਿੰਘ
25. ਹਵਾਲਾ, ਅੰਮ੍ਰਿਤ ਕੀਰਤਨ (ਮਾਸਿਕ) ਸੰਪਾਦਕ ਡਾ. ਜਾਗੀਰ ਸਿੰਘ

# ਫ਼ਰੀਦ ਬਾਣੀ: ਸੰਗੀਤਕ ਪਰਿਪੇਖ

ਫ਼ਰੀਦ ਬਾਣੀ ਦੀ ਪਿੱਠ-ਭੂਮੀ ਉਤੇ ਕੇਵਲ ਸੂਫ਼ੀ ਸੰਗੀਤ ਦੀ ਪਰੰਪਰਾ ਹੀ ਮੌਜੂਦ ਨਹੀਂ ਸਗੋਂ ਇਸ ਉਤੇ ਹਿੰਦੁਸਤਾਨੀ ਸੰਗੀਤ ਦੀ ਕੇਂਦਰੀ ਪਰੰਪਰਾ ਦਾ ਪ੍ਰਭਾਵ ਵਿਸ਼ਾਲ ਪਿੱਠ-ਭੂਮੀ ਵਜੋਂ ਉਜਾਗਰ ਹੋ ਰਿਹਾ ਹੈ। ਬਾਣੀ ਦੀ ਵਿਸ਼ੇਸ਼ ਸੰਗੀਤਕ ਰਵਾਨਗੀ, ਸੰਗੀਤਕ ਕਾਇਆ, ਰਾਗ, ਗਾਇਨ ਸ਼ੈਲੀ ਆਦਿ ਅਜਿਹੇ ਮੌਲਿਕ ਤੇ ਵਿਲੱਖਣ ਤੱਤ ਹਨ ਜੋ ਸਾਨੂੰ ਫਰੀਦ ਬਾਣੀ ਦੇ ਸੰਗੀਤਕ ਪਰਿਪੇਖ ਨੂੰ ਸਮਝਣ ਤੇ ਬੁਝਣ ਲਈ ਪਰੇਰ ਰਹੇ ਹਨ।

ਫ਼ਰੀਦ ਜੀ ਮੁਸਲਮਾਨਾਂ ਦੀ ਸੂਫ਼ੀ ਪਰੰਪਰਾ ਨਾਲ ਸਬੰਧਤ ਸਨ। ਮੁਸਲਮਾਨਾਂ ਦੇ ਭਾਰਤ ਪ੍ਰਵੇਸ਼ ਸਮੇਂ ਹੀ ਸੂਫ਼ੀ ਫ਼ਕੀਰਾਂ ਦਾ ਆਗਮਨ ਹੋ ਗਿਆ ਸੀ। ਇਨ੍ਹਾਂ ਫ਼ਕੀਰਾਂ ਨੇ ਆਪਣੇ ਮੱਤ ਦੇ ਪ੍ਰਚਾਰ ਲਈ ਵੱਖ-ਵੱਖ ਥਾਵਾਂ 'ਤੇ ਕੇਂਦਰ ਬਣਾਏ ਜਿਨ੍ਹਾਂ ਨੂੰ ਦਰਗਾਹਾਂ ਕਿਹਾ ਜਾਂਦਾ ਸੀ। ਇਨ੍ਹਾਂ ਦਰਗਾਹਾਂ ਨੂੰ ਸਮੇਂ-ਸਮੇਂ ਤਤਕਾਲੀਨ ਹਾਕਮਾਂ ਵਲੋਂ ਸਹਾਇਤਾ ਵੀ ਦਿੱਤੀ ਜਾਂਦੀ ਸੀ। ਇਨ੍ਹਾਂ ਦਰਗਾਹਾਂ ਦੇ ਮੁਖੀ ਆਮ ਜਨਤਾ ਅਤੇ ਹਾਕਮਾਂ ਵਿਚ ਸੰਪਰਕ ਵੀ ਸਥਾਪਤ ਕਰਦੇ ਰਹੇ। ਇਨ੍ਹਾਂ ਦਰਗਾਹਾਂ ਰਾਹੀਂ ਇਸਲਾਮ ਦਾ ਪਰਚਾਰ ਵੀ ਹੁੰਦਾ ਸੀ।

**ਸੂਫ਼ੀ ਅਤੇ ਸੰਗੀਤ**

ਬਹੁਤੇ ਸੂਫ਼ੀ ਫ਼ਕੀਰ, ਸੂਫ਼ੀ ਰਹੱਸਵਾਦੀ ਸਾਧਨਾ ਦੇ ਅੰਤਰਗਤ ਸੰਗੀਤ ਦੇ ਵਿਸ਼ੇਸ਼ ਮਹੱਤਵ ਨੂੰ ਸਵੀਕਾਰ ਕਰਦੇ ਹਨ। ਸੂਫ਼ੀ-ਸਾਧਨਾ ਦੇ ਅੰਤਰਗਤ ਸੰਗੀਤ ਰਾਹੀਂ ਰੱਬੀ ਉਸਤਤਿ ਸੁਣਨ ਨੂੰ ਸਮਾਅ (ਕੀਰਤਨ) ਆਖਿਆ ਜਾਂਦਾ ਹੈ। 'ਸਮਾਅ' ਦੇ ਮਹੱਤਵ ਸਬੰਧੀ ਸੂਫ਼ੀ ਮੱਤ ਦੀਆਂ ਪੁਸਤਕਾਂ ਵਿਚ ਅਨੇਕ ਥਾਈਂ ਵਿਸ਼ੇਸ਼ ਹਵਾਲੇ ਮਿਲਦੇ ਹਨ.

ਡਾ. ਸਾਧੂ ਰਾਮ ਸ਼ਾਰਦਾ ਪੁਸਤਕ 'ਅਵਾਰਿਫ਼-ਉਲ' ਦੇ ਹਵਾਲੇ ਨਾਲ ਦਸਦੇ ਹਨ ਕਿ ਵਧੇਰੇ ਸੂਫ਼ੀ ਸੰਗੀਤ ਸੁਣਨ ਦੀ ਸਾਧਨਾ ਦਾ ਲਾਭ ਮੰਨਦੇ ਹਨ। ਉਨ੍ਹਾਂ ਅਨੁਸਾਰ ਇਸ ਨਾਲ ਮਨ ਦੀ ਇਕਾਗਰਤਾ ਅਤੇ ਵਜਦ ਪ੍ਰਾਪਤ ਕਰਨ ਵਿਚ ਸਹਾਇਤਾ ਮਿਲਦੀ ਹੈ। ਆਮ ਲੋਕ ਸਮਾਅ, ਕੁਦਰਤੀ ਪ੍ਰਵਿਰਤੀ ਅਨੁਸਾਰ ਸੁਣਦੇ ਹਨ। ਸਾਧਕ ਈਸ਼ਵਰ ਦਾ ਸ਼ੌਕ ਅਤੇ ਖੌਫ਼ ਪ੍ਰਾਪਤ ਕਰਨ ਲਈ ਸੁਣਦੇ ਹਨ, ਔਲੀਆ ਲੋਕ ਈਸ਼ਵਰ ਦੀਆਂ ਦਾਤਾਂ ਲਈ ਸੁਣਦੇ ਹਨ। ਆਰਿਫ਼ (ਗਿਆਨੀ) ਖ਼ੁਦਾ ਦਾ ਗਿਆਨ ਪ੍ਰਾਪਤ ਕਰਨ ਲਈ ਅਤੇ ਕਾਮਿਲ ਉਸ ਦੀਆਂ ਵਹੀਆਂ (ਆਦੇਸ਼) ਨੂੰ ਪ੍ਰਾਪਤ ਕਰਨ ਲਈ ਸੁਣਦੇ ਹਨ।[1]

'ਸਮਾਅ' ਦੇ ਮਹੱਤਵ ਸਬੰਧੀ ਚਿਰਾਗਿ ਦਿਹਲਵੀ ਦਾ ਕਥਨ ਹੈ ਕਿ "ਸਮਾਅ ਦਰਦਮੰਦਾਂ ਲਈ ਇਲਾਜ ਦਾ ਦਰਜਾ ਰੱਖਦਾ ਹੈ। ਜਿਸ ਤਰ੍ਹਾਂ ਜ਼ਾਹਿਰੀ ਦਰਦ ਵਾਸਤੇ ਇਲਾਜ਼ ਹੁੰਦਾ ਹੈ, ਉਸੇ ਤਰ੍ਹਾਂ ਬਾਤਿਨੀ (ਅੰਦਰੂਨੀ) ਦਰਦ ਦੇ ਲਈ ਸਮਾਅ ਤੋਂ ਬਿਨਾਂ ਹੋਰ ਕੋਈ ਇਲਾਜ਼ ਨਹੀਂ।"[2]

ਇਸੇ ਤਰ੍ਹਾਂ ਦਾਤਾਗੰਜ ਬਖ਼ਸ਼ ਲਾਹੌਰੀ ਸੰਗੀਤ ਦੇ ਰੂਹਾਨੀ ਮਹੱਤਵ ਦਾ ਜ਼ਿਕਰ ਕਰਦਾ ਲਿਖਦਾ ਹੈ, "ਰਾਗ (ਸਮਾਅ) ਰੱਬੀ ਸ਼ੈਅ ਏ, ਇਹ ਦਿਲਾਂ ਨੂੰ ਝੂਣ ਕੇ ਰੱਬ ਦੀ ਭਾਲ ਵਿਚ ਜੋੜ ਦੇਂਦਾ ਹੈ। ਇਸਨੂੰ ਰੂਹਾਨੀ ਤੌਰ 'ਤੇ ਸੁਣਨ ਵਾਲੇ ਰੱਬ ਤਾਈਂ ਅਪੜਦੇ ਨੇ। ਇਹਨੂੰ ਜਿਸਮਾਨੀ ਤੌਰ 'ਤੇ ਸੁਣਨ ਵਾਲੇ ਬੇਯਕੀਨੀ ਦੇ ਖੱਡੇ ਵਿਚ ਡਿੱਗ ਪੈਂਦੇ ਨੇ।"[3]

ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਸੂਫ਼ੀ ਸਾਧਨਾ ਦੇ ਅੰਤਰਗਤ 'ਸਮਾਅ' ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਸੂਫ਼ੀਆਂ ਦੀਆਂ ਵਿਭਿੰਨ ਸੰਪਰਦਾਵਾਂ ਵਿਚੋਂ ਖ਼ਾਸਕਰ ਚਿਸ਼ਤੀ ਸਿਲਸਿਲੇ ਦੇ ਸੂਫ਼ੀਆਂ ਨੇ ਸੰਗੀਤ ਨੂੰ ਵਿਸ਼ੇਸ਼ ਮਹੱਤਵ ਦਿੱਤਾ। ਚਿਸ਼ਤੀ ਸੂਫ਼ੀ ਸਿਲਸਿਲੇ ਦੇ ਸੂਫ਼ੀ ਦਰਵੇਸ਼ਾਂ ਦੇ ਜੀਵਨ ਅਤੇ ਬਾਣੀ-ਬਚਨਾਂ ਤੋਂ ਇਹ ਗੱਲ ਭਲੀ-ਭਾਂਤ ਉਜਾਗਰ ਹੁੰਦੀ ਹੈ ਕਿ ਇਨ੍ਹਾਂ ਸੂਫ਼ੀਆਂ ਦੀਆਂ ਦਰਗਾਹਾਂ ਵਿਚ ਰੱਬੀ ਉਸਤਤਿ ਦਾ ਸੰਗੀਤ (ਸਮਾਅ) ਸੁਣਨ ਦੀ ਰਵਾਇਤ ਮੌਜੂਦ ਸੀ।

ਅਸਲ ਵਿਚ ਇਨ੍ਹਾਂ ਸੂਫ਼ੀ ਫ਼ਕੀਰਾਂ ਨੇ ਆਪਣੇ ਮੱਤ ਦੇ ਪ੍ਰਚਾਰ ਹਿਤ ਵੱਖ-ਵੱਖ ਥਾਈਂ ਦਰਗਾਹਾਂ ਕਾਇਮ ਕੀਤੀਆਂ। ਇਨ੍ਹਾਂ ਖਾਨਗਾਹਾਂ ਉਤੇ ਸਭ ਧਰਮਾਂ ਦੇ ਲੋਕਾਂ ਦੀ ਆਵਾਜਾਈ ਰਹਿੰਦੀ ਸੀ ਅਤੇ ਸਭ ਧਰਮਾਂ ਦੇ ਲੋਕ ਸੂਫ਼ੀ ਸਿਧਾਂਤਾਂ ਨੂੰ ਜਾਣਨ ਲਈ ਇਨ੍ਹਾਂ ਖਾਨਗਾਹਾਂ 'ਤੇ ਹਾਜ਼ਰੀ ਭਰਦੇ ਸਨ। ਸੂਫ਼ੀ ਦਰਵੇਸ਼ ਵੀ ਸਥਾਨਕ ਲੋੜਾਂ ਮੁਤਾਬਕ ਸਥਾਨਕ ਬੋਲੀ ਵਿਚ ਧਰਮ ਪਰਚਾਰ ਕਰਦੇ ਸਨ ਅਤੇ ਕਾਵਿ ਰਚਨਾਵਾਂ ਕਰਦੇ ਸਨ। ਸਥਾਨਕ ਲੋਕਾਂ ਵਿਚ ਖਿੱਚ ਦਾ ਇਕ ਵਿਸ਼ੇਸ਼ ਕਾਰਨ ਇਨ੍ਹਾਂ ਦਰਗਾਹਾਂ ਉਪਰ ਆਯੋਜਿਤ ਕੀਤੀਆਂ ਜਾਂਦੀਆਂ ਕੱਵਾਲੀਆਂ ਦੀਆਂ ਮਹਿਫ਼ਲਾਂ ਹੁੰਦੀਆਂ ਸਨ, ਜਿਸਦੇ ਅੰਤਰਗਤ ਆਮ ਤੌਰ 'ਤੇ ਸਥਾਨਕ ਬੋਲੀ ਵਿਚ ਰੱਬੀ ਉਸਤਤਿ ਦੇ ਗੀਤ ਵਿਸ਼ੇਸ਼ ਗਾਇਨ ਸ਼ੈਲੀ (ਕੱਵਾਲੀ) ਰਾਹੀਂ ਸ੍ਰੋਤਿਆਂ ਨੂੰ ਸੁਣਾਏ ਜਾਂਦੇ ਸਨ। ਇਹ ਕੱਵਾਲੀਆਂ ਨਿਰਸੰਦੇਹ ਸਮੂਹ ਸ੍ਰੋਤਿਆਂ ਉਪਰ ਤੀਬਰ ਪ੍ਰਭਾਵ ਛੱਡਣ ਦੇ ਸਮਰੱਥ ਹੁੰਦੀਆਂ ਹਨ।

ਚਿਸ਼ਤੀ ਸੰਪਰਦਾ ਵਿਚ ਕੱਵਾਲੀ ਗਾਇਨ ਦੀ ਮਕਬੂਲੀਅਤ ਬਾਰੇ ਅਨੇਕ ਹਵਾਲੇ ਮਿਲਦੇ ਹਨ। ਇਨ੍ਹਾਂ ਵਿਚੋਂ ਭਾਰਤ ਵਿਚ ਚਿਸ਼ਤੀ ਸੂਫ਼ੀ ਸਿਲਸਿਲੇ ਦੇ ਸੰਸਥਾਪਕ ਅਜਮੇਰ ਦੇ ਖਵਾਜ਼ਾ ਹਜ਼ਰਤ ਮੁਇਨੁਦੀਨ ਚਿਸ਼ਤੀ ਦਾ ਨਾਂ ਪ੍ਰਮੁੱਖ ਹੈ। ਉਨ੍ਹਾਂ ਦੀ ਬਾਰਗਾਹ ਤੇ ਅਕਸਰ ਕੱਵਾਲੀ ਗਾਇਨ ਰਾਹੀਂ ਸਿਫ਼ਤ ਕੀਤੀ ਜਾਂਦੀ ਸੀ।[4]

ਕੱਵਾਲੀ ਸੰਗੀਤ ਸੁਣਨ ਵਾਲੇ ਦਰਵੇਸ਼ਾਂ ਵਿਚ ਮੁਇਨੁਦੀਨ ਚਿਸ਼ਤੀ ਦੇ ਮੁਰੀਦ ਦਿੱਲੀ ਦੇ ਪ੍ਰਸਿੱਧ ਸੂਫ਼ੀ ਦਰਵੇਸ਼ ਖਵਾਜ਼ਾ ਕੁਤਬੁਦੀਨ ਬਖ਼ਤਿਆਰ ਕਾਕੀ ਜੀ ਦਾ ਨਾਂ

ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹੈ। ਉਹ ਕੱਵਾਲੀਆਂ ਸੁਣਨ ਦੇ ਇਤਨੇ ਸ਼ੌਂਕੀਨ ਸਨ ਕਿ ਉਨ੍ਹਾਂ ਦਾ ਦੇਹਾਂਤ ਕੱਵਾਲੀ ਸੁਣਦਿਆਂ ਸੁਣਦਿਆਂ ਹੋਇਆ।[5] ਸ਼ੇਖ਼ ਫ਼ਰੀਦ ਜੀ ਜੋ ਕਿ ਖਵਾਜ਼ਾ ਕੁਤੁਬਦੀਨ ਬਖ਼ਤਿਆਰ ਕਾਕੀ ਦੇ ਸ਼ਾਗਿਰਦ ਸਨ ਉਨ੍ਹਾਂ ਉਪਰ ਅਜਿਹੇ ਸੰਗੀਤਕ ਵਾਤਾਵਰਣ ਦਾ ਅਸਰ ਹੋਣਾ ਸੁਭਾਵਕ ਹੀ ਸੀ।

ਸ਼ੇਖ਼ ਫ਼ਰੀਦ ਜੀ ਦੇ ਜੀਵਨ ਬਿਰਤਾਂਤ, ਬਚਨਾਂ ਅਤੇ ਬਾਣੀ ਤੋਂ ਉਨ੍ਹਾਂ ਦੇ ਸੰਗੀਤ (ਸਮਾਅ) ਪ੍ਰੇਮੀ ਹੋਣ ਦੇ ਸਪੱਸ਼ਟ ਪ੍ਰਮਾਣ ਮਿਲਦੇ ਹਨ। ਰੱਬੀ ਬੰਦਗੀ ਲਈ ਸੰਗੀਤ ਨੂੰ ਇਕ ਵਿਸ਼ੇਸ਼ ਸਾਧਨ ਸਵਿਕਾਰਦਿਆਂ ਸ਼ੇਖ ਫ਼ਰੀਦ ਜੀ ਨੇ ਸਮਾਅ ਨੂੰ 'ਦਿਲ ਦਾ ਚੈਨ' ਆਖਿਆ ਹੈ। ਉਨ੍ਹਾਂ ਅਨੁਸਾਰ ਸਮਾਅ ਪਹਿਲਾਂ ਪਿਆਰਿਆਂ ਦੇ ਦਿਲ ਵਿਚ ਹਰਕਤ ਪੈਦਾ ਕਰਦਾ ਹੈ, ਉਪਰੰਤ ਹੈਰਤ, ਫੇਰ ਜ਼ੌਕ ਅਤੇ ਅੰਤ ਤੇ ਬੇਹੋਸ਼ੀ ਛਾ ਜਾਂਦੀ ਹੈ। ਸੂਫ਼ੀ ਇਸ ਬੇਹੋਸ਼ੀ ਵਿਚ ਅਜਿਹਾ ਗ਼ਰਕ ਹੁੰਦਾ ਹੈ ਕਿ ਕੋਈ ਖ਼ਬਰ ਹੀ ਨਹੀਂ ਰਹਿੰਦੀ।[6]

ਫ਼ਰੀਦ ਜੀ ਦੇ ਭਗਤੀ ਜੋਗ ਵਿਚ ਕਠਿਨ ਤਪੱਸਿਆ ਮਿਲੀ ਹੋਈ ਸੀ ਤੇ ਉਹ ਰੱਬ ਦੀ ਭਗਤੀ ਕਰਦੇ ਹੋਏ ਡੇਲੇ ਤੇ ਪੇਂਝੂ ਖਾ ਕੇ ਸਮਾਂ ਗੁਜ਼ਾਰਦੇ ਸਨ, ਉਥੇ ਉਹ ਰਾਗ ਦੇ ਸ਼ੌਂਕੀਨ ਵੀ ਸਨ। ਇਕ ਦੋ ਸੰਗੀਤ ਦੇ ਸ਼ੌਂਕੀਨ ਫ਼ਕੀਰ ਉਨ੍ਹਾਂ ਨਾਲ ਅਜਿਹੇ ਸਨ ਜੋ ਲੋੜ ਪੈਣ ਤੇ ਸਮਾਅ ਦੀ ਮਹਿਫ਼ਲ ਦਾ ਰੰਗ ਬੰਨ੍ਹਦੇ ਤੇ ਰੱਬੀ ਪ੍ਰੇਮ ਦੇ ਸ਼ਿਅਰ ਗਾ ਕੇ ਉਨ੍ਹਾਂ ਦਾ ਦਿਲ ਖੁਸ਼ ਕਰਦੇ ਸਨ। ਮੁਫ਼ਤੀ ਗ਼ੁਲਾਮ ਸਰਵਰ ਦੇ ਕਥਨ ਅਨੁਸਾਰ ਅਜੋਧਨ ਦਾ ਕਾਜ਼ੀ ਸ਼ਹਾਬੁਦੀਨ, ਜੋ ਇਕ ਕੱਟੜ ਮੁਸਲਮਾਨ ਸੀ, ਫ਼ਰੀਦ ਜੀ ਦੇ ਇਹ ਰਾਗ-ਰੰਗ ਦੇਖ ਕੇ ਬਹੁਤ ਸੜਿਆ। ਜਿਸ ਕਰਕੇ ਪਹਿਲਾਂ ਤਾਂ ਉਸ ਨੇ ਅਜੋਧਨ ਦੇ ਜਾਗੀਰਦਾਰਾਂ ਤੇ ਸਰਕਾਰੀ ਅਫ਼ਸਰਾਂ ਨੂੰ ਫ਼ਰੀਦ ਜੀ ਦੇ ਉਲਟ ਭੜਕਾਇਆ ਕਿ ਦੇਖੋ ਇਹ ਫ਼ਕੀਰ ਗ਼ੈਰ-ਸ਼ਰ੍ਹਾ ਹੈ। ਇਹ ਸਮਾਅ (ਕੀਰਤਨ) ਸੁਣਦਾ ਹੈ ਤੇ ਮਸਤ ਹੋ ਕੇ ਨੱਚਦਾ ਹੈ। ਇਸ ਲਈ ਇਸਨੂੰ ਏਥੋਂ ਕੱਢ ਦੇਣਾ ਚਾਹੀਦਾ ਹੈ।[7] ਪਰੰਤੂ ਜਦੋਂ ਜਦੋਂ ਇਸਦਾ ਕੋਈ ਖ਼ਾਸ ਨਤੀਜਾ ਨਾ ਨਿਕਲਿਆ ਤਾਂ ਕਾਜ਼ੀ ਨੇ ਮੁਲਤਾਨ ਦੇ ਉਲਮਾ ਸ਼ੇਖ਼ ਫ਼ਰੀਦ ਦੇ ਵਿਰੁੱਧ ਫ਼ਤਵਾ ਜਾਰੀ ਕਰਵਾਣਾ ਚਾਹਿਆ ਕਿ "ਇਹ ਫ਼ਕੀਰ ਮਸੀਤ ਵਿਚ ਰਹਿ ਕੇ ਸੰਗੀਤ (ਕੀਰਤਨ) ਸੁਣਦਾ ਹੈ ਅਤੇ ਨਚਦਾ ਹੈ।" ਪਰੰਤੂ ਉਲਮਾ ਨੂੰ ਜਦੋਂ ਪਤਾ ਲੱਗਾ ਕਿ ਇਹ ਫ਼ਤਵਾ ਫ਼ਰੀਦ ਜੀ ਦੇ ਵਿਰੁੱਧ ਹੈ ਤਾਂ ਉਨ੍ਹਾਂ ਕਾਜ਼ੀ ਨੂੰ ਹੀ ਝਾੜ ਪਾਈ ਕਿ "ਤੂੰ ਉਸ ਫ਼ਕੀਰ ਦੇ ਵਿਰੁੱਧ ਕਿਹਾ ਹੈ, ਜਿਸ ਵੱਲ ਕੋਈ ਉਂਗਲ ਕਰਨ ਦੀ ਜੁਰੱਅਤ ਨਹੀਂ ਕਰ ਸਕਦਾ।"[8]

ਸਮਾਅ (ਕੀਰਤਨ) ਦੀ ਇਹ ਪਰੰਪਰਾ ਸ਼ੇਖ਼ ਫ਼ਰੀਦ ਜੀ ਦੇ ਉਤਰਾਧਿਕਾਰੀ ਗੱਦੀਦਾਰਾਂ ਨੇ ਵੀ ਜਾਰੀ ਰੱਖੀ। ਇਸ ਗੱਲ ਦਾ ਸਬੂਤ ਗਿਆਨ ਰਤਨਾਵਲੀ ਦੇ ਕਰਤਾ ਭਾਈ ਮਨੀ ਸਿੰਘ ਦੁਆਰਾ ਹਵਾਲਾ ਦਿੱਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸ਼ੇਖ਼ ਬ੍ਰਹਮ ਨੂੰ ਬੇਨਤੀ ਤੇ ਆਸਾ ਦੀ ਵਾਰ ਸੁਣਾਈ"...ਤਾਂ ਫਿਰ ਸ਼ੇਖ਼ ਬ੍ਰਹਮ ਕਹਿਆ ਕਿ ਜੋ ਜੀ ਢਾਡੀ ਰਾਜਿਓਂ ਕੀ ਵਾਰ ਗਾਵਤੇ ਹੈਂ, ਅਰ ਕਾਇਰਾਂ ਮੇਂ ਭੀ ਉੱਦਮ ਹੋਇ ਆਵਤਾ ਹੈ। ਤੈਸੇ ਹੀ ਜੋ ਮਹਾਰਾਜ ਕੀ ਵਾਰ ਗਾਵਤੇ ਹੈਂ, ਤਾਂ ਮਹਾਰਾਜ ਭੀ ਪ੍ਰਸੰਨ

ਹੋਤੇ ਹੈਂ, ਤਿਨੇਂ ਭੀ ਇੰਦਰੀਓਂ ਕੇ ਜੀਤਨੇ ਕਾ ਉੱਦਮ ਹੋਇ ਆਵਤਾ ਹੈ, ਤਾਂ ਤੇ ਤੁਸੀਂ ਭੀ ਮੈਨੂੰ ਕਾਈ ਪਰਮੇਸਰ ਕੀ ਵਾਰ ਸੁਣਾਵੋ, ਤਾਂ ਬਾਬੇ ਕਹਿਆ, ਮਰਦਾਨਿਆ ਕਬੀਰ ਜੀ ਨੇ ਗਉੜੀ ਕੀ ਅਰ ਸਿੱਧੋਂ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆ ਹੈ। ਅਰ ਹਮਾਰੇ ਸਭ ਹੀ ਰਾਗ ਹੈਂ, ਪਰ ਇਹ ਪੀਰ ਆਸਾਵੰਤੀ ਆਇਆ ਹੈ, ਸੋ ਆਸਾ ਕੇ ਰਾਗ ਕੀ ਵਾਰ ਸੁਣਾਵਹੁ।"[9]

**ਫ਼ਰੀਦ ਬਾਣੀ ਤੇ ਸੰਗੀਤ**

ਸਮੁੱਚੀ ਚਰਚਾ ਤੋਂ ਸਪੱਸ਼ਟ ਹੈ ਕਿ ਸ਼ੇਖ਼ ਫ਼ਰੀਦ ਸੂਫ਼ੀ ਸੰਗੀਤ ਪਰੰਪਰਾ ਤੋਂ ਪੂਰੀ ਤਰ੍ਹਾਂ ਪ੍ਰਭਾਵਤ ਸਨ ਅਤੇ ਖ਼ੁਦ ਸੰਗੀਤ ਦੀ ਭਲੀ ਭਾਂਤ ਵਾਕਫ਼ੀਅਤ ਰਖਦੇ ਸਨ। ਸ਼ੇਖ਼ ਫ਼ਰੀਦ ਦੀ ਸੰਗੀਤ ਸੂਝ ਦਾ ਪ੍ਰਮਾਣ ਉਨ੍ਹਾਂ ਦੁਆਰਾ ਰਚਿਤ ਬਾਣੀ, ਵਿਸ਼ੇਸ਼ਕਰ ਉਨ੍ਹਾਂ ਦੁਆਰਾ ਰਚੇ ਗਏ ਚਾਰ ਪਦੇ (ਸ਼ਬਦ) ਹਨ, ਜੋ ਕਿ ਰਾਗ-ਬੱਧ ਕੀਤੇ ਗਏ ਹਨ। ਦੋ ਪਦੇ ਰਾਗ ਆਸਾ ਅਧੀਨ ਅਤੇ ਦੋ ਪਦੇ ਰਾਗ ਸੂਹੀ ਅਧੀਨ ਗਾਏ ਜਾਣ ਦੇ ਸੰਕੇਤ ਕੀਤੇ ਗਏ ਹਨ। ਸੂਹੀ ਰਾਗ ਦੇ ਪਦਿਆਂ ਵਿਚੋਂ ਇਕ ਸ਼ਬਦ (ਪਦਾ) "ਬੇੜਾ ਬੰਦ ਨ ਸਕਿਓ ਬੰਧਨ ਕੀ ਵੇਲਾ" ਉਪ ਰਾਗ 'ਸੂਹੀ ਲਲਿਤ' ਅਧੀਨ ਦਰਜ ਹੈ।

ਸ਼ੇਖ ਫ਼ਰੀਦ ਦੀ ਬਾਣੀ ਦੇ ਸੰਗੀਤ ਸ਼ਾਸਤਰੀ ਅਧਿਐਨ ਲਈ ਸਾਨੂੰ ਫ਼ਰੀਦ ਬਾਣੀ ਦੇ ਵਿਭਿੰਨ ਸੰਗੀਤ ਸੰਦਰਭਾਂ ਦਾ ਅਧਿਐਨ ਕਰਨਾ ਲੋੜੀਂਦਾ ਹੈ ਜਿਸਦੇ ਅੰਤਰਗਤ ਫ਼ਰੀਦ ਰਚਿਤ ਪਦਿਆਂ ਦੀ ਸੰਰਚਨਾ ਵਿਚ ਪ੍ਰਯੁਕਤ ਸੰਗੀਤ ਸੰਕੇਤਕ ਪਦਾਂ ਦਾ ਅਧਿਐਨ, ਪਦ ਗਾਇਨ ਦੀਆਂ ਰਵਾਇਤੀ ਵਿਧੀਆਂ, ਮੱਧਕਾਲੀ ਸਰੋਦੀ ਕਾਵਿ ਦੀਆਂ ਗਾਇਨ ਵਿਧੀਆਂ ਅਤੇ ਗੁਰਬਾਣੀ ਸ਼ਬਦ-ਗਾਇਨ ਵਿਧੀ ਨਾਲ ਉਨ੍ਹਾਂ ਵਿਧੀਆਂ ਦਾ ਵਖਰੇਵਾਂ ਤੇ ਵਰਗੇਵਾਂ ਵਾਚਣਾ ਲਾਜ਼ਮੀ ਹੈ।

**ਸ਼ਬਦ ਸੰਰਚਨਾ ਤੇ ਸੰਗੀਤਕ ਸੰਕੇਤ**

ਫ਼ਰੀਦ ਬਾਣੀ ਸਬੰਧੀ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਬਾਣੀ ਦਾ ਮੂਲ ਪ੍ਰਯੋਜਨ ਕੇਵਲ ਭਾਵ-ਪਰਗਟਾਉ ਨਾ ਹੋ ਕੇ ਇਲਾਹੀ ਬੰਦਗੀ ਦੇ ਸੰਦੇਸ਼ ਦਾ ਸੰਚਾਰ ਕਰਨਾ ਹੈ। ਫ਼ਰੀਦ ਜੀ ਮਨੁੱਖ ਦੇ ਸ਼ਖ਼ਸੀ ਰੂਪਾਂਤਰਣ ਹਿੱਤ ਅਧਿਆਤਮਕ ਸੰਦੇਸ਼ ਸੰਚਾਰਿਤ ਕਰਨ ਦੇ ਮਕਸਦ ਨਾਲ ਜਿਥੇ ਕਾਵਿਕ-ਸੰਚਾਰ-ਜੁਗਤਾਂ ਦੀ ਵੀ ਸੰਜੁਗਤ ਰੂਪ ਵਿਚ ਵਰਤੋਂ ਕਰਦੇ ਹਨ। ਇਥੇ ਕਾਵਿ ਤੇ ਸੰਗੀਤ ਦੀ ਸੁਯੋਗ ਸੰਜੁਗਤੀ ਰਾਹੀਂ ਭਾਵ/ਵਿਚਾਰ ਸੰਚਾਰਨ ਦਾ ਜਤਨ ਕੀਤਾ ਗਿਆ ਹੈ। ਫ਼ਰੀਦ ਬਾਣੀ ਵਿਚ ਵਰਤੇ ਗਏ ਵਿਭਿੰਨ ਸੰਕੇਤਕ ਸ਼ਬਦ ਜਿਵੇਂ ਰਾਗ, ਰਹਾਉ, ਅੰਕ ਆਦਿ ਵੀ ਫ਼ਰੀਦ ਬਾਣੀ ਦੇ ਸੰਗੀਤਕ ਸਿਸਟਮ ਵੱਲ ਸੰਕੇਤ ਕਰਦੇ ਜਾਪਦੇ ਹਨ। ਇਥੇ ਇਨ੍ਹਾਂ ਸਮੂਹ ਸੰਗੀਤਕ ਸੰਕੇਤਾਂ ਦਾ ਅਧਿਐਨ ਫ਼ਰੀਦ ਜੀ ਦੁਆਰਾ ਰਚਿਤ ਨਿਮਨ ਲਿਖਤ ਸ਼ਬਦ ਦੀ ਸੰਰਚਨਾ ਦੇ ਅਧਿਐਨ ਦੇ ਸੰਦਰਭ ਵਿਚ ਕਰਨਾ ਵਧੇਰੇ ਤਰਕ-ਸੰਗਤ ਹੋਵੇਗਾ :

ਰਾਗ ਸੂਹੀ ਬਾਣੀ ਸ਼ੇਖ ਫ਼ਰੀਦ ਜੀ ਕੀ
ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥

ਬਾਵਲਿ ਹੋਈ ਸੋ ਸਹੁ ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥੧ ॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥
ਜੋਬਨ ਖੋਇ ਪਾਛੈ ਪਛੁਤਾਨੀ ॥੧ ॥ ਰਹਾਉ ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ ਕਤਹਿ ਸੁਖ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨ ॥
ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥
ਜਾ ਫਿਰ ਦੇਖਾ ਤਾ ਮੇਰਾ ਅਲਹੁ ਬੇਲੀ ॥੩ ॥
ਵਾਟ ਹਮਾਰੀ ਖਰੀ ਉਡੀਣੀ ॥
ਖੰਨਿਅਹੁ ਤਿਖੀ ਬਹੁਤੁ ਪਇਈਣੀ ॥
ਉਸੁ ਉਪਰਿ ਹੈ ਮਾਰਗੁ ਮੇਰਾ ॥
ਸੇਖ ਫਰੀਦਾ ਪੰਥ ਸਮ੍ਾਰਿ ਸਵੇਰਾ ॥੪ ॥

(ਗੁ: ਗ੍ਰੰ:, ਪੰਨਾ ੭੯੪)

ਰਾਗ: ਇਸ ਸ਼ਬਦ ਦੀ ਸੰਰਚਨਾ ਦੀ ਪ੍ਰਥਮ ਇਕਾਈ ਇਸਦਾ ਸਿਰਲੇਖ ਹੈ। ਇਥੇ 'ਰਾਗ ਸੂਹੀ' ਅੰਕਿਤ ਕੀਤੇ ਜਾਣਾ ਇਸ ਗੱਲ ਦਾ ਸੂਚਕ ਹੈ ਕਿ ਇਸ ਸ਼ਬਦ ਦਾ ਗਾਇਨ ਸੂਹੀ ਰਾਗ ਵਿਚ ਕੀਤੇ ਜਾਣਾ ਚਾਹੀਦਾ ਹੈ। ਇਥੇ ਸੂਹੀ ਰਾਗ ਦਾ ਹੀ ਨਿਰਧਾਰਨ ਕੀਤੇ ਜਾਣਾ ਕੋਈ ਸਰਸਰੀ ਗੱਲ ਨਹੀਂ ਸਗੋਂ ਸ਼ਬਦ ਦੀ ਭਾਵ ਪ੍ਰਕਿਰਤੀ ਅਤੇ ਰਾਗ ਦੀ ਭਾਵ ਪ੍ਰਕਿਰਤੀ ਦੀ ਸੁਮੇਲਤਾ ਨੂੰ ਧਿਆਨ ਵਿਰ ਰੱਖ ਕੇ ਹੀ ਰਾਗ ਦੀ ਚੋਣ ਕੀਤੀ ਗਈ ਹੈ। ਸੂਹੀ ਰਾਗ ਸੂਫ਼ੀਆਂ ਦਾ ਪਿਆਰਾ ਰਾਗ ਹੈ, ਸੂਹੀ ਤੇ ਸੁਹਾਗਣ ਦਾ ਇਥੇ ਵਰਨਣ ਹੈ। ਫ਼ਰੀਦ ਜੀ ਇਸ ਰਾਗ ਦਾ ਪ੍ਰਯੋਗ ਵਿਜੋਗ ਸ਼ਿੰਗਾਰ ਦੇ ਭਾਵਾਂ ਦੇ ਸੰਚਾਰ ਲਈ ਕਰ ਰਹੇ ਹਨ ਨਾਲ ਹੀ ਕਿਤੇ ਕਿਤੇ ਕਰੁਣਾ ਦੀ ਹੂਕ ਵੀ ਮੌਜੂਦ ਹੈ। ਨਿਰਸੰਦੇਹ ਸ਼ਬਦ ਅਤੇ ਰਾਗ ਦੀ ਭਾਵਮੂਲਕ ਸਾਂਝ ਤੇ ਸੰਜੁਗਤੀ ਰਾਹੀਂ ਪ੍ਰਭਾਵਮਈ ਢੰਗ ਨਾਲ ਭਾਵ ਸੰਚਾਰਨ ਸੰਭਵ ਹੋ ਸਕਿਆ ਹੈ।

ਰਹਾਉ: ਇਸ ਸ਼ਬਦ ਦੇ ਚਾਰ ਪਦੇ ਹਨ। ਪਦੇ ਦੇ ਅੰਤ ਵਿਚ ੧, ੨, ੩, ੪ ਅੰਕ ਦਿੱਤੇ ਗਏ ਹਨ। ਪਹਿਲੇ ਪਦੇ ਤੋਂ ਬਾਅਦ ਇਕ ਵਿਸ਼ੇਸ਼ ਪਦੇ ਦੇ ਅੰਤ 'ਤੇ 'ਰਹਾਉ' ਸੰਕੇਤ ਦਿੱਤਾ ਗਿਆ ਹੈ। 'ਰਹਾਉ' ਸੰਕੇਤ ਇਸ ਗੱਲ ਦਾ ਸੂਚਕ ਹੈ ਕਿ ਇਹ ਤੁਕ ਸਮੁੱਚੇ ਸ਼ਬਦ ਦੀ ਕੇਂਦਰੀ ਤੁਕ ਹੈ। ਇਸ ਵਿਚ ਸ਼ਬਦ ਦਾ ਕੇਂਦਰੀ ਭਾਵ ਨਿਹਿਤ ਹੈ

ਅਤੇ ਇਸੇ ਭਾਵ ਨੂੰ ਦ੍ਰਿੜ ਕਰਵਾਣਾ ਕਵੀ ਦਾ ਮੂਲ ਮਨੋਰਥ ਹੈ। ਇਸ ਮਕਸਦ ਲਈ ਸ਼ਬਦ ਗਾਇਨ ਸਮੇਂ 'ਰਹਾਉ' ਵਾਲੀ ਤੁਕ ਨੂੰ ਸਥਾਈ ਜਾਂ ਟੇਕ ਵਜੋਂ ਗ੍ਰਹਿਣ ਕਰਦਿਆਂ ਮੁੜ ਮੁੜ ਦੁਹਰਾਇਆ ਜਾਂਦਾ ਹੈ।

ਅੰਕ : ਅੰਕ ਵਾਲੇ ਪਦਿਆਂ ਨੂੰ ਸਥਾਈ ਉਪਰੰਤ ਅੰਤਰੇ ਵਜੋਂ ਗਾਇਆ ਜਾਂਦਾ ਹੈ। ਰਹਾਉ ਵਾਲੀ ਸਥਾਈ ਦੀ ਤੁਕ ਉਪਰੰਤ ਅੰਤਰੇ ਵਾਲੀ ਅੰਕ 'ਇਕ' ਦੀ ਤੁਕ ਗਾਈ ਜਾਵੇਗੀ ਅਤੇ ਮੁੜ ਸਥਾਈ ਤੇ ਪਰਤਦਿਆਂ 'ਰਹਾਉ' ਦੀ ਤੁਕ ਦਾ ਗਾਇਨ ਕੀਤਾ ਜਾਵੇਗਾ। ਇਸ ਉਪਰੰਤ ਅੰਕ ੨, ੩, ੪ ਦੇ ਬੰਦਾਂ ਦਾ ਵੀ ਇਸੇ ਵਿਧੀ ਅਨੁਸਾਰ ਗਾਇਨ ਕੀਤਾ ਜਾਵੇਗਾ। ਇਸ ਤਰ੍ਹਾਂ ਅੰਤਰੇ ਦੀਆਂ ਤੁਕਾਂ ਤੋਂ ਸਥਾਈ ਵੱਲ ਪਰਤਦਿਆਂ ਬਾਰ ਬਾਰ 'ਰਹਾਉ' ਦੀ ਤੁਕ ਦੁਹਰਾਉਣ ਦੀ ਪ੍ਰਕਿਰਿਆ ਸ਼ਬਦ ਦੇ ਭਾਵ ਨੂੰ ਸ੍ਰੋਤਾ ਤੱਕ ਸੰਚਾਰਿਤ ਕਰਨ ਅਤੇ ਮਨ ਵਿਚ ਦ੍ਰਿੜ੍ਹ ਕਰਨ ਵਿਚ ਸਹਾਇਕ ਸਿੱਧ ਹੁੰਦੀ ਹੈ।

ਸਪੱਸ਼ਟ ਹੈ ਕਿ ਫ਼ਰੀਦ ਬਾਣੀ ਦੇ ਸ਼ਬਦਾਂ/ਪਦਿਆਂ ਦੀ ਸੰਰਚਨਾਤਮਕ ਬਣਤਰ ਨਿਰਸੰਦੇਹ ਫ਼ਰੀਦ ਬਾਣੀ ਦੀ ਪਦਾ ਸੰਰਚਨਾ ਸ਼ਬਦ ਅਤੇ ਸੰਗੀਤ ਦੀ ਸੁਮੇਲਤਾ ਨੂੰ ਪ੍ਰਮਾਣਿਤ ਕਰਦੀ ਹੈ। ਫ਼ਰੀਦ ਜੀ ਦੁਆਰਾ ਰਚਿਤ ਸਾਰੇ ਸ਼ਬਦ ਇਸੇ ਸੰਰਚਨਾਤਮਕ ਪ੍ਰਬੰਧ ਦੇ ਧਾਰਨੀ ਹਨ। ਇਨ੍ਹਾਂ ਸਾਰੇ ਸ਼ਬਦਾਂ ਵਿਚ ਰਾਗ, ਰਹਾਉ, ਅੰਕ ਆਦਿ ਸੰਕੇਤਕ ਪਦ ਬਾਕਾਇਦਾ ਦਰਜ ਹਨ, ਜੋ ਇਨ੍ਹਾਂ ਪਦਿਆਂ ਦੀ ਵਿਸ਼ਿਸ਼ਟ ਗਾਇਨ-ਵਿਧੀ ਦੇ ਸੂਚਕ ਹਨ।

ਬਾਣੀ ਅਧੀਨ ਰਾਗ, ਰਹਾਉ, ਅੰਕ ਆਦਿ ਸੰਗੀਤ ਦੀਆਂ ਉਹ ਸੰਚਾਰਕ ਜੁਗਤਾਂ ਹਨ ਜੋ ਸਾਂਝੇ ਤੇ ਸੰਮਿਲਤ ਰੂਪ ਵਿਚ ਕਾਰਜ ਕਰਦੀਆਂ ਹਨ। ਜਿਵੇਂ ਕਿ ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਫ਼ਰੀਦ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਦੋ ਮੁੱਖ ਰਾਗਾਂ ਵਿਚ ਦਰਜ ਹੈ : ਰਾਗ ਆਸਾ ਅਤੇ ਸੂਹੀ। ਸੂਹੀ ਰਾਗ ਵਿਚ ਇਕ ਸ਼ਬਦ 'ਸੂਹੀ ਲਲਿਤ' ਨਾਮਕ ਮਿਸ਼ਰਤ ਰਾਗ ਵਿਚ ਦਰਜ ਹੈ। ਇਸ ਤਰ੍ਹਾਂ ਫ਼ਰੀਦ ਬਾਣੀ ਦੇ ਤਿੰਨ ਰਾਗਾਂ ਵਿਚ ਗਾਇਨ ਕਰਨ ਦੀ ਪ੍ਰਥਾ ਚਲੀ ਆ ਰਹੀ ਹੈ।

ਆਸਾ ਰਾਗ ਪੰਜਾਬ ਦੇ ਇਲਾਕੇ ਦਾ ਵਿਸ਼ੇਸ਼ ਰਾਗ ਹੈ। ਪੰਜਾਬ ਦੀ ਲੋਕ-ਕਾਵਿ ਅਤੇ ਲੋਕ-ਸੰਗੀਤ ਪਰੰਪਰਾ ਵਿਚ ਟੁੰਡੇ ਅਸਰਾਜੇ ਦੀ ਵਾਰ ਦਾ ਗਾਇਨ ਆਸਾ ਰਾਗ ਵਿਚ ਹੁੰਦਾ ਰਿਹਾ ਹੈ।[10] ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦਾ ਗਾਇਨ ਇਸੇ ਰਾਗ ਵਿਚ ਕੀਤਾ। ਸ਼ੇਖ਼ ਫ਼ਰੀਦ ਜੀ ਦਾ ਵੀ ਇਹ ਪਿਆਰਾ ਰਾਗ ਰਿਹਾ ਹੋਵੇਗਾ। ਉਨ੍ਹਾਂ ਦੇ ਦੋ ਪਦੇ ਇਸ ਰਾਗ ਵਿਚ ਹਨ। ਇਸ ਰਾਗ ਦਾ ਗਾਇਨ ਸ਼ੇਖ਼ ਫ਼ਰੀਦ ਜੀ ਦੇ ਗੱਦੀਦਾਰਾਂ ਵਿਚ ਵੀ ਹੁੰਦਾ ਰਿਹਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਨਾਲ ਮਿਲਣ ਸਮੇਂ ਸ਼ੇਖ਼ ਬ੍ਰਹਮ ਆਸਾ ਦੀ ਵਾਰ ਸੁਣਦਾ ਹੈ।[11] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ਼ ਫ਼ਰੀਦ ਜੀ ਦੇ ਦੋ ਪਦੇ ਆਸਾ ਰਾਗ ਵਿਚ ਹੀ ਹਨ।

1. ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥

2. ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥
ਇਹੁ ਤਨੁ ਹੋਸੀ ਖਾਕੁ ਨਿਮਾਣੀ ਗੋਰ ਘਰੇ॥੧॥

(ਗੁ. ਗ੍ਰੰ., ਪੰਨਾ ੪੮੮)

ਇਸ ਲਈ ਜਾਪਦਾ ਹੈ ਕਿ ਆਸਾ ਰਾਗ ਫ਼ਰੀਦ ਜੀ ਦੇ ਸਿਲਸਿਲੇ ਵਿਚ ਕਾਫ਼ੀ ਹਰਮਨ ਪਿਆਰਾ ਰਿਹਾ ਹੈ।

ਆਸਾ ਰਾਗ ਦਾ ਗਾਇਨਾਤਮਕ ਸਰੂਪ ਇਸ ਪ੍ਰਕਾਰ ਹੈ:

ਥਾਟ : ਬਿਲਾਵਲ, ਜਾਤੀ : ਔੜਵ-ਸੰਪੂਰਨ, ਸਮਾਂ ਸਵੇਰ ਅਤੇ ਸ਼ਾਮ,

ਵਾਦੀ : ਮਧਿਅਮ, ਸੰਵਾਦੀ ਸ਼ਡਜ।

ਆਰੋਹ : ਸ ਰੇ ਮ ਪ ਧ ਸਂ

ਅਵਰੋਹ : ਸਂ ਨੀ ਧ ਪ, ਮ, ਗ ਰੇ ਸਾ ਗ ਰੇ ਗ ਸ[12]

ਪ੍ਰੋ ਤਾਰਾ ਸਿੰਘ[13] ਜੀ ਨੇ ਆਪਣੀ ਪੁਸਤਕ ਭਗਤ ਰਾਗ ਰਤਨਾਵਲੀ ਵਿਚ ਸ਼ੇਖ਼ ਫ਼ਰੀਦ ਜੀ ਦੇ ਆਸਾ ਰਾਗ ਵਿਚ ਦਰਜ ਪਦੇ 'ਦਿਲਹੁ ਮੁਹਬਤ ਜਿਨ ਸੇਈ ਸਚਿਆ'[14] ਦੀ ਸੁਰਲਿਪੀ ਇਕ ਤਾਲ ਵਿਚ ਅੰਕਿਤ ਕੀਤੀ ਹੈ। ਆਸਾ ਰਾਗ ਦੇ ਦੂਜੇ ਪਦੇ 'ਬੋਲੈ ਸੇਖ ਫਰੀਦ'[15] ਦਾ ਗਾਇਨ ਵੀ ਆਮ ਗੁਰਮਤਿ ਸਮਾਗਮ ਖ਼ਾਸ ਕਰਕੇ ਮ੍ਰਿਤਕ ਵਿਅਕਤੀ ਦੇ ਭੋਗ ਸਮਾਗਮਾਂ 'ਤੇ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫ਼ਰੀਦ ਬਾਣੀ ਦੇ ਦੋ ਸ਼ਬਦ ਰਾਗ ਸੂਹੀ ਅਧੀਨ ਅੰਕਿਤ ਹਨ। ਇਨ੍ਹਾਂ ਵਿਚੋਂ ਇਕ ਸ਼ਬਦ ਸ਼ੁੱਧ ਰਾਗ ਸੂਹੀ[16] ਵਿਚ ਹੈ ਜਦੋਂ ਕਿ ਦੂਸਰਾ ਸ਼ਬਦ ਸੂਹੀ ਦੇ ਰਾਗ ਪ੍ਰਕਾਰ ਵਜੋਂ ਸੂਹੀ ਲਲਿਤ[17] ਅਧੀਨ ਅੰਕਿਤ ਹੈ।

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥
ਬਾਵਲਿ ਹੋਈ ਸੋ ਸਹੁ ਲੋਰਉ॥
ਤੈ ਸਹਿ ਮਨ ਮਹਿ ਕੀਆ ਰੋਸੁ॥
ਮੁਝੁ ਅਵਗਨ ਸਹ ਨਾਹੀ ਦੋਸੁ॥੧॥

(ਰਾਗ ਸੂਹੀ, ਗੁ.ਗ੍ਰੰ: ਪੰਨਾ ੭੯੪)

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥੧॥

(ਰਾਗ ਸੂਹੀ ਲਲਿਤ, ਗੁ. ਗ੍ਰੰ., ਪੰਨਾ ੭੯੪)

ਭਾਰਤੀ ਸੰਗੀਤ ਪਰੰਪਰਾ ਵਿਚ ਸੂਹੀ ਅਤੇ ਲਲਿਤ ਦੋ ਵੱਖਰੇ-ਵੱਖਰੇ ਰਾਗ ਹਨ ਪਰ ਗੁਰਮਤਿ ਸੰਗੀਤ ਦੀ ਮੌਲਿਕ ਪਰੰਪਰਾ ਵਿਚ ਦੋ ਰਾਗਾਂ ਦਾ ਮਿਸ਼ਰਨ ਕਰਕੇ ਨਵਾਂ ਰਾਗ ਸਿਰਜਣ ਦੀ ਪ੍ਰਥਾ ਦਾ ਉਲੇਖ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਪ੍ਰਥਾ

ਅਧੀਨ ਜਿਥੇ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗ ਹਨ ਉਥੇ ਲਗਭਗ 31 ਹੋਰ ਰਾਗ ਮਿਸ਼ਰਤ ਰਾਗਾਂ ਦੇ ਰੂਪ ਵਿਚ ਪ੍ਰਚੱਲਤ ਹੋਏ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਸੂਹੀ ਰਾਗ ਅਧੀਨ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਸ਼ੇਖ਼ ਫ਼ਰੀਦ ਜੀ ਦੀ ਬਾਣੀ ਦਰਜ ਹੋਈ ਹੈ। ਸਿੱਖ ਰੀਤੀ ਨਾਲ ਕੀਤੇ ਜਾਂਦੇ ਵਿਆਹ ਅਰਥਾਤ ਅਨੰਦ ਕਾਰਜ ਸਮੇਂ ਗਾਇਨ ਕੀਤੀਆਂ ਜਾਦੀਆਂ ਲਾਵਾਂ[18] ਇਸੇ ਰਾਗ ਵਿਚ ਦਰਜ ਹਨ। 'ਲਾਵਾਂ' ਪੰਜਾਬੀ ਕਾਵਿ-ਰੂਪ ਵੀ ਹੈ। ਸੂਹੀ ਰਾਗ ਵਿਚ ਲਾਵਾਂ ਦਾ ਦਰਜ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਇਸ ਰਾਗ ਦੀਆਂ ਸੁਰਾਵਲੀਆਂ ਪੰਜਾਬ ਦੀ ਧਰਤੀ ਤੇ ਆਦਿ ਕਾਲ ਤੋਂ ਗੂੰਜ ਰਹੀਆਂ ਹਨ। ਇਸ ਰਾਗ ਦਾ ਵਰਤਮਾਨ ਪ੍ਰਵਾਣਿਤ ਸਰੂਪ ਇਸ ਤਰ੍ਹਾਂ ਹੈ:

ਥਾਟ : ਬਿਲਾਵਲ, ਜਾਤੀ : ਸੰਪੂਰਨ-ਸੰਪੂਰਨ, ਵਾਦੀ: ਪੰਚਮ, ਸੰਵਾਦੀ: ਸ਼ਡਜ, ਸ਼ਾਮ ਦਾ ਦੂਜਾ ਪਹਿਰ।

ਆਰੋਹ : ਸ ਰੇ ਗ ਮ ਪ, ਨੀ ਧ ਨੀ ਸਂ

ਅਵਰੋਹ : ਸਂ ਨੀ ਧ ਪ, ਮ ਗ ਰੇ, ਗ ਰੇ ਸ

ਮੁੱਖ ਅੰਗ : ਗ ਮ ਗ ਰੇ, ਗ ਮ ਨੀ ਧ ਪ, ਪ ਮ ਗ, ਮ ਗ, ਰੇ ਗ ਰੇ ਸ

ਸ੍. ਹਰਮੰਦਰ ਸਿੰਘ ਨੇ ਆਪਣੀ ਪੁਸਤਕ ਗੁਰਮਤਿ ਸੰਗੀਤ (ਭਾਗ ਪਹਿਲਾ) ਵਿਚ ਸ਼ੇਖ਼ ਫ਼ਰੀਦ ਜੀ ਦੇ ਪਦੇ 'ਤਪ ਤਪ ਲੁਹਿ ਲੁਹਿ ਹਾਥ ਮਰੋਰਉ' ਦੀ ਸੁਰਲਿਪੀ ਏਕ ਤਾਲ ਵਿਚ ਅੰਕਤ ਕੀਤੀ ਹੈ।[19]

ਸੂਹੀ ਲਲਿਤ ਰਾਗ ਅਧੀਨ ਕਬੀਰ ਜੀ ਅਤੇ ਫ਼ਰੀਦ ਜੀ ਦੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਨ੍ਹਾਂ ਉਪਰ ਦਿੱਤੇ ਸਿਰਲੇਖ ਵਿਲੱਖਣ ਹਨ:

1. ਸੂਹੀ ਕਬੀਰ ਜੀਉ ਲਲਿਤ[20]
2. ਸੂਹੀ ਲਲਿਤ ਕਬੀਰ ਜੀਓ[21]
3. ਸੂਹੀ ਲਲਿਤ[22] (ਸ਼ੇਖ਼ ਫ਼ਰੀਦ)

ਸੂਹੀ ਲਲਿਤ ਰਾਗ ਦੇ ਸਰੂਪ ਬਾਰੇ ਵਾਦ-ਵਿਵਾਦ ਰਿਹਾ ਹੈ। ਫਿਰ ਵੀ ਅੱਜ ਕੱਲ੍ਹ ਪ੍ਰਚੱਲਤ ਸਰੂਪ[23] ਨਿਮਨਲਿਖਤ ਹੈ :

ਜਾਤੀ : ਸੰਪੂਰਨ-ਸ਼ਾਡਵ, ਵਾਦੀ: ਮਧਿਅਮ, ਸੰਵਾਦੀ: ਸ਼ਡਜ, ਸਮਾਂ: ਦਿਨ ਦਾ ਦੂਜਾ ਪਹਿਰ।

ਆਰੋਹ : ਸ ਰੇ ਗ ਮ ਪ, ਨੀ ਧਾ ਨੀ ਸਾਂ

ਅਵਰੋਹ : ਸਂ ਰੇਂ ਨੀ ਧੁ ਮ ਧੁ ਮ ਮ ਗ, ਮ ਗ ਰੁੇ ਸ

ਮੁੱਖ ਅੰਗ: ਪ ਨੀ ਧ, ਨੀ ਸਂ, ਰੁੇਂ ਨੀ ਧੁ, ਮ ਗ ਮ, ਮ ਗ ਰੇ ਸਂ

ਉਸਤਾਦ ਸ਼ਾਮ ਸਿੰਘ ਨੇ ਆਪਣੀ ਪੁਸਤਕ ਈਸ਼ਰ ਸੰਗੀਤ ਸਾਗਰ ਵਿਚ ਫ਼ਰੀਦ ਜੀ ਦੇ ਰਾਗ ਸੂਹੀ ਲਲਿਤ ਵਿਚ ਦਰਜ ਪਦੇ ਦੀ ਸੁਰਲਿਪੀ ਯੱਕਾ ਤਾਲ ਵਿਚ ਅੰਕਤ ਕੀਤੀ ਹੈ।[24]

ਉਕਤ ਵਿਸ਼ਲੇਸ਼ਣ ਤੋਂ ਪ੍ਰਤੱਖ ਹੈ ਕਿ ਫ਼ਰੀਦ ਬਾਣੀ ਸੂਫ਼ੀ ਸੰਗੀਤ ਹਿੰਦੁਸਤਾਨੀ ਸੰਗੀਤ ਦੇ ਸਮੁੱਚ ਦੇ ਧਾਰਤਲ ਸਸ਼ੋਭਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਣੀ ਦੇ ਪ੍ਰਮਾਣਿਕ ਰੂਪ ਵਿਚ ਦਰਜ ਹੋਣ ਨਾਲ ਇਸਨੂੰ ਸੰਗੀਤਕ ਪੱਖੋਂ ਗੁਰਮਤਿ ਸੰਗੀਤ ਪ੍ਰਬੰਧ ਦਾ ਅਨੁਸਾਰੀ ਬਣਾਇਆ ਗਿਆ। ਪਦੇ ਦੇ ਸ਼ਬਦ ਕੀਰਤਨ ਲਈ ਵਿਸ਼ੇਸ਼ ਸ਼ਬਦ ਕੀਰਤਨ ਅੰਗ ਨੇ ਇਸਨੂੰ ਵਿਲੱਖਣਤਾ ਪ੍ਰਦਾਨ ਕੀਤੀ ਹੈ। ਗੁਰਬਾਣੀ ਦੇ ਅੰਤਰਗਤ ਵੀ ਫ਼ਰੀਦ ਬਾਣੀ ਦੀ ਇਕ ਨਿਵੇਕਲੀ ਪਛਾਣ ਇਸਦੀ ਵਿਸ਼ਿਸ਼ਟ ਸੰਗੀਤਕ ਪਿੱਠ-ਭੂਮੀ 'ਚੋਂ ਉਜਾਗਰ ਹੋ ਰਹੀ ਹੈ।

### ਹਵਾਲੇ ਅਤੇ ਟਿੱਪਣੀਆਂ


1. ਸਾਧੂ ਰਾਮ ਸ਼ਾਰਦਾ, ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਸਾਹਿਤ, ਪੰਨਾ 70
2. ਪੰਜਾਬੀ ਸੂਫ਼ੀ ਸਾਹਿਤ ਸੰਦਰਭ ਕੋਸ਼, ਪੰਨਾ 77
3. ਉਹੀ, ਪੰਨਾ 77
4. ਗੀਤਾ ਪੈਂਤਲ, ਪੰਜਾਬ ਕੀ ਸੰਗੀਤ ਪਰੰਪਰਾ, ਪੰਨਾ 25
5. ਆਚਾਰੀਆ ਬ੍ਰਿਹਸਪਤੀ, ਸੰਗੀਤ ਚਿੰਤਾਮਣੀ, ਪੰਨਾ 361
6. ਪ੍ਰੋ. ਉਜਾਗਰ ਸਿੰਘ, "ਫ਼ਰੀਦ ਤੇ ਸੂਫ਼ੀ ਮੱਤ", ਪੰਜਾਬੀ ਦੁਨੀਆਂ (ਫ਼ਰੀਦ ਅੰਕ), ਪੰਨਾ 198
7. ਸ਼ਮਸ਼ੇਰ ਸਿੰਘ ਅਸ਼ੋਕ, "ਸ਼ੇਖ਼ ਫ਼ਰੀਦਃ ਜੀਵਨ ਤੇ ਰਚਨਾ", ਪੰਜਾਬੀ ਦੁਨੀਆਂ (ਫ਼ਰੀਦ ਅੰਕ), ਪੰਨਾ 29
8. Khaliq Ahmed Nazami, The Life and Times of Sheikh Farid-ud-din Ganj-Shakar, p 37.
9. ਰਣਜੀਤ ਸਿੰਘ ਖੜਗ, "ਦਰਵੇਸ਼ ਫ਼ਰੀਦ ਤੇ ਉਹਦੀ ਰਚਨਾ", ਪੰਜਾਬੀ ਦੁਨੀਆਂ (ਫ਼ਰੀਦ ਅੰਕ), ਪੰਨਾ 22
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 462
11. ਹਵਾਲਾ ਸ਼ਮਸ਼ੇਰ ਸਿੰਘ ਅਸ਼ੋਕ, 'ਸ਼ੇਖ਼ ਫ਼ਰੀਦਃ ਜੀਵਨ ਤੇ ਰਚਨਾ', ਪੰਜਾਬੀ ਦੁਨੀਆਂ (ਫ਼ਰੀਦ ਅੰਕ), ਪੰਨਾ 22
12. ਗੁਰਨਾਮ ਸਿੰਘ (ਡਾ.), ਗੁਰਮਤਿ ਸੰਗੀਤਃ ਪ੍ਰਬੰਧ ਤੇ ਪਾਸਾਰ, ਪੰਨਾ 96
13. ਤਾਰਾ ਸਿੰਘ ਪ੍ਰੋ., ਭਗਤ ਰਾਗ ਰਤਨਾਵਲੀ, ਪੰਨਾ 131
14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੮
15. ਉਹੀ, ਪੰਨਾ ੪੮੮
16. ਉਹੀ, ਪੰਨਾ ੭੯੪
17. ਉਹੀ।
18. ਉਹੀ, ਪੰਨਾ 773

19. ਹਰਮੰਦਰ ਸਿੰਘ, ਗੁਰਮਤਿ ਸੰਗੀਤ (ਭਾਗ ਪਹਿਲਾ), ਪੰਨਾ 58
20. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 793
21. ਉਹੀ, ਪੰਨਾ 793
22. ਉਹੀ, ਪੰਨਾ 794
23. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991
24. ਸ਼ਾਮ ਸਿੰਘ ਉਸਤਾਦ, ਈਸ਼ਰ ਸੰਗੀਤ ਸਾਗਰ, ਪੰਨਾ 61

# ਰਬਾਬੀ ਭਾਈ ਬਲਵੰਡ ਅਤੇ ਭਾਈ ਸੱਤਾ

ਭਾਈ ਸੱਤਾ ਅਤੇ ਭਾਈ ਬਲਵੰਡ ਰਬਾਬੀ ਦਾ ਨਾਂ ਸਿੱਖ ਜਗਤ ਵਿੱਚ ਬੜਾ ਚਰਚਿਤ ਹੈ। ਆਪ ਗੁਰੂ ਘਰ ਦੇ ਅਨਿੰਨ ਕੀਰਤਨੀਏ ਸਨ। ਸਿੱਖ ਇਤਿਹਾਸ ਅਨੁਸਾਰ ਭਾਈ ਬਲਵੰਡ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਜੀ ਤੱਕ ਕੀਰਤਨ ਦੀ ਸੇਵਾ ਕੀਤੀ। ਆਪ ਵੱਲੋਂ ਰਾਗ ਰਾਮਕਲੀ ਵਿੱਚ ਰਚੀ ਵਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਹੈ। ਸਿੱਖ ਜਗਤ ਇਸ ਵਾਰ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਵਾਰ ਵਿੱਚ ਗੁਰ ਇਤਿਹਾਸ ਨਾਲ ਸਬੰਧਤ ਕਈ ਮਹੱਤਵਪੂਰਨ ਵੇਰਵੇ ਮਿਲਦੇ ਹਨ। ਇਸ ਵਾਰ ਬਾਰੇ ਸਿੱਖ ਜਗਤ ਵਿੱਚ ਇਹ ਵੀ ਰਵਾਇਤ ਹੈ ਕਿ ਇਸ ਵਾਰ ਦੇ ਵਾਰ-ਵਾਰ ਪਾਠ ਕਰਨ ਨਾਲ ਸਰੀਰਕ ਕਸ਼ਟ ਦੂਰ ਹੁੰਦੇ ਹਨ।

ਬਲਵੰਡ ਰਬਾਬੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਕਰਦਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਨ ਕਰਨ ਲਈ ਬਲਵੰਡ ਰਬਾਬੀ ਵੀ ਨਾਲ ਭੇਜਿਆ। ਸਰੂਪ ਦਾਸ ਭੱਲਾ ਨੇ ਮਹਿਮਾ ਪ੍ਰਕਾਸ਼ ਵਿੱਚ ਲਿਖਿਆ ਹੈ -

ਬਲਵੰਡ ਰਬਾਬੀ ਤੁਮ ਸੰਗ ਜਾਵੈ ।।
ਸਮੇ ਸਮੇ ਹਰਿ ਕੀਰਤਨ ਗਾਵੈ ।।

ਭਾਈ ਸੰਤੋਖ ਸਿੰਘ ਅਨੁਸਾਰ ਭਾਈ ਸੱਤਾ ਵੀ ਬਲਵੰਡ ਨਾਲ ਕੀਰਤਨ ਕਰਦਾ ਸੀ-

ਹੁਤੋ ਡੂਮ ਬਲਵੰਡ ਮਹਾਨਾ ।।
ਸ ਤਾ ਤਿਸਕੋ ਅਨੁਜ ਸੁਜਾਨਾ ।।

ਇਤਿਹਾਸ ਵਿੱਚ ਅਜਿਹਾ ਭੀ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਲਵੰਡ ਰਬਾਬੀ ਦੀ ਸੰਭਾਲ ਲਈ ਵਿਸ਼ੇਸ਼ ਆਦੇਸ਼ ਵੀ ਦਿੱਤਾ ਕਿ ਇਸ ਦੀ ਸੰਭਾਲ ਇਸ ਤਰ੍ਹਾਂ ਕਰਨੀ ਹੈ ਜਿਵੇਂ ਬੱਤੀ ਦੰਦਾਂ ਵਿੱਚ ਜੀਭ ਰੱਖੀਦੀ ਹੈ।

ਬਲਵੰਡ ਰਬਾਬੀ ਸਤਿਗੁਰ ਦੇ ਸਨਮੁਖ ਬਹੈ।
ਚੌਕੀ ਸਬਦ ਸੁਨਾਇ ਸਦਾ ਸੁਖ ਮੋ ਰਹੈ।
ਗੁਰ ਬਾਬੇ ਕਹੀ ਸੁ ਪਾਸ ਇਸੇ ਇਮ ਰਾਖੀਐ।
ਹੋ ਜਿਮ ਦਾਤਨ ਮੋ ਜੀਭ ਵਚਨ ਸਭ ਭਾਖੀਐ।

ਮਹਿਮਾ ਪ੍ਰਕਾਸ਼ (ਵਾਰਤਕ) ਵਿੱਚ ਲਿਖਿਆ ਹੈ–ਬਲਵੰਡ ਮੇਰਾ ਰਬਾਬੀ ਹੈ। ਇਸ ਕੋ ਨਾਲ ਲੈ ਜਾਈਐ। ਤੁਸਾਡੇ ਰੋਬਰੋ (ਰੂਬਰੂ) ਸਬਦ ਕੀ ਚਉਕੀ ਕਰੇਗਾ। ਇਸ ਕੋ ਇਉ ਰਖਨਾ ਜਿਉ ਦੰਦਾ ਮੇ ਜੀਭ ਰਹਦੀ ਹੈ। ਅਰ ਹੋਰ ਸਭ ਮਿਲਾਪੀਆ ਨੂੰ ਮੇਰੀ ਆਗਿਆ ਹੈ।

ਉਸ ਦਿਨ ਤੋਂ ਬਾਅਦ ਬਲਵੰਡ ਗੁਰੂਅੰਗਦ ਦੇਵ ਜੀ ਨਾਲ ਪੂਰੀ ਤਰ੍ਹਾਂ ਜੁੜ ਗਿਆ। ਗੁਰਿਆਈ ਮਿਲਣ ਤੋਂ ਬਾਅਦ ਗੁਰੂਅੰਗਦ ਦੇਵ ਜੀ ਕੁਝ ਸਮਾਂ ਲੋਪ ਹੋ ਗਏ ਸਨ। ਬਾਬਾ ਬੁੱਢਾ ਜੀ ਨੇ ਜਦੋਂ ਉਹਨਾਂ ਦੀ ਭਾਲ ਕੀਤੀ ਤਾਂ ਇਸ ਸਾਰੇ ਪ੍ਰਸੰਗ ਵਿੱਚ ਭਾਈ ਬਲਵੰਡ ਦਾ ਵੀ ਵਿਸ਼ੇਸ਼ ਤੌਰ 'ਤੇ ਜ਼ਿਕਰ ਆਉਂਦਾ ਹੈ। ਭਾਈ ਬਲਵੰਡ ਛੇ ਮਹੀਨੇ ਗੁਰੂ ਦੇ ਦਰਸ਼ਨਾਂ ਦੀ ਆਸ ਵਿੱਚ ਬੈਠਾ ਰਿਹਾ। ਮਹਿਮਾ ਪ੍ਰਕਾਸ਼ ਇਹ ਸਾਖੀ ਬੜੇ ਰੌਚਕ ਢੰਗ ਨਾਲ ਬਿਆਨ ਕੀਤੀ ਹੈ–

ਤਬ ਬੁਢਾ ਖਡੂਰ ਕੋ ਆਇਆ, ਮਾਈ ਬਿਰਾਈ ਕੇ ਘਰ। ਮਾਈ ਬਿਰਾਈ ਬੈਠੀ ਥੀ। ਅਰ ਬਲਵੰਡ ਭੀ ਉਥੇ ਥਾ। ਬੁਢੇ ਨੇ ਮਾਈ ਕੋ ਪੈਰੀ ਪਉਨਾ ਕੀਆ ਅਰ ਮਾਈ ਨੂੰ ਆਖਿਆ–ਸਾਨੂੰ ਬੜੀ ਲੋਚਾ ਹੈ ਗੁਰੂ ਕਾ ਦਰਸ਼ਨ ਕਰਾਉ। ਤਬ ਮਾਈ ਨੇ ਆਖਿਆ–ਗੁਰੂ ਕੀ ਗੁਰੂ ਜਾਣੇ। ਜਿਥੇ ਤੈਨੂੰ ਗੁਰੂ ਨਜ਼ਰ ਆਵਦਾ ਹੈ ਉਥਊ ਲਭ ਲੈ। ਤਬ ਬੁਢੇ ਆਖਿਆ–ਮਾਈ ਤੇਰੇ ਮਥੇ ਮਾਲੂਮ ਹੋਵਦਾ ਹੈ। ਜੋ ਗੁਰੂ ਤੇਰੇ ਘਰ ਮੋ ਹੈ। ਅਰ ਮੈਨੂੰ ਗੁਰੂ ਕਾ ਵਚਨ ਹੈ, ਜਿਥੇ ਮੈ ਹੋਵਾਂਗਾ ਤਿਥੇ ਤੈਨੂੰ ਦਰਸ਼ਨ ਦੇਵਾਂਗਾ। ਤਬ ਬਲਵੰਡ ਆਖਿਆ– ਭਾਈ ਬੁਢਿਆ ਛੇ ਮਹੀਨੇ ਹੋਏ ਹੈ ਸਾਨੂੰ ਦੁਆਰੇ ਉਪਰਿ ਬੈਠਿਆ ਨੂੰ। ਭਲਾ ਹੋਇਆ ਤੂੰ ਆਇਆ ਹੈ। ਤੈਨੂੰ ਬਾਬਾ ਜੀ ਕੀ ਖੁਸੀ ਹੈ। ਭਲਾ ਕਰੇ ਦੁਆਰਾ ਖੋਲੇ। ਤੂ ਦਰਸ਼ਨ ਕਰੇ ਅਰ ਸਾਨੂੰ ਕਰਾਵੈ। ਤਬ ਬੁਢੇ ਦੁਆਰਾ ਖੋਲ੍ਹਿਆ। ਸ੍ਰੀ ਗੁਰੂ ਕੇ ਚਰਨ ਕੇ ਆਗੇ ਜਾਇ ਪੜੇ ਅਰ ਬਲਵੰਡ ਨੇ ਰਬਾਬ ਬਜਾਇਆ। ਮਾਈ ਬਿਰਾਈ ਅਉਰ ਬੁਢਾ ਦਰਸਨ ਲਗੇ ਕਰਨ। ਅਰ ਬਲਵੰਡ ਕੀਰਤਨ ਲਗਾ ਕਰਨ। ----ਗੁਰੂ ਜੀ ਸਿੰਘਾਸਨ ਪਰ ਆਨ ਬੈਠੇ। ਬਲਵੰਡ ਰਬਾਬੀ ਸਬਦ ਕੀ ਚਊਕੀ ਕੀਆ।

ਇਕ ਸਮੇਂ ਭਾਈ ਬੁੱਢੇ ਨੂੰ ਕੀਰਤਨ ਨਾ ਸੁਣਾਉਣ ਕਾਰਨ ਗੁਰੂ ਜੀ ਬਲਵੰਡ ਨਾਲ ਨਾਰਾਜ਼ ਹੋਏ ਪਰ ਬਾਅਦ ਵਿੱਚ ਮੁਆਫ ਕਰ ਦਿੱਤਾ–

ਤਬ ਬਲਵੰਡ ਨੇ ਅਰਦਾਸ ਕੀਤੀ– ਮੇਹਰਵਾਨ ਮੈ ਬਡਾ ਪਾਪੀ ਹਾ ਮੈਨੂਕ੍ਰਿਪਾ ਕਰਕੇ ਬਖਸੀਏ। ਤਬ ਗੁਰੂ ਜੀ ਕਿਰਪਾ ਕੇ ਘਰ ਆਏ। ਤਬ ਆਗਿਆ ਹੋਈ– ਕੁਝ ਉਸਤਤ ਕਰ। ਤਬ ਬਲਵੰਡ ਆਖਿਆ– ਮੇਹਰਵਾਨ ਮੇਰੇ ਪਾਸੋਂ ਕੁਛ ਨਹੀ ਹੋਦਾ। ਮੈ ਬਡਾ ਗੁਨਹਗਾਰ ਹਾ। ਆਗਿਆ ਹੋਈ– ਮੇਰੇ ਬਚਨ ਕਰਕੇ ਤੂ ਉਸਤਤ ਕਰਿ। ਤਬ ਬਲਵੰਡ ਨੇ ਟਿਕੇ ਕੀ ਵਾਰ ਆਖੀ। ਤਬ ਗੁਰੂ ਜੀ ਕੀ ਖੁਸੀ ਹੋਈ। ਤਬ ਬਲਵੰਡ ਕੇ ਘਟ ਮੇ ਬਾਨੀ ਕਾ ਨਿਵਾਸ ਹੋਆ।

ਸੱਤੇ ਅਤੇ ਬਲਵੰਡ ਦੁਆਰਾ ਰਚੀ ਵਾਰ ਦੀ ਪ੍ਰਸ਼ੰਸਾ ਬਾਰੇ ਵੀ ਹਵਾਲੇ ਪ੍ਰਾਪਤ ਹੁੰਦੇ ਹਨ–

ਪੌੜੀ ਕਰੀ ਬਲਵੰਡ ਇਹ ਟਿਕੇ ਕੀ ਵਾਰ ਮਿਲਾਇ।
ਸੋਹਤ ਸ੍ਰੀ ਗ੍ਰੰਥ ਮੋ ਸਭ ਕੋ ਗਾਵਤ ਤਾਹ।
ਸੁਨ ਬਾਕ ਬਿਲਾਸ ਬਲਵੰਡ ਕੇ ਸਤਿਗੁਰ ਭਏ ਪ੍ਰਸੰਨ।
ਪਉੜੀ ਸੁਨ ਕਰ ਵਾਰ ਕੀ ਸਭ ਲੋਕ ਕਰੇ ਧਨ ਧੰਨ।

ਸਿੱਖ ਜਗਤ ਵਿੱਚ ਇਹ ਵੀ ਰਵਾਇਤ ਹੈ ਕਿ ਜਦੋਂ ਕਿਸੇ ਗੁਰੂ ਸਾਹਿਬ ਨੂੰ ਗੁਰਿਆਈ ਦਾ ਟਿੱਕਾ ਲੱਗਦਾ ਉਦੋਂ ਭਾਈ ਸੱਤਾ ਅਤੇ ਬਲਵੰਡ ਉਸ ਗੁਰੂ ਸਾਹਿਬ ਦੀ ਉਸਤਤ ਵਿੱਚ ਵਾਰ ਦੀ ਪਉੜੀ ਉਚਾਰਦੇ। ਇਸੇ ਕਾਰਨ ਇਹਨਾਂ ਦੁਆਰਾ ਰਚੀ ਵਾਰ ਨੂੰ ਟਿੱਕੇ ਦੀ ਵਾਰ ਵੀ ਕਿਹਾ ਜਾਂਦਾ ਹੈ। ਗੁਰ ਗੱਦੀ ਮਿਲਣ ਉਪਰੰਤ ਗੁਰੂ ਅਮਰ ਦਾਸ ਜੀ ਨੇ ਜਦੋਂ ਪਹਿਲਾ ਦੀਵਾਨ ਲਗਾਇਆ ਉਦੋਂ ਭਾਈ ਸਤਾ ਅਤੇ ਭਾਈ ਬਲਵੰਡ ਨੇ ਕੀਰਤਨ ਕੀਤਾ ਅਤੇ ਗੁਰੂ ਅਮਰ ਦਾਸ ਜੀ ਬਾਰੇ ਪਉੜੀ ਉਚਾਰੀ–

ਬਲਵੰਡ ਰਬਾਬੀ ਸਤਾ ਆਏ।
ਅਦਭੁਤ ਦਰਸਨ ਸਤਿਗੁਰ ਪਾਏ।
ਤਿਨ ਧੁਨ ਰਬਾਬ ਕਰ ਉਸਤਤ ਕਰੀ।
ਟਿਕੇ ਵਾਰ ਕੀ ਪਉੜੀ ਕਰੀ।

ਅਤੇ ਫਿਰ ਹਰ ਰੋਜ਼ ਅੰਮ੍ਰਿਤ ਵੇਲੇ ਕੀਰਤਨ ਕਰਦੇ ਸਨ–

ਸਾਹਿਬ ਸਿੰਘਾਸਨ ਪਰ ਆ ਬੈਠੇ। ਬਲੂ ਮੋਰਛਲੁ ਲਗਾ ਕਰਨੇ। ਤਬ ਸਤਾ ਬਲਵੰਡ ਰਬਾਬੀ ਆਨ ਕਰ ਭਜਨ ਲਗੇ ਕਰਨੇ। ----ਜਬ ਪ੍ਰਭਾਤ ਹੋਤਾ ਤਬ ਬਲਵੰਡ ਅਰ ਸਤਾ ਸਬਦ ਕੀ ਚਉਕੀ ਕਰਤੇ ਥੇ।

ਸਾਰੇ ਗੁਰੂ ਸਾਹਿਬਾਨ ਦੇ ਦਰਬਾਰ ਵਿੱਚ ਅਨੇਕ ਰਬਾਬੀਆਂ ਵੱਲੋਂ ਰਾਗ ਮਈ ਕੀਰਤਨ ਕਰਨ ਦਾ ਜ਼ਿਕਰ ਆਉਂਦਾ ਹੈ। ਪਰ ਇਹਨਾਂ ਵਿੱਚੋਂ ਬਲਵੰਡ ਰਬਾਬੀ ਪ੍ਰਮੁੱਖ ਦਰਸਾਇਆ ਜਾਂਦਾ ਹੈ। ਭਾਈ ਸੰਤੋਖ ਸਿੰਘ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਦੀ ਕੀਰਤਨ ਮਰਯਾਦਾ ਬਾਰੇ ਲਿਖਦੇ ਹਨਃ

ਭਈ ਜਗਤ ਮੇ ਬਿਦਤ ਸੁ ਬਾਤੀ।
ਆਇ ਅਨੇਕ ਖਰੇ ਹੁਇ ਪ੍ਰਾਤੀ।
ਸੰਕਟ ਨਸੂਹਿ ਮਦਨ ਸਿਧਾਰਹਿ।
ਜਹਿ ਕਹਿ ਸ੍ਰੀ ਗੁਰ ਸੁਜਸ ਬਿਥਾਰਹਿ।
ਬਹੁਰ ਰਬਾਬੀ ਕਿਰਤਨ ਗਾਵੈਂ।
ਸੁਨਹਿ ਬੀਚ ਸੰਗਤਿ ਹਰਖਾਵੈਂ।
ਬੈਠ ਰਹੈਂ ਸਿਘਾਸਨ ਫੇਰ।
ਸਿਖ ਸੰਗਤਿ ਸਭ ਦਰਸਨੁ ਹੇਰਿ।

… … …

ਸਭਾ ਬਿਖੈ ਸੁਭ ਆਸਨ ਬੈਸੇ।
ਮੁਨਿ ਗਨਿ ਸਹਿਤ ਸੰਭੁ ਹੁਇ ਜੈਸੇ।
ਚਹੁ ਦਿਸ ਪਰਵਾਰਤਿ ਸਿਖ ਆਇ।
ਰੁਚਿਰ ਰਬਾਬੀ ਰਾਗਨਿ ਗਾਇ।

ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਦੇ ਗੁਰਿਆਈ ਕਾਲ ਵਿੱਚ ਗੋਇੰਦਵਾਲ ਵਿਖੇ ਵੀ ਰਬਾਬੀਆਂ ਦੇ ਕੀਰਤਨ ਕਰਨ ਦਾ ਜਿਕਰ ਭਾਈ ਸੰਤੋਖ ਸਿੰਘ ਜੀ ਨੇ ਕੀਤਾ ਹੈ-

ਪ੍ਰਾਤਿ ਹੋਤਿ ਲਗ ਇਸੀ ਬਿਧੀ ਇਸਥਿਰਤਾ ਪਾਵੈ।
ਬਹੁਰ ਰਬਾਬੀ ਆਇ ਕਰਿ ਗੁਰ ਸਬਦ ਸੁ ਗਾਵੈ।
ਅਨਿਕ ਰੀਤਿ ਕੇ ਰਾਗ ਕੋ ਸੁਨਿ ਅਨਦ ਬਿਲੰਦੇ।
ਮਨੋ ਮਧੁਰ ਘਨ ਗਰਜੇਤ ਜਯੋ ਮੇਰ ਸੁਹੰਦੇ।
... ... ... ...
ਆਵੇ ਚੌਥੇ ਜਾਮ ਦਨ ਇਤਿਹਾਸੁ ਪ੍ਰਕਾਸੇ।
ਸੁਨੈ ਸਤਿਗੁਰ ਬੈਠਿ ਕਰਿ ਸੰਗਤਿ ਹਿਕ ਪਾਸੇ।
ਬਹੁਤ ਰਬਾਬੀ ਆਇ ਕਰਿ ਗੁਰ ਸਬਦ ਸੁਨਾਵੈ।
ਰਾਗ ਰਾਗਨੀ ਧੁਨਿ ਸਤਹ ਸੁੰਦਰ ਬਿਧਿ ਗਾਵੈ।
ਕਥਾ ਕੀਰਤਨਿ ਕਰਤਿ ਹੀ ਨਿਸੁ ਜਾਮ ਬਿਤਾਵੈ।
ਸਿਮਰਨ ਹੁਇ ਸਤਿਨਾਮ ਕੋ ਇਕਹ ਚਿਤਲਿਵ ਲਾਵੈ।

ਗੁਰਮਤਿ ਦੇ ਪ੍ਰਚਾਰ ਲਈ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ, ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ, ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ, ਗੁਰੂ ਅਰਜਨ ਦੇਵ ਜੀ ਨੇ ਤਰਤਤਾਰਨ ਸਾਹਿਬ ਨੂੰ ਵਿਕਸਿਤ ਕੀਤਾ। ਗੁਰੂ ਹਰਗੋਬਿੰਦ ਸਾਹਿਬ ਕਰਤਾਰਪੁਰ (ਭਾਰਤੀ ਪੰਜਾਬ), ਗੁਰੂ ਗੋਬਿੰਦ ਸਿੰਘ ਦੁਆਰਾ ਕੀਰਤਪੁਰ ਸਾਹਿਬ, ਆਨੰਦਪੁਰ ਸਾਹਿਬ, ਦਮਦਮਾ ਸਾਹਿਬ, ਪਾਉਂਟਾ ਸਾਹਿਬ, ਹਜੂਰ ਸਾਹਿਬ (ਨੰਦੇੜ) ਵਿਖੇ ਗੁਰੂ ਘਰਾਂ ਦੇ ਰੂਪ ਵਿੱਚ ਸਿੱਖੀ ਦੇ ਪਰਚਾਰ ਕੇਂਦਰ ਸਥਾਪਤ ਕੀਤੇ। ਇਨ੍ਹਾਂ ਸਥਾਨਾਂ ਤੇ ਕੀਰਤਨ ਨੂੰ ਦੈਨਿਕ ਮਰਿਆਦਾ ਦਾ ਪ੍ਰਮੁੱਖ ਅੰਗ ਬਣਾਇਆ । ਗੁਰ ਦਰਬਾਰ ਦਾ ਆਰੰਭ ਅਤੇ ਸਮਾਪਤੀ ਸ਼ਬਦ ਕੀਰਤਨ ਰਾਹੀਂ ਕੀਤੀ ਜਾਂਦੀ ਸੀ। ਗੁਰੂ ਰਾਮਦਾਸ ਜੀ ਦੇ ਸਮੇਂ ਵੀ ਰਬਾਬੀਆਂ ਦੇ ਕੀਰਤਨ ਕਰਨ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ-

ਗਾਵਹਿ ਸਬਦ ਰਬਾਬੀ ਰਾਗਿ।
ਜਿਨ ਕੇ ਬਿਖੈ ਪਰਮ ਬੈਰਾਗ।
ਸਭਾ ਲਗਹਿ ਜਬ ਹੋਵਤਿ ਭੋਰ।
ਆਵਹਿ ਸਿਖ ਕਰਹਿ ਬਹੁ ਜੋਰ।

ਬਿਚ ਰਾਗਨ ਕੇ ਸ਼ਬਦ ਬਨਾਵਹਿ।
ਮਧੁਰ ਮਧੁਰ ਮੁਖ ਤੇ ਧੁਨ ਗਾਵਹਿ।

ਜਦੋਂ ਗੁਰੂ ਅਰਜਨ ਦੇਵ ਦੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਭਾਈ ਸੱਤਾ ਬਲਵੰਡ ਨੇ ਕੀਰਤਨ ਕੀਤਾ ਅਤੇ ਗੁਰੂ ਜੀ ਬਾਰੇ ਪੌੜੀ ਉਚਾਰੀ। ਵਿੱਚ ਲਿਖਿਆ ਹੈ–

ਬਲਵੰਡ ਪੁਤਰ ਸਤਾ ਤਹ ਆਇਆ।
ਆਨ ਹਜੂਰ ਰਬਾਬ ਵਜਾਇਆ।
ਗੁਰ ਉਸਤਤ ਕਰਿ ਗਾਵਨ ਲਾਗਾ।
ਕਰੈ ਭਜਨ ਪ੍ਰੇਮ–ਰਸ ਪਾਗਾ।
ਪਉੜੀ ਕਰ ਉਸਤਤ ਮੁਖਿ ਗਾਈ।
ਟਿੱਕੇ ਕੀ ਵਾਰ ਮਾਹਿ ਲਾਈ।
ਸਤਿਗੁਰ ਤਾ ਪਰ ਕ੍ਰਿਪਾ ਕਰੀ।
ਸੰਗ ਵਾਰ ਲਗਾਇ ਗ੍ਰਿੰਥ ਲਿਖ ਧਰੀ।

ਆਦਿ ਗ੍ਰੰਥ ਦੇ ਪ੍ਰਕਾਸ਼ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਦੀ ਮਰਯਾਦਾ ਦਾ ਆਰੰਭ ਹੋਇਆ। ਸ੍ਰੀ ਹਰਿਮੰਦਰ ਸਾਹਿਬ ਅੰਦਰ ਸਭ ਤੋਂ ਪਹਿਲਾਂ ਗੁਰੂਜਸ ਗਾਇਨ ਕਰਨ ਦਾ ਸੁਭਾਗ ਰਬਾਬੀ ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਪ੍ਰਾਪਤ ਹੋਇਆ।

ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਇਹ ਸੁਭਾਗ ਵੀ ਪ੍ਰਾਪਤ ਹੋਇਆ ਕਿ ਉਹਨਾਂ ਦੁਆਰਾ ਰਚੀ ਵਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦਿੱਤਾ।

ਜਿੰਹ ਨਰ ਕਉ ਜਗ ਕੋਊ ਨ ਜਾਨੈ।
ਨਾਮ ਜਪਤ ਸੇ ਚਹੁੰ ਕੁੰਟ ਮਾਨੈ।
ਸਤਾ ਅਰੁ ਬਲਵੰਡ ਮਿਰਾਸੀ।
ਤਾਕੀ ਕਟੀ ਗੁਰੁ ਭਵ ਫਾਸੀ।
ਤਿਨਹਿੰ ਵਾਰ ਗੁਰ ਉਪਮ ਉਚਾਰੀ।
ਸ੍ਰੀ ਗ੍ਰੰਥ ਮਹਿ ਲਿਖ ਗੁਰ ਧਾਰੀ।

ਸੱਤਾ ਅਤੇ ਬਲਵੰਡ ਵੱਲੋਂ ਕੀਤੀ ਭੁੱਲ ਵਾਲੀ ਸਾਖੀ ਨੂੰ ਮਹਿਮਾ ਪ੍ਰਕਾਸ਼ ਦਾ ਕਰਤਾ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇੱਕ ਸਾਖੀ ਨਾਲ ਜੋੜਦਾ ਹੈ। ਇੱਕ ਸਮੇਂ ਭਾਈ ਮਰਦਾਨਾ ਅਤੇ ਦਾਲਾ ਗੁਰੂ ਨਾਨਕ ਦੇਵ ਜੀ ਨਾਲ ਕੀਰਤਨ ਕਰ ਰਹੇ ਸਨ ਤਾਂ ਉਹਨਾਂ ਨੂੰ ਆਪਣੀ ਗਾਇਨ ਕਲਾ ਤੇ ਹੰਕਾਰ ਹੋ ਗਿਆ ਉਦੋਂ ਗੁਰੂ ਨਾਨਕ ਦੇਵ ਜੀ ਨੇ ਇਹ ਭਵਿੱਖ ਬਾਣੀ ਕੀਤੀ ਸੀ ਕਿ ਸਾਡੇ ਪੰਜਵੇਂ ਜਾਮੇ ਵਿੱਚ ਤੁਸੀਂ ਅਵੱਗਿਆ ਕਰੋਗੇ –

ਏਕ ਅਨੀਹ ਰੂਪ ਗੁਰੂ ਨਾਨਕ।
ਰਾਵੀ ਤਟ ਬੈਠੇ ਸੁਖ ਖਾਨਕ।
ਦਾਲ ਡੂਮ ਸਾਥ ਮਰਦਾਨੇ।
ਢੂੰਢਤ ਆਏ ਗੁਰੁ ਨਿਕਟਾਨੇ।
ਮਰਦਾਨੇ ਕੋ ਤਬ ਗੁਰ ਕਹਾ।
ਰਬਾਬ ਬਜਾਵੋ ਰਾਗ ਸੁ ਗਹਾ।
ਰਬਾਬ ਬਜਾਯੋ ਤਿੰਹ ਬਡ ਭਾਗੇ।
ਆਪ ਦਾਲੇ ਸਿਉ ਗਾਵਨਿ ਲਾਗੇ।
ਘੜੀ ਜੁਗਲ ਦਿਨ ਜਬੈ ਰਹਾਈ।
ਆਸਾ ਰਾਗਨੀ ਸ੍ਰੀ ਗੁਰ ਗਾਈ।
ਸੁਨਤ ਰਾਗ ਪੰਛੀ ਮ੍ਰਿਗ ਮੋਹੈ।
ਬੈਰ ਭਾਵ ਨਿਜ ਮਨ ਨਹੀਂ ਜੋਹੈ।
ਮਾਨ ਕੀਓ ਮਰਦਾਨੇ ਦਾਲੇ।
ਮ੍ਰਿਗ ਪੰਛੀ ਮੋਹ ਹਮ ਖਿਆਲੇ।
ਗੁਰੁ ਨਾਨਕ ਤਬ ਮੋਨ ਸੁਧਾਰੀ।
ਦਾਲੇ ਕਹਿਓ ਮੋਨ ਕਿਮ ਸਾਰੀ।-----
ਸ੍ਰੀ ਗੁਰੂਨਾਨਕ ਤਬ ਕਹਾ ਤੁਮੈ ਮਾਨ ਅਬ ਕੀਨ।
ਮਾਨ ਸਹਿਤਿ ਕਲਿਆਨ ਨਹਿੰ ਕਰੋ ਜਤਨ ਚਿਤ ਚੀਨ।
ਤਬ ਦੁਹੁੰਅਨ ਬਿਨਤੀ ਕਰੀ ਹੇ ਪ੍ਰਭ ਬਖਸ ਦਿਆਲ।
ਸ੍ਰੀ ਗੁਰ ਨਾਨਕ ਤਬ ਕਹਾ ਲਿਖਾ ਇਹੀ ਬਿਧ ਭਾਲ।

ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਸ ਸਮੇਂ ਦੇ ਸਿੱਖ ਭਾਈ ਸੱਤਾ ਅਤੇ ਬਲਵੰਡ ਵੱਲੋਂ ਕੀਤੀ ਭੁੱਲ ਨੂੰ ਵੀ ਗੁਰੂ ਦੇ ਚੋਜ ਹੀ ਗਿਣਦੇ ਸਨ। ਗੁਰੂ ਸਾਹਿਬ ਆਪਣੀਆਂ ਸਿੱਖਿਆਵਾਂ ਦ੍ਰਿੜ ਕਰਵਾਉਣ ਲਈ ਅਜਿਹੀਆਂ ਘਟਨਾਵਾਂ ਰਚਦੇ ਸਨ। ਜਿਵੇਂ ਭਾਈ ਗੁਰਦਾਸ ਜੀ ਨੇ ਆਪਣੀ ਇੱਕ ਵਾਰ ਵਿੱਚ ਲਿੱਖ ਦਿੱਤਾ–

ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨਾ ਹਾਰੇ।

ਤਾਂ ਗੁਰੂ ਅਰਜਨ ਦੇਵ ਜੀ ਨੇ ਮਹਿਸੂਸ ਕੀਤਾ ਕਿ ਇਹ ਤੁਕ ਕਿਸੇ ਹੰਕਾਰ ਵਿੱਚੋਂ ਪ੍ਰਗਟ ਹੋਈ ਹੈ। ਤਾਂ ਉਹਨਾਂ ਨੇ ਭਾਈ ਸਾਹਿਬ ਨੂੰ ਸਿੱਖਿਆ ਦੇਣ ਲਈ ਇੱਕ ਕੌਤਕ ਦੀ ਰਚਨਾ ਕੀਤੀ। ਜਦੋਂ ਭਾਈ ਸਾਹਿਬ ਉਸ ਸਮੇਂ ਮਜਬੂਰ ਹੋਏ ਤਾਂ ਉਹਨਾਂ ਨੂੰ ਇਹ ਕਹਿਣਾ ਪਿਆ –

ਜੇ ਗੁਰ ਭਾਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ।

ਗੁਰੂ ਹਰਿ ਗੋਬਿੰਦ ਜੀ ਸੱਤਾ ਅਤੇ ਬਲਵੰਡ ਨੂੰ ਬਹੁਤ ਪਿਆਰ ਕਰਦੇ ਸਨ। ਜਦੋਂ ਸੱਤਾ ਅਤੇ ਬਲਵੰਡ ਦਾ ਦੇਹਾਂਤ ਹੁੰਦਾ ਹੈ ਤਾਂ ਆਪ ਵੈਰਾਗ ਵਿੱਚ ਆ ਜਾਂਦੇ ਹਨ।

ਗੁਰ ਬਿਲਾਸ ਪਾਤਸ਼ਾਹੀ[6] ਵਿੱਚ ਸੱਤਾ ਅਤੇ ਬਲਵੰਡ ਦੇ ਦੇਹਾਂਤ ਨੂੰ ਇੱਕ ਅਲੌਕਿਕ ਕਥਾ ਦੇ ਰੂਪ ਵਿੱਚ ਬਿਆਨ ਕੀਤਾ ਹੈ:

ਬਲਵੰਡ ਸੱਤਾ ਮਨ ਮੈਂ ਸੁਖ ਧਰੈਂ।
ਹਰਿ ਗੋਵਿੰਦ ਢਿਗ ਕੀਰਤਨ ਕਰੈਂ।
ਏਕ ਦਿਵਸ ਬਹੁ ਕੀਰਤਨ ਕੀਨੇ।
ਗੁਰ ਬਪ ਦੇਖ ਹਰਖ ਮਨ ਲੀਨੋ।। 799

ਅੰਤ ਸਮਾ ਅਪਨਾ ਦ੍ਰਿਸ਼ਟਾਯੋ।
ਸ੍ਰੀ ਗੁਰੁ ਨਾਨਕ ਬੋਲ ਪਠਾਯੋ।
ਸ੍ਰੀ ਚੰਦ ਪੁਨ ਲਖਮੀ ਦਾਸ।
ਮਹਾਂ ਦੇਵ ਦਾਸੂ ਸੁਖ ਰਾਸ।। 800

ਦੋਹਰਾ– ਗੁਰੁ ਨਾਨਕ ਲੇਵਨ ਪਠੇ ਏਹੁ ਚਾਰੋ ਤਬ ਆਇ।
ਬਲਵੰਡ ਸਤੈ ਕੌਂ ਦਰਸ ਦੈ ਐਸੇ ਕਹਾ ਸੁਨਾਇ।। 801

ਚੌਪਈ– ਗੁਰ ਨਾਨਕ ਜੀ ਤੁਮੈਂ ਬੁਲਾਯੋ।
ਸ੍ਰਾਪ ਪੁਰ ਜਸ ਤੋਰ ਮਹਾਯੋ।
ਬਲਵੰਡ ਸੱਤੇ ਤਿੰਹ ਬੰਦਨ ਧਾਰ।
ਹਰਗੋਬਿੰਦ ਕੋ ਦੀਓ ਦਿਦਾਰ।। 802

ਗੁਰ ਮੂਰਤ ਮਨ ਮੈਂ ਦ੍ਰਿੜ ਕੀਨੀ।
ਸੱਤਨਾਮ ਕਹ ਬਪ ਤਜ ਦੀਨੀ।
ਬਲਵੰਡ ਮਰਦਾਨੇ ਕਾ ਤਨ ਪਾਯੋ।
ਸੁਰ ਸੁੰਦਰ ਅਤ ਰੂਪ ਸੁਹਾਯੋ।। 803

ਦੋਹਰਾ– ਦਾਲੇ ਬਪੁ ਸੁੰਦ੍ਰ ਲੀਓ ਸੁੰਦ੍ਰ ਦੇਵ ਅਪਾਰ।
ਲਲਤ ਯਾਨ ਦੋਊ ਚੜ੍ਹੈ ਗੁਰੁ ਸੁਤ ਸੰਗ ਸਿਧਾਰ।। 804

ਚੌਪਈ– ਗੁਰ ਨਾਨਕ ਕੇ ਧਾਮ ਸਿਧਾਏ।
ਦਾਲਾ ਮਰਦਾਨਾ ਹਰਖਾਏ।
ਆਗੇ ਦੇਖੀ ਸਭਾ ਅਪਾਰ।
ਪੰਚ ਗੁਰੁ ਬੈਠੇ ਨਿਰਧਾਰ। 805

ਗੁਰ ਸੁਤ ਗੁਰੁ ਕੇ ਨਿਕਟ ਸੁਜਾਏ।
ਅਯੋ ਮਰਦਾਨਾ ਕਹਿਆ ਸੁਨਾਏ।
ਇਨ ਦੂਹਨ ਬਹੁ ਬੰਦਨ ਕੀਨੀ।
ਪੰਚ ਗੁਰੂ ਪੈ ਹੋਇ ਅਧੀਨੀ। 806

ਦੋਹਰਾ– ਗੁਰ ਨਾਨਕ ਆਦਰ ਕੀਓ ਮਰਦਾਨੇ ਕੌ ਜਾਨ।
ਮਮ ਪ੍ਰੀਤਮ ਆਯੋ ਅਬੈ ਭਾਖਿਓ ਕ੍ਰਿਪਾ ਨਿਧਾਨ। 807

ਚੌਪਈ– ਸ੍ਰਾਪ ਮੇਟ ਮਰਦਾਨਾ ਆਯੋ।
ਦਾਲਾ ਜਾਕੈ ਸੰਗ ਸੁਹਾਯੋ।
ਦੁਹਨ ਕੋ ਆਸਨ ਗੁਰੂ ਦੀਨੋ।
ਬੈਠੇ ਧਾਰ ਹਰਖ ਸੁਖ ਲੀਨੇ।। 808

ਪਾਛੇ ਹਰ ਗੋਬਿੰਦ ਕਰ ਐਸੇ।
ਮ੍ਰਿਤਕ ਤਨ ਕ੍ਰਿਯਾ ਥੀ ਜੈਸੇ।
ਰਬਾਬੀ ਬਾਬਕ ਨਿਕਟ ਬੁਲਾਯੋ।
ਤੁਮਹੌਂ ਆਦੀ ਕਹਿ ਸਮਝਾਯੋ।। 809

ਦੋਹਰਾ– ਮ੍ਰਿਤ ਰੀਤ ਜੌ ਤੋਹਿ ਮੈਂ ਕਰੋ ਸੋਇ ਮਨ ਲਾਇ।।
ਬਾਬਕ ਸ੍ਰੀ ਗੁਰ ਬੈਨ ਸੁਨ ਕੀਨ ਰੀ ਸੋ ਭਾਇ। 810

ਚੌਪਈ– ਬਲਵੰਡ ਸਤੇ ਕੀ ਦੇਹ ਉਠਾਇ।
ਰਾਵੀ ਤਟ ਦਾਬੀ ਹਿਤ ਲਾਇ।
ਕਬਰ ਬਨਾਇ ਆਇ ਪੁਨ ਤਹਾ।
ਹਰਿ ਗੁਵਿੰਦ ਗੁਰ ਇਸਥਿਤ ਜਹਾਂ। 811

ਕੀਰਤਨ ਤਾਹਿ ਗੁਰੂਮਨ ਲਾਯੋ।
ਨੈਨਨ ਨੀਰ ਰੁਮਾਲ ਹਟਾਯੋ।
ਬਾਬਕ ਕੌ ਪੁਨ ਯੌਂ ਫੁਰਮਾਇ।
ਕੀਰਤਨ ਕਰੋ ਰਬਾਬ ਬਜਾਇ।। 812

ਦੋਹਰਾ– ਬਾਬਕ ਤਬ ਕੀਰਤਨ ਕਰੈ ਸੁੰਦਰ ਲਗੈ ਦਿਵਾਨ।।
ਕਵ ਬਿਨਤੀ ਗਾਥਾ ਅਧਕ ਕਹਤਕ ਲਿਖੋ ਅਜਾਨ।। 813।।

ਇਸ ਤਰ੍ਹਾਂ ਬਲਵੰਡ ਰਬਾਬੀ ਦੀ ਇਤਿਹਾਸਕ ਤੇ ਮਿਥਿਹਾਸਕ ਕਥਾ ਸਿੱਖ ਇਤਹਾਸ ਅਤੇ ਖਾਸ ਕਰਕੇ ਗੁਰਮਤਿ ਸੰਗੀਤ ਦਾ ਇੱਕ ਸੁਨਹਿਰੀ ਪੰਨਾ ਹੈ। ਜਿਸਨੂੰ ਪਿਆਰ ਅਤੇ ਸ਼ਰਧਾ ਨਾਲ ਵਾਚਣ ਦੀ ਲੋੜ ਹੈ। ਇਹਨਾਂ ਰਬਾਬੀਆਂ ਬਾਰੇ ਨਿੰਦਾ ਭਰਪੂਰ ਘਟਨਾਵਾਂ ਦਾ ਬਹੁਤਾ ਜ਼ਿਕਰ ਕਰਕੇ ਉਹਨਾਂ ਦੀ ਮਹਾਨਤਾ ਨੂੰ ਘਟਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ।

# ਵੀਹਵੀਂ ਸਦੀ ਦੇ ਸਿਰਮੌਰ ਕੀਰਤਨੀਏ
# ਭਾਈ ਸਮੁੰਦ ਸਿੰਘ

ਭਾਈ ਸਮੁੰਦ ਸਿੰਘ ਪਿਛਲੀ ਸਦੀ ਦੇ ਸਭ ਤੋਂ ਵਧ ਸਤਿਕਾਰਿਤ ਕੀਰਤਨੀਏ ਸਨ। ਉਹ ਆਪਣੇ ਮਿਆਰੀ ਕੀਰਤਨ ਅਤੇ ਗੁਰਮੁਖੀ ਚਾਲ-ਚਲਣ ਕਾਰਨ ਸਿੱਖ ਸੰਗਤਾਂ ਦੇ ਹਰ ਵਰਗ ਵਿੱਚ ਸਤਿਕਾਰੇ ਜਾਂਦੇ ਸਨ। ਮੇਰਾ ਉਹਨਾਂ ਨਾਲ ਮੇਲ 1969-70 ਵਿੱਚ ਹੋਇਆ। ਉਹ ਉਦੋਂ ਫਤਹਿਗੜ੍ਹ ਸਾਹਿਬ ਦੇ ਨੇੜਲੇ ਪਿੰਡ ਤਲਾਣੀਆਂ ਵਿਖੇ ਸ੍ਰ. ਜੁਗਿੰਦਰ ਸਿੰਘ ਮਾਨ ਹੋਰਾਂ ਦੇ ਘਰ ਕਿਸੇ ਸਮਾਗਮ ਤੇ ਕੀਰਤਨ ਕਰਨ ਆਏ ਸਨ। ਇਥੇ ਗੁਰਦੁਆਰਾ ਸਾਹਿਬ ਮੱਥਾ ਟੇਕਣ ਲਈ ਆ ਗਏ। ਉਹਨਾਂ ਨਾਲ ਉਦੋਂ ਤਬਲਾ ਵਾਦਕ ਭਾਈ ਮੁਕੰਦ ਸਿੰਘ ਜੀ ਸਨ ਜਿਹਨਾਂ ਨੇ ਬਾਅਦ ਵਿੱਚ ਮੇਰੇ ਨਾਲ ਤਬਲਾ ਵਜਾਇਆ ਸੀ। ਭਾਈ ਮੁਕੰਦ ਸਿੰਘ ਨੇ ਮੇਰੇ ਬਾਰੇ ਭਾਈ ਸਮੁੰਦ ਸਿੰਘ ਜੀ ਨੂੰ ਦੱਸਿਆ ਤਾਂ ਉਹਨਾਂ ਮੈਨੂੰ ਗਲਵੱਕੜੀ ਵਿੱਚ ਲੈ ਕੇ ਅਸ਼ੀਰਵਾਦ ਦਿੱਤਾ। ਪਤਾ ਲੱਗਾ ਕਿ ਭਾਈ ਸਾਹਿਬ ਮਾਨ ਸਾਹਿਬ ਦੇ ਬਹੁਤ ਹੀ ਚਹੇਤੇ ਕੀਰਤਨੀਏ ਹਨ। ਮੇਰੇ ਪਿਤਾ ਜੀ ਭਾਈ ਉੱਤਮ ਸਿੰਘ ਜੀ ਪਤੰਗ ਹੋਰਾਂ ਨਾਲ ਵੀ ਮਾਨ ਸਾਹਿਬ ਦਾ ਬੜਾ ਪਿਆਰ ਸੀ। ਇੱਥੋਂ ਤੱਕ ਕਿ ਜਦੋਂ ਉਹਨਾਂ ਦੇ ਸਪੁੱਤਰ ਸ੍ਰ. ਸਿਮਰਨਜੀਤ ਸਿੰਘ ਮਾਨ ਦਾ ਸ਼ਿਮਲੇ ਆਨੰਦ ਕਾਰਜ ਹੋਇਆ ਤਾਂ ਉਥੇ ਕੀਰਤਨ ਕਰਨ ਲਈ ਸਾਡਾ ਰਾਗੀ ਜਥਾ ਹੀ ਗਿਆ ਸੀ। ਮਾਨ ਸਾਹਿਬ ਦੇ ਘਰ ਕੀਰਤਨ ਕਰਨ ਦੀ ਇੱਕ ਹੋਰ ਵਿਸ਼ੇਸ਼ਤਾ ਸੀ। ਉਹ ਪੰਡਾਲ ਵਿੱਚ ਲਾਊਡਸਪੀਕਰ ਨਹੀਂ ਸੀ ਲਾਉਣ ਦਿੰਦੇ। ਉਹਨਾਂ ਦਾ ਵਿਚਾਰ ਸੀ ਕਿ ਇਸ ਨਾਲ ਕੀਰਤਨੀਏ ਦੀ ਆਵਾਜ਼ ਦੀ ਮੌਲਿਕਤਾ ਖ਼ਤਮ ਹੋ ਜਾਂਦੀ ਹੈ। ਜਦੋਂ ਮਾਨ ਸਾਹਿਬ ਦੇ ਇੱਕ ਲੜਕੇ ਦਾ ਦੇਹਾਂਤ ਹੋਇਆ ਤਾਂ ਮੈਂ ਉਥੇ ਉਹਨਾਂ ਦੇ ਘਰ 6-7 ਦਿਨ ਕੀਰਤਨ ਕਰਦਾ ਰਿਹਾ ਸਾਂ। ਉਹਨਾਂ ਦਿਨਾਂ ਵਿੱਚ ਸ੍ਰ. ਜੁਗਿੰਦਰ ਸਿੰਘ ਮਾਨ ਅਤੇ ਸ੍ਰ. ਭੁਪਿੰਦਰ ਸਿੰਘ ਮਾਨ ਦੀਆਂ ਬਹੁਤ ਅਸੀਸਾਂ ਪ੍ਰਾਪਤ ਹੋਈਆਂ ਸਨ।

ਭਾਈ ਸਮੁੰਦ ਸਿੰਘ ਜੀ ਦੇ ਕੀਰਤਨ ਤੋਂ ਮੈਂ ਪਹਿਲਾਂ ਹੀ ਪ੍ਰਭਾਵਿਤ ਸਾਂ। ਜਦੋਂ ਸਾਡੇ ਘਰ ਵਿੱਚ 1960-61 ਵਿੱਚ ਰੇਡੀਓ ਆਇਆ ਤਾਂ ਗੁਰਪੁਰਬਾਂ ਦੇ ਮੌਕੇ ’ਤੇ ਭਾਈ ਸਮੁੰਦ ਸਿੰਘ ਜੀ, ਭਾਈ ਪਿਆਰਾ ਸਿੰਘ, ਭਾਈ ਸੰਤਾ ਸਿੰਘ ਆਦਿ ਰਾਗੀਆਂ ਦੇ ਗਾਏ ਸ਼ਬਦ ਸੁਣਨ ਨੂੰ ਮਿਲਦੇ ਸਨ ਤੇ ਸਾਡੇ ਭਾਪਾ ਜੀ ਖਾਸ ਤੌਰ ’ਤੇ ਨਾਮ ਲੈ ਕੇ ਸਾਨੂੰ ਦੱਸਦੇ ਹੁੰਦੇ ਸਨ। ਜਦੋਂ ਮੈਂ ਭਾਈ ਬਖਸ਼ੀਸ਼ ਸਿੰਘ ਨਾਲ ਕੀਰਤਨ ਕਰਦਾ ਸਾਂ ਤਾਂ ਉਹ ਆਪਣੇ ਨਾਲ ਇੱਕ ਟ੍ਰਾਂਜ਼ਿਸਟਰ ਰੱਖਦੇ ਸਨ ਜਦੋਂ ਗੁਰਬਾਣੀ ਵਿਚਾਰ ਜਾਂ ਰਾਤ ਵੇਲੇ ਰਾਗਾਂ ਵਿੱਚ ਕੀਰਤਨ ਆਉਣਾ ਤਾਂ ਉਹਨਾਂ ਨੇ ਟ੍ਰਾਂਜ਼ਿਸਟਰ ਲਗਾ ਦੇਣਾ ਕਈ

ਵਾਰੀ ਉਹਨਾਂ ਦਾ ਜਾਂ ਭਾਈ ਸਮੁੰਦ ਸਿੰਘ ਜੀ ਦਾ ਸ਼ਬਦ ਆਉਣਾ ਤਾਂ ਉਹਨਾਂ ਨੇ ਗਾਇਕੀ ਸਬੰਧੀ ਕੁਝ ਨੁਕਤੇ ਦੱਸਣ ਲੱਗ ਪੈਣਾ। 1982-83 ਵਿੱਚ ਸ੍. ਬਰਜਿੰਦਰ ਸਿੰਘ ਹੋਰਾਂ ਨੇ ਪੰਜਾਬੀ ਟ੍ਰਿਬਿਊਨ ਵਿੱਚ ਕੀਰਤਨੀਆਂ ਸਬੰਧੀ ਇੱਕ ਲੇਖ ਲੜੀ ਲਿਖਣ ਨੂੰ ਕਿਹਾ ਤਾਂ ਉਸ ਸਮੇਂ ਮੈਂ ਸ਼ਾਇਦ 15 ਕੀਰਤਨੀਆਂ ਬਾਰੇ ਲੇਖ ਲਿਖੇ ਸਨ। ਉਦੋਂ ਭਾਈ ਸਮੁੰਦ ਸਿੰਘ ਜੀ ਬਾਰੇ ਲੇਖ ਲਿਖਣ ਲਈ ਚੰਡੀਗੜ੍ਹ ਦੇ ਕੁਝ ਕੀਰਤਨ ਪ੍ਰੇਮੀ ਬਜ਼ੁਰਗਾਂ ਨਾਲ ਮੁਲਾਕਾਤਾਂ, ਚੀਫ ਖਾਲਸਾ ਦੀਵਾਨ ਦੇ ਰਸਾਲਿਆਂ ਅਤੇ ਭਾਈ ਸਾਹਿਬ ਦੇ ਸ਼ਗਿਰਦ ਪ੍ਰੋ. ਪਰਮਜੋਤ ਸਿੰਘ ਹੋਰਾਂ ਰਾਹੀਂ ਜਾਣਕਾਰੀ ਪ੍ਰਾਪਤ ਕਰਕੇ ਲੇਖ ਲਿਖਿਆ ਸੀ।

ਜਦੋਂ ਆਪਣੇ ਮਾਸਿਕ ਪੱਤਰ ਅੰਮ੍ਰਿਤ ਕੀਰਤਨ ਦੀ ਪ੍ਰਕਾਸ਼ਨਾ ਆਰੰਭ ਕੀਤੀ ਤਾਂ ਇਸ ਵਿੱਚ ਵੀ ਭਾਈ ਸਮੁੰਦ ਸਿੰਘ ਜੀ ਬਾਰੇ ਕਈ ਲੇਖ ਛਾਪੇ। ਭਾਈ ਸਮੁੰਦ ਸਿੰਘ ਜੀ ਆਧੁਨਿਕ ਕਾਲ ਦੇ ਅਜਿਹੇ ਕੀਰਤਨੀਏ ਹਨ ਜਿਹਨਾਂ ਬਾਰੇ ਸਭ ਤੋਂ ਵੱਧ ਲੇਖ ਅਤੇ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ।

ਭਾਈ ਸਾਹਿਬ ਦਾ ਜਨਮ 3 ਮਾਰਚ ਸੰਨ 1900 ਨੂੰ ਪਿੰਡ ਮੁਲਾਂ ਹਮਜ਼ਾ ਜ਼ਿਲਾ ਮਿੰਟਗੁਮਰੀ (ਪਾਕਿਸਤਾਨ) ਵਿੱਚ ਹੋਇਆ। ਆਪ ਦੇ ਪੁਰਖੇ ਨਨਕਾਣਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ ਹਨ। ਇਹ ਪਰਿਵਾਰ ਤੰਤੀ ਸਾਜ਼ਾਂ ਨਾਲ ਕੀਰਤਨ ਕਰਦਾ ਸੀ। ਭਾਈ ਸਮੁੰਦ ਸਿੰਘ ਜੀ ਦੇ ਪਿਤਾ ਹਜ਼ੂਰਾ ਸਿੰਘ ਮਹੰਤ ਸ਼ਾਮ ਸਿੰਘ ਜੀ ਜੋ ਸਰੰਦੇ ਨਾਲ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਕੀਰਤਨ ਕਰਦੇ ਸਨ ਦੇ ਸ਼ਗਿਰਦ ਸਨ। ਹਜ਼ੂਰਾ ਸਿੰਘ ਨਨਕਾਣਾ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਕੀਰਤਨੀਏ ਸਨ। ਹਜ਼ੂਰਾ ਸਿੰਘ ਜੀ ਦੇ ਛੋਟੇ ਭਰਾ ਭਾਈ ਗੁਰਦਿਤ ਸਿੰਘ ਤਬਲਾ ਵਜਾਉਂਦੇ ਸਨ। ਜਿਥੇ ਘਰ ਵਿਚਲੇ ਕੀਰਤਨ ਦੇ ਮਾਹੌਲ ਨੇ ਬਾਲਕ ਸਮੁੰਦ ਸਿੰਘ ਨੂੰ ਸੰਗੀਤਕ ਗੁੜਤੀ ਦਿੱਤੀ ਉਥੇ ਉਸ ਨੇ ਭਾਈ ਹੀਰਾ ਸਿੰਘ, ਉਸਤਾਦ ਸ਼ੇਰ ਸਿੰਘ ਗੁਜਰਾਂਵਾਲੀਏ ਅਤੇ ਭਾਈ ਪਿਆਰਾ ਸਿੰਘ ਰਬਾਬੀ ਪਾਸੋਂ ਵੀ ਕੀਰਤਨ ਅਤੇ ਰਾਗਦਾਰੀ ਦੀ ਸਿੱਖਿਆ ਪ੍ਰਾਪਤ ਕੀਤੀ। ਉਸ ਵੇਲੇ ਨਨਕਾਣਾ ਸਾਹਿਬ ਵਿਖੇ ਉੱਚ ਕੋਟੀ ਦੇ ਰਾਗੀ ਰਬਾਬੀ ਕੀਰਤਨ ਕਰਦੇ ਸਨ ਉਹਨਾਂ ਦਾ ਪ੍ਰਭਾਵ ਵੀ ਭਾਈ ਸਾਹਿਬ ਉੱਪਰ ਪੈਣਾ ਕੁਦਰਤੀ ਸੀ।

ਉਸ ਸਮੇਂ ਨਨਕਾਣਾ ਸਾਹਿਬ ਵਿੱਚ ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਫੱਕਰ, ਭਾਈ ਮਿਹਰ ਸਿੰਘ ਤਾਨ, ਭਾਈ ਜਸਵੰਤ ਸਿੰਘ ਪਾਲ ਸਿੰਘ (ਜੱਸਾ ਪਾਲਾ) ਦਾ ਰਾਗੀ ਜਥਾ ਕੀਰਤਨ ਕਰਦਾ ਸੀ। ਇਹ ਸਾਰੇ ਉੱਚ ਕੋਟੀ ਦੇ ਰਾਗੀ ਸਨ। ਇਹ ਉਹ ਸਮਾਂ ਸੀ ਜਦੋਂ ਸਿੱਖ ਪੰਥ ਵਿੱਚ ਪੁਨਰ ਜਾਗਰਤੀ ਦੀ ਲਹਿਰ ਚੱਲ ਰਹੀ ਸੀ। ਇਸ ਲਹਿਰ ਵਿੱਚ ਚੀਫ ਖਾਲਸਾ ਦੀਵਾਨ ਪ੍ਰਮੁੱਖ ਭੂਮਿਕਾ ਨਿਭਾਅ ਰਿਹਾ ਸੀ। ਚੀਫ ਖਾਲਸਾ ਦੀਵਾਨ ਵੱਲੋਂ ਸਿੱਖ ਵਿਦਿਅਕ ਕਾਨਫਰੰਸਾਂ ਕੀਤੀਆਂ ਜਾ ਰਹੀਆਂ ਸਨ। ਪੰਥ ਦੇ ਪ੍ਰਸਿੱਧ ਰਾਗੀ ਜਥੇ ਇਹਨਾਂ ਕਾਨਫਰੰਸਾਂ ਵਿੱਚ ਹਿੱਸਾ ਲੈਂਦੇ ਸਨ। ਭਾਈ ਸਮੁੰਦ ਸਿੰਘ ਤਾਂ ਬਚਪਨ ਤੋਂ ਇਹਨਾਂ ਕਾਨਫਰੰਸਾਂ ਨਾਲ ਜੁੜੇ ਹੋਏ ਸਨ। ਸੱਤ ਸਾਲ ਦੀ ਉਮਰ ਵਿੱਚ ਆਪ ਨੇ ਇਕ

ਕਾਨਫਰੰਸ ਵਿੱਚ ਆਪਣੀ ਮਿੱਠੀ ਆਵਾਜ਼ ਵਿੱਚ ਸ਼ਬਦ ਗਾਇਨ ਕੀਤਾ ਸੀ– "ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।" ਇਸ ਤੋਂ ਬਾਅਦ ਆਪ ਲਗਾਤਾਰ ਇਹਨਾਂ ਕਾਨਫਰੰਸਾਂ ਵਿੱਚ ਕੀਰਤਨ ਕਰਕੇ ਇਨਾਮ ਜਿੱਤਣ ਲੱਗ ਪਏ। ਆਪ ਦੀ ਮਿੱਠੀ ਤੇ ਮਧੁਰ ਆਵਾਜ਼ ਸੁਣਨ ਲਈ ਸਰੋਤੇ ਘੰਟਿਆਂ ਬੱਧੀ ਸੰਗਤ ਵਿੱਚ ਬੈਠੇ ਉਡੀਕਦੇ ਰਹਿੰਦੇ ਤੇ ਸ਼ਬਦ ਕੀਰਤਨ ਸੁਣ ਕੇ ਰਸ-ਮੁਗਧ ਹੁੰਦੇ। ਭਾਈ ਸਾਹਿਬ ਦੇ ਬਚਪਨ ਦੇ ਇਸ ਕੀਰਤਨ ਬਾਰੇ ਸਰਦੂਲ ਸਿੰਘ ਕਵੀਸ਼ਰ ਅਤੇ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਵੀ ਆਪਣੀਆਂ ਲਿਖਤਾਂ ਵਿੱਚ ਜ਼ਿਕਰ ਕੀਤਾ ਹੈ।

ਸਿੱਖ ਵਿਦਿਅਕ ਕਾਨਫਰੰਸਾਂ ਦਾ ਮਨੋਰਥ ਜਿਥੇ ਸਿੱਖਾਂ ਨੂੰ ਵਿਦਿਅਕ ਖੇਤਰ ਵਿੱਚ ਤਰੱਕੀ ਕਰਨ ਲਈ ਉਤਸਾਹਿਤ ਕਰਨਾ ਸੀ ਉਥੇ ਇਹ ਗੁਰਬਾਣੀ ਕੀਰਤਨ ਦੇ ਮਿਆਰ ਨੂੰ ਵੀ ਸਥਾਪਤ ਕਰਨ ਵਿੱਚ ਹਿੱਸਾ ਪਾ ਰਹੀਆਂ ਸਨ। 24ਵੀਂ ਕਾਨਫਰੰਸ ਜਿਹੜੀ ਰਾਵਲਪਿੰਡੀ ਵਿੱਚ ਹੋਈ ਸੀ ਇਸ ਵਿੱਚ ਸ੍ਰ: ਬ: ਕਾਹਨ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੀਆਂ ਕਈ ਰਮਜ਼ਾਂ ਸਮਝਾਈਆਂ। ਉਹਨਾਂ ਕਿਹਾ– "ਖਾਲਸਾ ਜੀ ਵਾਹਿਗੁਰੂ ਦੀ ਕ੍ਰਿਪਾ ਨਾਲ ਸਾਡੇ ਵਿੱਚ ਚੰਗੇ ਰਾਗੀ ਹੋ ਗਏ ਹਨ। ਜੋ ਪਰੇਮ ਮਈ ਕੀਰਤਨ ਕਰਦੇ ਹਨ, ਪਰੰਤੂ ਕਈ ਥਾਵਾਂ 'ਤੇ ਇਹ ਦੇਖਣ ਵਿੱਚ ਆਇਆ ਹੈ ਕਿ ਕਈ ਰਾਗੀ ਤੇ ਰਬਾਬੀ ਗੁਰਬਾਣੀ ਕੀਰਤਨ ਵਿੱਚ ਸਿਨੇਮਾ ਤੇ ਨਾਟਕਾਂ ਦੀਆਂ ਚੰਚਲ ਧਾਰਨਾਂ ਬਹੁਤੀਆਂ ਵਰਤਦੇ ਹਨ ਜਿਸ ਤੋਂ ਉਹ ਭਾਵ ਤੇ ਅਸਰ ਨਹੀਂ ਹੋ ਰਿਹਾ ਜੋ ਕੀਰਤਨ ਤੋਂ ਹੋਣਾ ਚਾਹੀਦਾ ਸੀ। ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਨੇ ਰਾਗ ਦੀ ਉਹ ਮਰਯਾਦਾ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਥਾਪੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪ੍ਰਣੀਤ ਕੀਤੀ, ਨੂੰ ਫਿਰ ਪ੍ਰਚੱਲਤ ਕਰਨ ਦਾ ਸ਼ਲਾਘਾਯੋਗ ਉਦਮ ਆਰੰਭਿਆ ਹੈ। ਜਿਹੜੇ ਰਾਗੀ ਇਸ ਕੀਰਤਨ ਦਰਬਾਰ ਵਿੱਚ ਹਿੱਸਾ ਲੈਣ ਵਾਲੇ ਹਨ, ਉਹਨਾਂ ਨੂੰ ਇਹਨਾਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਬਾਣੀ ਦਾ ਸ਼ੁੱਧ ਤੇ ਸਪੱਸ਼ਟ ਉਚਾਰਨ ਹੋਵੇ। ਸ਼ੁੱਧ ਪਾਠ ਤੋਂ ਭਾਵ ਇਹ ਹੈ ਸਿਆਰੀ ਬਿਹਾਰੀ ਆਦਿ ਲਗਾਂ ਮਾਤਰਾਂ ਦਾ ਪੂਰਨ ਉਚਾਰਨ ਹੋਵੇ ਜਿਹਾ ਕਿ **ਕਾਮਿ ਕ੍ਰੋਧਿ ਨਗਰੁ ਬਹੁ ਭਰਿਆ**, ਕਾਮ ਕ੍ਰੋਧ ਦੀ ਸਿਆਰੀ ਨਾਲ ਇਸ ਪਾਠ ਦੇ ਅਰਥ ਇਹ ਬਣਦੇ ਹਨ **ਕਾਮਿ ਕ੍ਰੋਧਿ ਦੇ ਨਾਲ** ਇਸੇ ਤਰ੍ਹਾਂ ਪਾਠ ਹੈ, **ਤਿਸਦੈ ਚਾਨਣਿ ਸਭ ਮਹਿ ਚਾਨਣਿ ਹੋਇ।** ਪਹਿਲੇ **ਚਾਨਣਿ** ਵਿਚ ਸਿਆਰੀ ਹੈ ਜਿਸਦੇ ਅਰਥ ਹਨ **ਨਾਲ** ਦੂਜੇ ਪਾਠ ਵਿੱਚ ਚਾਨਣੁ ਹੈ ਜੋ ਨਾਊਨ ਹੈ ਇਹਦੇ ਅਰਥ ਹਨ **ਚਾਨਣਾ।**

ਸਪੱਸ਼ਟ ਤੋਂ ਭਾਵ ਇਹ ਹੈ ਕਿ ਜਿਹੜੀ ਤੁਕ ਉਚਾਰਨ ਕੀਤੀ ਜਾਏ ਸਰੋਤੇ ਉਸ ਨੂੰ ਚੰਗੀ ਤਰ੍ਹਾਂ ਸੁਣ ਸਕਣ, ਉਹਨਾਂ ਨੂੰ ਪਤਾ ਲੱਗ ਜਾਵੇ ਕਿ ਕਿਹੜੀ ਪੰਗਤੀ ਪੜ੍ਹੀ ਜਾ ਰਹੀ ਹੈ। ਕਿਉਂ ਕਿ ਕਈ ਵਾਰ ਵੇਖਿਆ ਗਿਆ ਹੈ ਕਿ ਇਹ ਪਤਾ ਨਹੀਂ ਲਗਦਾ ਕਿ ਰਾਗੀ ਕਿਹੜੀ ਤੁਕ ਉਚਾਰਨ ਕਰ ਰਿਹਾ ਹੈ।

ਕਈ ਰਾਗੀ ਗਾਉਣ ਲੱਗਿਆਂ ਮੂੰਹ ਵਿੰਗਾ ਟੇਡਾ ਕਰ ਲੈਂਦੇ ਹਨ, ਜੋ ਨਹੀਂ ਕਰਨਾ ਚਾਹੀਦਾ। ਕਈ ਵੇਰ ਹੱਥਾਂ ਨੂੰ ਹਿਲਾਉਣ ਉੱਤੇ ਬਹੁਤਾ ਜ਼ੋਰ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਕੀਰਤਨ ਵਿੱਚ ਇਹ ਗੱਲ ਨਹੀਂ ਸੋਭਦੀ। ਲੋੜ ਅਨੁਸਾਰ ਕੁਝ ਦੱਸਣ ਲਈ ਹਥ ਹਿਲਾਇਆ ਜਾਂ ਟਕੋਰ ਲਗਾਈ ਜਾਣੀ ਚਾਹੀਦੀ ਹੈ, ਪਰ ਲੋੜ ਤੋਂ ਵਧੀਕ ਨਹੀਂ।

ਕੀਰਤਨ ਕਰਨ ਲੱਗਿਆਂ ਸੁਰ, ਤਾਲ ਅਤੇ ਲੈਅ ਆਦਿਕ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ। ਕੀਰਤਨ ਦਾ ਇਕ ਜ਼ਰੂਰੀ ਅੰਗ ਇਹ ਹੁੰਦਾ ਹੈ ਕਿ ਕੀਰਤਨ ਦਾ ਸੰਗਤਾਂ ਤੇ ਕੀ ਅਸਰ ਪਿਆ? ਕੀਰਤਨ ਉਸੇ ਰਾਗੀ ਦਾ ਪ੍ਰਸ਼ੰਸਨੀਯ ਸਮਝਣਾ ਚਾਹੀਦਾ ਹੈ ਜਿਸਦਾ ਸ੍ਰੋਤਿਆਂ ਉਪਰ ਚੰਗਾ ਪ੍ਰਭਾਵ ਪਿਆ ਹੋਵੇ। ਜਿਸਦਾ ਸ੍ਰੋਤਿਆਂ ਤੇ ਅਸਰ ਚੰਗਾ ਨਾ ਪਿਆ, ਉਸ ਰਾਗੀ ਨੂੰ ਯੋਗ ਨਹੀਂ ਸਮਝਣਾ ਚਾਹੀਦਾ।"

ਕੀਰਤਨ ਦੀ ਮਰਯਾਦਾ ਸਬੰਧੀ ਇਸ ਲੈਕਚਰ ਤੋਂ ਬਾਅਦ ਢਾਈ ਘੰਟੇ ਦੇ ਕਰੀਬ ਕੀਰਤਨ ਦਰਬਾਰ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਣੀ ਨੂੰ ਪੁਰਾਤਨ ਧਾਰਨਾ, ਜਿਹਨਾਂ ਰਾਗਾਂ ਵਿੱਚ ਸ਼ਬਦ ਉਚਾਰਨ ਹੋਏ ਹਨ, ਉਹਨਾਂ ਵਿੱਚ ਹੀ ਗਾਇਨ ਕਰਨਾ, ਸ਼ੁੱਧ ਤੇ ਸਪੱਸ਼ਟਤਾ ਨਾਲ ਪੜ੍ਹੇ ਜਾਣ ਸਬੰਧੀ ਚੀਫ ਖਾਲਸਾ ਦੀਵਾਨ ਦੇ ਇਸ ਉੱਦਮ ਨੂੰ ਸਾਰਿਆਂ ਪਾਸਿਆਂ ਤੋਂ ਸਲਾਹਿਆ ਗਿਆ ਤੇ ਦੀਵਾਨ ਦੇ ਇਸ ਕੰਮ ਨੂੰ ਪੰਥ ਦੀ ਨਿੱਗਰ ਉਸਾਰੀ ਤੇ ਭਾਰੀ ਪੰਥ ਸੇਵਾ ਕਹਿਆ ਜਾਂਦਾ ਰਿਹਾ। ਇਸ ਕੀਰਤਨ ਦਰਬਾਰ ਵਿੱਚ ਜੱਜਾਂ ਦੇ ਫੈਸਲੇ ਅਨੁਸਾਰ ਭਾਈ ਸਮੁੰਦ ਸਿੰਘ ਜੀ ਨੂੰ ਪਹਿਲਾ ਇਨਾਮ 125 ਰੁਪਏ ਦਾ ਦਿੱਤਾ ਗਿਆ। ਦੂਜੇ ਇਨਾਮ ਤੇ ਰਹਿਣ ਵਾਲੇ ਭਾਈ ਪਿਆਰਾ ਸਿੰਘ, ਪੰ. ਨੱਥੂ ਰਾਮ, ਤੇ ਪ੍ਰੋ. ਸੁੰਦਰ ਸਿੰਘ ਜੀ ਸਨ, ਜਿਹਨਾਂ ਤਿੰਨਾਂ ਨੂੰ ਇਕੋ ਜਿਹਾ ਇਨਾਮ ਦਿੱਤਾ ਗਿਆ।

ਚੀਫ ਖਾਲਸਾ ਦੀਵਾਨ ਦੀਆਂ ਇਹ ਕਾਨਫਰੰਸਾਂ ਗੁਰਮਤਿ ਸੰਗੀਤ ਦੀ ਪ੍ਰਫੁਲਤਾ ਵਿੱਚ ਅਹਿਮ ਰੋਲ ਅਦਾ ਕਰ ਰਹੀਆਂ ਸਨ ਇਹਨਾਂ ਕਾਨਫਰੰਸਾਂ ਵਿੱਚ ਜਿਹੜੇ ਰਾਗੀ ਰਬਾਬੀ ਕੀਰਤਨ ਕਰਦੇ ਰਹੇ ਹਨ, ਵਿੱਚੋਂ ਭਾਈ ਹੀਰਾ ਸਿੰਘ ਸਿੰਘ, ਭਾਈ ਸੁਧ ਸਿੰਘ ਪ੍ਰਧਾਨ ਸਿੰਘ, ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਫੱਕਰ ਆਦਿ ਪ੍ਰਸਿੱਧ ਹਨ। ਇਸ ਤਰ੍ਹਾਂ ਕੀਰਤਨ ਦਾ ਮਿਆਰ ਸਥਾਪਤ ਕਰਨ ਦਾ ਮਾਹੌਲ ਬਣ ਰਿਹਾ ਸੀ। ਭਾਈ ਸਮੁੰਦ ਸਿੰਘ ਜੀ ਆਲ ਇੰਡੀਆ ਰੇਡੀਓ ਨਾਲ ਵੀ ਸਾਰੀ ਉਮਰ ਜੁੜੇ ਰਹੇ। ਸ੍. ਬਲਬੀਰ ਸਿੰਘ ਕੰਵਲ ਆਪਣੀ ਪੁਸਤਕ 'ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ' ਵਿੱਚ ਜ਼ਿਕਰ ਕਰਦੇ ਹਨ–

ਜਨਵਰੀ 1937 ਵਿੱਚ ਲਾਹੌਰ ਰੇਡੀਓ ਸਟੇਸ਼ਨ ਖੁੱਲ੍ਹ ਚੁੱਕਾ ਸੀ। ਉਸ ਸਾਲ ਜਦੋਂ ਭਾਈ ਸਮੁੰਦ ਸਿੰਘ ਜੀ ਨੇ ਪਹਿਲਾ ਪ੍ਰੋਗਰਾਮ ਪੇਸ਼ ਕੀਤਾ ਤਾਂ ਉਨ੍ਹਾਂ ਦੀ ਰਸ–ਭਿੰਨੀ ਆਵਾਜ਼ ਸੁਣ ਕੇ ਉਸਤਾਦ ਬੜੇ ਗੁਲਾਮ ਅਲੀ ਖਾਂ ਵਰਗੇ ਮਹਾਨ ਗਾਇਕ ਵੀ ਫੜਕ ਗਏ। ਉਨ੍ਹਾਂ ਨੂੰ ਆਪਣੇ ਘਰ ਆਉਣ ਦੀ ਦਾਅਵਤ ਦਿੱਤੀ। ਉਂਜ ਤਾਂ ਭਾਵੇਂ ਉਹ

ਦੋਵੇਂ ਹਾਣੀ ਸਨ, ਪਰ ਭਾਈ ਸਾਹਿਬ ਦੀ ਸ਼ੈਲੀ ਵਿੱਚ ਕਿਧਰੇ ਕਿਧਰੇ ਖਾਂ ਸਾਹਿਬ ਦੀ ਗਾਇਕੀ ਦੀ ਝਲਕ ਵੀ ਪ੍ਰਤੱਖ ਸੀ। ਖਿਆਲ ਗਾਇਕੀ ਤੋਂ ਛੁੱਟ ਉਹਨਾਂ ਨੂੰ ਧਰੁਪਦ ਧਮਾਰ ਅੰਗ ਤੇ ਵੀ ਪੂਰਾ ਅਬੂਰ ਹਾਸਲ ਸੀ। ਗੁਰਬਾਣੀ ਦੇ ਰਾਗਾਂ ਨੂੰ ਉਹ ਸਦਾ ਰੀਤ ਮਰਿਆਦਾ ਅਨੁਸਾਰ ਹੀ ਗਾਉਂਦੇ ਅਤੇ ਕਈ ਵੇਰ ਔਖੇ ਅਪ੍ਰਚੱਲਤ ਤਾਲਾਂ ਵਿੱਚ। ਬਲਵੰਤ ਗਾਰਗੀ ਨੇ ਵੀ ਆਪਣੀ ਇੱਕ ਯਾਦ ਜੋ 1945 ਵਿਚਲੀ ਹੈ, ਬਾਰੇ ਲਿਖਿਆ ਹੈ ਕਿ "ਇੱਕ ਦਿਨ ਮੈਂ ਰੇਡੀਓ ਸਟੇਸ਼ਨ ਲਾਹੌਰ ਦੇ ਸਟੂਡੀਓ ਵਿੱਚੋਂ ਦੀ ਲੰਘਿਆ ਤਾਂ ਇੱਕ ਬੇਹੱਦ ਮੰਝੀ ਹੋਈ ਸੁਰੀਲੀ ਆਵਾਜ਼ ਸੁਣਾਈ ਦਿੱਤੀ। ਇਸ ਵਿੱਚ ਮਿੱਠ ਖ਼ਰਜ ਦੇ ਸੁਰ ਗੂੰਜ ਰਹੇ ਸਨ। ਮੈਂ ਪੁੱਛਿਆ, "ਸਹਿਗਲ ਦਾ ਇਹ ਕਿਹੜਾ ਨਵਾਂ ਗੀਤ ਹੈ?" ਕਿਸੇ ਨੇ ਮੈਨੂੰ ਦੱਸਿਆ ਕਿ ਭਾਈ ਸਮੁੰਦ ਸਿੰਘ ਰਾਗੀ ਗਾ ਰਿਹਾ ਹੈ। ਮੈਂ ਹੈਰਾਨ ਰਹਿ ਗਿਆ। ਇਹੋ ਜਿਹੀ ਆਵਾਜ਼ ਸਹਿਗਲ ਦੇ ਸਿਵਾਏ ਹੋਰ ਕਿਸੇ ਦੀ ਨਹੀਂ ਹੋ ਸਕਦੀ। ਮੈਂ ਕਮਰੇ ਅੰਦਰ ਦਾਖ਼ਲ ਹੋਇਆ ਤਾਂ ਦੇਖਿਆ ਕਿ ਚਿੱਟੀ ਦਸਤਾਰ ਬੰਨ੍ਹੀ ਤੇ ਬਾਦਾਮੀ ਵਾਸਕਟ ਪਾਈ ਚੌਕੜੇ ਵਿੱਚ ਬੈਠਾ ਕੋਈ ਗੁਰੂ ਕਾ ਸਿੱਖ ਗਾ ਰਿਹਾ ਸੀ। ਖੁੱਲ੍ਹੀ ਕਾਲੀ ਸਿਆਹ ਦਾੜ੍ਹੀ ਤੇ ਚਮਕੀਲੀਆਂ ਜਿਸਤ ਅੱਖਾਂ, ਇਹ ਭਾਈ ਸਮੁੰਦ ਸਿੰਘ ਰਾਗੀ ਸੀ।" ਜਦੋਂ ਦੇਸ ਵੰਡ ਹੋਈ ਤਾਂ ਭਾਈ ਸਾਹਿਬ ਜਲੰਧਰ ਰੇਡੀਓ ਨਾਲ ਜੁੜ ਗਏ। ਆਪ ਏ ਕਲਾਸ ਕੀਰਤਨੀਏ ਸਨ। ਭਾਵੇਂ ਇਸ ਵੇਲੇ ਹੋਰ ਵੀ ਕਈ ਜਥੇ ਕੀਰਤਨ ਕਰ ਰਹੇ ਸਨ। ਪਰ ਮਿਆਰੀ ਕੀਰਤਨ ਭਾਈ ਸਮੁੰਦ ਸਿੰਘ ਜੀ ਦਾ ਹੀ ਮੰਨਿਆ ਜਾਂਦਾ ਸੀ। ਆਪ ਨੇ ਦੇਸ ਦੇ ਲਗਭਗ ਹਰ ਰੇਡੀਓ ਸਟੇਸ਼ਨ 'ਤੇ ਕੀਰਤਨ ਕੀਤਾ।

ਉਸਤਾਦ ਬੜੇ ਗੁਲਾਮ ਅੱਲੀ ਖਾਂ ਸਾਹਿਬ ਆਪ ਗਾਇਕੀ ਤੋਂ ਬਹੁਤ ਪ੍ਰਭਾਵਿਤ ਸਨ ਤੇ ਉਨ੍ਹਾਂ ਦੇ ਮਨ ਵਿੱਚ ਭਾਈ ਸਾਹਿਬ ਲਈ ਬਹੁਤ ਸਤਿਕਾਰ ਸੀ। ਖਾਂ ਸਾਹਿਬ ਨੇ ਜਦੋਂ ਪਹਿਲੀ ਵਾਰ ਲਾਹੌਰ ਰੇਡੀਓ ਸਟੇਸ਼ਨ ਤੋਂ ਭਾਈ ਸਾਹਿਬ ਦੁਆਰਾ ਗਾਇਨ ਕੀਤੇ ਸ਼ਬਦਾਂ ਨੂੰ ਸੁਣਿਆ ਤਾਂ ਉਨ੍ਹਾਂ ਸਹਿਜ ਸੁਭਾ ਕਿਹਾ," ਭਾਈ ਸਮੁੰਦ ਸਿੰਘ ਸਿੱਖੋਂ ਮੇ ਨਿਹਾਇਤ ਹੀ ਸ਼ੁੱਧ ਸੁਰ ਔਰ ਫਨ ਕਾ ਏਕ ਹੀ ਫਨਕਾਰ ਹੈ।" ਸ੍ਰੀ ਦਲੀਪ ਚੰਦਰ ਬੇਦੀ (ਸੰਗੀਤ ਉਸਤਾਦ) ਨੇ ਭਾਈ ਸਾਹਿਬ ਨੂੰ ਸੁਰ ਦਾ ਬਾਦਸ਼ਾਹ ਤੇ ਬਹਿਰੇ-ਮੌਸੀਕੀ ਕਹਿ ਕੇ ਸਲਾਹਿਆ। ਪ੍ਰਸਿੱਧ ਲਿਖਾਰੀ ਗੁਰਬਖਸ਼ ਸਿੰਘ ਪ੍ਰੀਤ ਲੜੀ ਆਪਣੀ ਜੀਵਨ ਕਥਾ ਵਿੱਚ ਲਿਖਦੇ ਹਨ ਜਦੋਂ ਚੀਫ ਖਾਲਸਾ ਦੀਵਾਨ ਵੱਲੋਂ ਸਿੱਖ ਵਿਦਿਅਕ ਕਾਨਫ੍ਰੰਸਾਂ ਹੁੰਦੀਆਂ ਸਨ ਤਾਂ ਉੱਥੇ ਕਾਕਾ ਸਮੁੰਦ ਸਿੰਘ ਪਾਸੋਂ ਵਿਸ਼ੇਸ਼ ਤੌਰ 'ਤੇ ਸ਼ਬਦ ਸੁਣਨ ਦੀ ਫਰਮਾਇਸ਼ ਕੀਤੀ ਜਾਂਦੀ ਸੀ।

ਬਲਰਾਜ ਸਾਹਨੀ ਨੇ ਭਾਈ ਸਾਹਿਬ ਦੀ ਕੀਰਤਨ ਕਲਾ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨੂੰ ਵੀਹਵੀਂ ਸਦੀ ਦੇ ਚਾਰ ਮਹਾਨ ਪੰਜਾਬੀਆਂ ਵਿੱਚ ਸ਼ਾਮਲ ਕੀਤਾ ਹੈ। ਉਨ੍ਹਾਂ ਅਨੁਸਾਰ ਪੰਜਾਬੀ ਲੇਖਕਾਂ ਵਿੱਚ ਸ੍. ਗੁਰਬਖਸ਼ ਸਿੰਘ ਪ੍ਰੀਤ ਲੜੀ, ਚਿਤਰਕਾਰਾਂ ਵਿੱਚ ਸ੍. ਸੋਭਾ ਸਿੰਘ, ਸ਼ਾਸਤਰੀ ਸੰਗੀਤ ਵਿੱਚ ਉਸਤਾਦ ਬੜੇ ਗੁਲਾਮ ਅਲੀ ਖਾਂ ਅਤੇ ਕੀਰਤਨ ਕਲਾ ਵਿੱਚ ਭਾਈ ਸਮੁੰਦ ਸਿੰਘ ਜੀ ਸ਼ਾਮਲ ਹਨ। ਭਾਈ ਸਾਹਿਬ ਦਾ

ਸ਼ਾਹਕਾਰ (Master Piece) ਸ਼ਬਦ "ਭਿੰਨੀ ਰੈਨੜੀਐ ਚਾਮਕਨਿ ਤਾਰੇ" ਸੋਰਠਿ ਰਾਗ ਵਿੱਚ ਸੀ। ਹੋਰ ਮਨਪਸੰਦ ਸ਼ਬਦ, ਜੋ ਉਹ ਬਹੁਤ ਵਾਰ ਗਾਉਂਦੇ ਸਨ, ਰਾਗ ਬਿਹਾਗੜੇ ਵਿੱਚੋਂ "ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ" ਅਤੇ ਰਾਗ ਕਲਿਆਣ ਵਿੱਚੋਂ "ਮੋਹਿ ਕਬਿ ਗਲਿ ਲਾਵਹਿਗੈ"; ਸੋਰਿਠ ਰਾਗ ਵਿੱਚ ਹੀ "ਪ੍ਰਭ ਜੀਉ ਖਸਮਾਨਾ ਕਰਿ ਪਿਆਰੇ"; "ਜੋ ਨਰੁ ਦੁਖ ਮਹਿ ਦੁਖੁ ਨਹੀਂ ਮਾਨੈ" ਸ਼ਬਦ ਚੌਦਾਂ ਮਾਤਰਾ ਵਿੱਚ ਹਮੀਰ ਵਿੱਚ ਗਾਉਂਦੇ ਸਨ। "ਧੰਨੁ ਸੁ ਦੇਸੁ ਜਹਾ ਤੂ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ" ਸਿੰਧੀ ਭੈਰਵੀ ਰਾਗ ਵਿੱਚ ਗਾਇਆ। "ਕਿਉਂ ਜੀਵਨੁ ਪ੍ਰੀਤਮ ਬਿਨੁ ਮਾਈ" ਆਦਿ ਸ਼ਬਦ ਸੰਗਤਾਂ ਵਿੱਚ ਬਹੁਤ ਪ੍ਰਚਲਿਤ ਹੋਏ।

ਪ੍ਰਭਾਤ ਵੇਲੇ ਦੇ ਰਾਗਾਂ ਵਿੱਚੋਂ ਉਹਨਾਂ ਨੂੰ ਰਾਮਕਲੀ, ਅਹੀਰ-ਭੈਰਉ ਤੇ ਆਸਾਵਾਰੀ ਪਸੰਦ ਸਨ, ਇਹਨਾਂ ਰਾਗਾਂ ਵਿੱਚ ਉਨ੍ਹਾਂ ਦੀ ਸ਼ਬਦ ਗਾਇਕੀ ਬਹੁਤ ਸਲਾਹੀ ਜਾਂਦੀ। 'ਨਾਨਕ ਨਾਮ ਜਹਾਜ਼ ਹੈ' ਫ਼ਿਲਮ ਵਿੱਚ ਰਾਗ ਬਹਾਰ ਵਿੱਚ ਗਾਏ ਸ਼ਬਦ "ਕਲਿ ਤਾਰਣਿ ਗੁਰੂ ਨਾਨਕ ਆਇਆ" ਸ਼ਬਦ ਨੇ ਉਨ੍ਹਾਂ ਨੂੰ ਲੱਖਾਂ ਲੋਕਾਂ ਦੇ ਦਿਲਾਂ ਦਾ ਬਾਦਸ਼ਾਹ ਬਣਾ ਦਿੱਤਾ।

ਉਨ੍ਹਾਂ ਦੀ ਗਾਇਕੀ ਦੀ ਕਲਾ ਇਥੋਂ ਤੱਕ ਹੁਨਰਮਈ ਸੀ ਕਿ ਕਈ ਵਾਰ ਉਹ ਸ਼ਬਦ ਨੂੰ ਗਾਉਂਦੇ ਵਿੱਚੋਂ ਹੀ ਰਾਗ ਨੂੰ ਬਦਲ ਦਿੰਦੇ, ਪਰ ਸ਼ਬਦ ਦੀ ਨਿਰੰਤਰਤਾ ਨੂੰ ਭੰਗ ਨਹੀਂ ਸੀ ਹੋਣ ਦਿੰਦੇ। ਕਈ ਵਾਰ ਉਹ ਅੰਮ੍ਰਿਤ ਵੇਲੇ ਤਾਰਿਆਂ ਦੀ ਛਾਵੇਂ ਕਿਸੇ ਸ਼ਬਦ ਨੂੰ ਆਸਾ ਰਾਗ ਵਿੱਚ ਸ਼ੁਰੂ ਕਰਦੇ। ਸ਼ਬਦ ਗਾਉਂਦਿਆਂ ਤੇ ਮਸਤੀ ਵਿੱਚ ਝੂੰਮਦਿਆਂ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਕਿ ਪਹੁ ਫੁਟਾਲਾ ਹੋ ਗਿਆ ਹੈ ਤਾਂ ਆਸਾ ਰਾਗ ਦੇ ਸੁਰ ਭੈਰਵ ਰਾਗ ਵਿੱਚ ਬਦਲ ਲੈਂਦੇ ਤੇ ਉਹੀ ਭੈਰਵ ਵਕਤ ਬਦਲਣ ਨਾਲ ਭੈਰਵੀ ਰੰਗ ਵਿੱਚ ਆ ਜਾਂਦਾ।

ਉਨ੍ਹਾਂ ਦੀ ਇੱਕ ਖੂਬੀ ਇਹ ਵੀ ਸੀ ਕਿ ਉਹ ਸ਼ਬਦ ਆਰੰਭ ਤੋਂ ਪਹਿਲਾਂ ਵਿਲੰਬਤ ਇੱਕ ਤਾਲ ਵਿੱਚ ਮੰਗਲਾਚਰਨ ਕਰਦੇ, ਜਿਸ ਰਾਹੀਂ ਰਾਗ ਦਾ ਸਰੂਪ ਸੁੱਤੇ-ਸਿੱਧ ਪ੍ਰਗਟ ਹੋ ਜਾਂਦਾ ਤੇ ਕੀਰਤਨ ਦਾ ਮਾਹੌਲ ਸਿਰਿਜਆ ਜਾਂਦਾ। ਆਪ ਖ਼ਿਆਲ ਗਾਇਕੀ ਤੋਂ ਇਲਾਵਾ ਧਰੁਪਦ-ਧਮਾਰ ਵੀ ਬੜੀ ਕੁਸ਼ਲਤਾ ਨਾਲ ਗਾ ਲੈਂਦੇ ਸਨ। ਕੀਰਤਨ ਗਾਇਨ ਕਰਦੇ ਸਮੇਂ ਸਰੀਰ ਦੀ ਅਡੋਲਤਾ ਤੇ ਚਿਹਰੇ ਦੀ ਦਿੱਖ ਵਿੱਚ ਕੋਈ ਬਦਲਾਵ ਨਾ ਲਿਆਉਂਦੇ।

ਉਨ੍ਹਾਂ ਦੀ ਕੀਰਤਨ ਸ਼ੈਲੀ ਦੀ ਵਿਲੱਖਣਤਾ ਇਸ ਪੱਖੋਂ ਵੀ ਮੰਨੀ ਜਾਂਦੀ ਸੀ ਕਿ ਉਹ ਵੱਡੇ ਤਾਲ ਨੌਂ, ਗਿਆਰਾਂ, ਤੇਰਾਂ, ਅਠਾਰਾਂ, ਆੜਾ, ਚੌਤਾਲਾ ਤੇ ਫਰੋਸਤ ਵਿੱਚ ਵੀ ਬੰਦਸ਼ਾਂ ਦਾ ਗਾਇਨ ਕਰਦੇ ਸਨ।

ਉਨ੍ਹਾਂ ਕੋਲ ਪੁਰਾਤਨ ਤੇ ਟਕਸਾਲੀ ਬੰਦਸ਼ਾਂ ਦਾ ਅਤੁੱਟ ਖ਼ਜ਼ਾਨਾ ਸੀ। ਜਿਨ੍ਹਾਂ ਨੂੰ ਗਾਉਣ ਲਈ ਸੁਰੀਲਾ ਕੰਠ, ਗਲੇ ਦੀ ਹਰਕਤ, ਤਾਨ ਦੀ ਸਫ਼ਾਈ, ਬੋਲ ਵੰਡ ਆਦਿ ਉਨ੍ਹਾਂ ਦੀ ਗਾਇਕੀ ਦੇ ਵਿਸ਼ੇਸ਼ ਗੁਣ ਸਨ, ਆਪ ਕੀਰਤਨ ਨੂੰ ਠੁਮਰੀ ਅੰਗ ਵਿੱਚ

ਗਾਇਨ ਕਰਨ ਵਿੱਚ ਪ੍ਰਵੀਨ ਸਨ। ਆਪ ਇੱਕੋ ਹੀ ਸ਼ਬਦ ਨੂੰ ਵੱਖ-ਵੱਖ ਬਿਖੜੀਆਂ ਰੀਤਾਂ ਤੇ ਤਾਲਾਂ ਵਿੱਚ ਗਾਇਨ ਕਰਨ ਦੇ ਸਮਰੱਥ ਸਨ। ਕੀਰਤਨ ਸ਼ੈਲੀ ਦੇ ਨਾਲ-ਨਾਲ ਬਾਣੀ ਦੀ ਸੂਝ, ਸ਼ੁੱਧ ਤੇ ਸਪੱਸ਼ਟ ਉਚਾਰਨ ਤੇ ਬਾਣੀ ਦੀ ਵਿਆਖਿਆ ਸੰਗਤਾਂ ਨੂੰ ਕੀਲ ਲੈਂਦੀ।

ਭਾਈ ਸਾਹਿਬ ਦੀ ਕੀਰਤਨ ਕਲਾ ਬਾਰੇ ਪ੍ਰੋ. ਰਣਜੀਤ ਸਿੰਘ ਜੋ ਖੁਦ ਉਚ ਕੋਟੀ ਦੇ ਤਬਲਾ ਵਾਦਕ ਹਨ ਇਕ ਘਟਨਾ ਬਿਆਨਦੇ ਹਨ-1960 ਦੀ ਘਟਨਾ ਹੈ ਕਿ ਸ. ਨਿਰਮਲ ਸਿੰਘ ਘੜੀਸਾਜ਼ ਦੇ ਘਰ ਕੀਰਤਨ ਸਮਾਗਮ 'ਤੇ ਭਾਈ ਸਾਹਿਬ ਜੀ ਆਏ ਸਨ ਇੱਥੇ ਸੰਗਤਾਂ ਦਾ ਅਥਾਹ ਇਕੱਠ ਸੀ। ਇਸ ਵਿੱਚ ਪਦਮਸ਼੍ਰੀ ਸ. ਸੋਹਣ ਸਿੰਘ, ਉਸਤਾਦ ਸਰਦਾਰ ਬਹਾਦਰ ਸਿੰਘ ਆਦਿਕ ਗੁਣੀ ਵਿਅਕਤੀ ਵੀ ਸੰਗਤਾਂ ਵਿੱਚ ਸੁਭਾਇਮਾਨ ਸਨ। ਭਾਈ ਸਾਹਿਬ ਨੇ ਡੰਡਓਤ ਕਰਕੇ ਕੀਰਤਨ ਆਰੰਭ ਕੀਤਾ। ਸ਼ਬਦ ਦੀ ਬੰਦਸ਼ ਝੁੰਮਰਾ ਤਾਲ ਵਿੱਚ ਸੀ। ਤਬਲੇ 'ਤੇ ਸੰਗਤ ਭਾਈ ਹਰਨਾਮ ਸਿੰਘ ਜੀ ਕਰ ਰਹੇ ਸਨ। ਐਸਾ ਸੁਰੀਲਾ ਵਾਤਾਵਰਣ ਬੱਝਿਆ ਕਿ ਸਰੋਤੇ ਕੀਰਤਨ ਦੇ ਰਸ ਵਿੱਚ ਮਸਤ ਹਨ। ਭਾਈ ਸਾਹਿਬ ਨੇ ਐਸਾ ਬਿਕਟ ਤਾਨ ਪਲਟਾ ਲਿਆ ਕਿ ਸੰਗਤ ਵਿੱਚ ਸੰਗੀਤ ਉਸਤਾਦ ਚੁਕੰਨੇ ਹੋ ਗਏ। ਲੱਗਦਾ ਸੀ ਭਾਈ ਸਾਹਿਬ ਬੇਤਾਲੇ ਹੋ ਜਾਣਗੇ ਤੇ ਫਿਰ ਸਮ ਨਹੀਂ ਪਕੜ ਸਕਣਗੇ। ਹੈਰਾਨੀ ਸਭ ਨੂੰ ਉਸ ਵਕਤ ਹੋਈ, ਜਦੋਂ ਪਲਟਾ ਮਾਰਦਿਆਂ ਫ਼ੁਰਤੀ ਨਾਲ ਭਾਈ ਸਾਹਿਬ ਨੇ ਝੁੰਮਰੇ ਦੀ ਬੰਦਸ਼ ਦਾ ਸੁਰ ਪਕੜ ਕੇ ਸਭ ਨੂੰ ਚਕ੍ਰਿਤ ਕਰ ਦਿੱਤਾ। ਭਾਈ ਸਾਹਿਬ ਦੇ ਗਲੇ ਵਿੱਚ ਰੀਤ ਤਾਨ ਦਾ ਏਨਾ ਸੁਚੱਜਾ ਵਹਾਓ ਸੀ ਕਿ ਸੁਣ ਕੇ ਵੱਡੇ ਵੱਡੇ ਗਾਇਕ ਆਪ-ਮੁਹਾਰੇ ਬੋਲ ਉਠਦੇ ਸਨ, "ਵਾਹ! ਭਾਈ ਸਮੁੰਦ ਸਿੰਘ! ਆਪ ਪਰ ਤੋਂ ਸਰਸਵਤੀ ਮਿਹਰਬਾਨ ਹੈ।" ਭਾਈ ਸਾਹਿਬ ਨਿਮਰਤਾ ਸਹਿਤ ਆਖਦੇ ਸਨ ਕਿ ਇਹ ਸਭ 'ਗੁਰੂ ਦੀ ਕ੍ਰਿਪਾ' ਹੈ।

ਇਕ ਵਾਰ ਜਦੋਂ ਪ੍ਰਸਿੱਧ ਲਿਖਾਰੀ ਐੱਸ.ਐੱਸ. ਅਮੋਲ ਨੇ ਭਾਈ ਸਾਹਿਬ ਜੀ ਤੋਂ ਪੁੱਛਿਆ, "ਕੀਰਤਨ ਦੇ ਸਰੋਤੇ ਆਮ ਤੌਰ 'ਤੇ ਆਖਦੇ ਹਨ ਕਿ ਪੱਕੇ ਰਾਗਾਂ ਦੀ ਸਾਨੂੰ ਕੋਈ ਸਮਝ ਨਹੀਂ ਆਉਂਦੀ। ਪਤਾ ਨਹੀਂ, ਤੁਹਾਡਾ ਕੀਰਤਨ ਕਿਵੇਂ ਸੰਗਤਾਂ ਨੂੰ ਖਿੱਚ ਪਾਉਂਦਾ ਹੈ।" ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ, "ਅਸਲ ਗੱਲ ਇਹ ਹੈ ਕਿ ਗੁਰੂ ਸਾਹਿਬ ਨੇ ਕੀਰਤਨ ਦੀ ਮਹਾਨਤਾ ਇਸ ਕਰਕੇ ਮਿੱਥੀ ਹੈ ਕਿ ਬਾਣੀ ਦੇ ਨਾਲ-ਨਾਲ ਜਦੋਂ ਰਾਗ ਤੇ ਰਾਗੀ ਦੀ ਸਰੋਦੀ ਆਵਾਜ਼ ਰਲ ਜਾਂਦੀ ਹੈ ਤਾਂ ਕਠੋਰ ਤੋਂ ਕਠੋਰ ਮਨ 'ਤੇ ਵੀ ਦੂਣਾ-ਤੀਣਾ ਅਸਰ ਕਰਦੀ ਹੈ।" ਇਸੇ ਮੁਲਾਕਾਤ ਵਿੱਚ ਉਹਨਾਂ ਨੇ ਆਪਣੇ ਕਲਾਸੀਕਲ ਸੰਗੀਤ ਦੀ ਕਲਾ ਅਤੇ ਕੀਰਤਨ ਦੇ ਸੁਮੇਲ ਬਾਰੇ ਬੜੇ ਸੁੰਦਰ ਢੰਗ ਨਾਲ ਬਿਆਨ ਕੀਤਾ ਹੈ-ਕੁਝ ਲੋਕ ਗਲਾ ਫੇਰਨ ਅਤੇ ਆਲਾਪ ਆਦਿ ਦਾ ਵਿਖਾਵਾ ਕਰਨ ਤੁਰ ਪੈਂਦੇ ਹਨ ਇਸ ਨਾਲ ਕਈ ਕੀਰਤਨ ਦੇ ਸਰੋਤਿਆਂ ਨੂੰ ਨਿਰਾਸਤਾ ਹੁੰਦੀ ਹੈ।-- ਗਲਾ ਮੈਂ ਵੀ ਫੇਰਦਾ ਹਾਂ। ਤਾਨ, ਧਰੁਪਦ ਪੜਤਾਲ ਆਦਿ ਸਭ ਕੁਝ ਵਰਤਦਾ ਹਾਂ। ਪਰ ਮੇਰਾ ਗਲਾ ਫੇਰਨਾ ਜਾਂ ਸੰਗੀਤ ਕਲਾ ਦੇ ਹੋਰ ਅੰਗਾਂ ਦੀ ਵਰਤੋਂ ਕਰਨਾ ਕੀਰਤਨ

ਦੇ ਰਸ ਨੂੰ ਵਧਾਉਣ ਲਈ ਹੁੰਦੇ ਹਨ। ਇਹ ਹੁਨਰ ਦਾ ਦਿਖਾਵਾ ਕਰਨ ਲਈ ਨਹੀਂ ਹੁੰਦੇ। ਸ਼ਬਦ ਕੀਰਤਨ ਕਰਦਿਆਂ ਇਹ ਪਤਾ ਹੀ ਨਹੀਂ ਲਗਦਾ ਕਿ ਮੈਂ ਸੰਗੀਤ ਕਲਾ ਦੇ ਇਹਨਾਂ ਅੰਗਾਂ ਦੀ ਵਰਤੋਂ ਕਰ ਗਿਆ ਹਾਂ।"

ਭਾਈ ਸਾਹਿਬ ਨੇ ਸਾਰੀ ਉਮਰ ਨੇਮ ਨਾਲ ਕੀਰਤਨ ਦੀ ਚੌਂਕੀ ਭਰੀ। ਕੀਰਤਨ ਸਮੇਂ ਉਹ ਇੰਨੇ ਵੈਰਾਗ ਤੇ ਵਜਦ ਵਿੱਚ ਆ ਜਾਂਦੇ ਕਿ ਉਹਨਾਂ ਦੇ ਨੇਤਰਾਂ ਵਿੱਚੋਂ ਜਲਧਾਰਾ ਵਹਿ ਤੁਰਦੀ। ਉਹਨਾਂ ਦੇ ਤਬਲੇ ਦੇ ਸਾਥੀ ਭਾਈ ਹਰਨਾਮ ਸਿੰਘ ਜੀ ਨੇ ਉਹਨਾਂ ਦੇ ਜੀਵਨ ਦੀ ਇੱਕ ਵਚਿੱਤਰ ਘਟਨਾ ਸੁਣਾਈ ਕਿ ਇੱਕ ਵਾਰ ਅਸੀਂ ਸ੍ਰੀ ਨਗਰ ਦੇ ਰੇਡੀਓ ਸਟੇਸ਼ਨ 'ਤੇ ਪ੍ਰੋਗਰਾਮ ਲਈ ਗਏ। ਸਾਰੇ ਸਾਜਿੰਦੇ ਆਪਣੇ ਆਪਣੇ ਸਾਜ਼ਾਂ ਨੂੰ ਸੁਰ ਕੇ ਤਿਆਰੀ ਵਿੱਚ ਸਨ ਕਿ ਇੱਕ ਸਾਜਿੰਦਾ ਵਾਦਕ ਜੋ ਮੁਸਲਮਾਨ ਸੀ, ਨੇ ਆਪਣੀ ਸਾਰੰਗੀ ਦੀਆਂ ਤਰਬਾਂ ਨੂੰ ਵੀ ਲਰਜਿਤ ਕਰ ਲਿਆ। ਜਦੋਂ ਭਾਈ ਸਾਹਿਬ ਨੇ ਸ਼ਬਦ ਸ਼ੁਰੂ ਕੀਤਾ ਤਾਂ ਐਸਾ ਬਿਖੜਾ ਮੁਖੜਾ ਫੜਿਆ ਕਿ ਸਾਰੰਗੀ ਵਾਦਕ ਦੇ ਹੱਥ ਉਥੇ ਹੀ ਰੁਕ ਗਏ ਤੇ ਉਹ ਸਾਰੰਗੀ ਛੱਡ ਕੇ ਭਾਈ ਸਾਹਿਬ ਦੇ ਚਿਹਰੇ ਵੱਲ ਟਿਕਟਿਕੀ ਲਗਾ ਕੇ ਵੇਖੀ ਗਿਆ। ਉਹ ਸਾਰੰਗੀ ਵਜਾਉਣਾ ਹੀ ਭੁੱਲ ਗਿਆ। ਉਹ ਆਪਣੀ ਸੁੱਧ-ਬੁੱਧ ਹੀ ਭੁਲਾ ਬੈਠਾ। ਉਹ ਸਾਰੰਗੀ ਵਾਦਕ ਨਾਲੇ ਭਾਈ ਸਾਹਿਬ ਦਾ ਚਿਹਰਾ ਵੇਖੀ ਜਾਵੇ ਤੇ ਨਾਲ ਤ੍ਰਿਪ ਤ੍ਰਿਪ ਹੰਝੂ ਕੇਰੀ ਜਾਵੇ। ਜਦੋਂ ਸ਼ਬਦ ਖ਼ਤਮ ਹੋਇਆ ਤਾਂ ਰੇਡੀਓ ਸਟੇਸ਼ਨ ਦੇ ਡਾਇਰੈਕਟਰ ਨੇ ਉਸ ਨੂੰ ਸਾਰੰਗੀ ਨਾਲ ਭਾਈ ਸਾਹਿਬ ਦਾ ਸਾਥ ਨਾ ਨਿਬਾਹੁਣ ਕਰ ਕੇ ਪੁੱਛਗਿੱਛ ਲਈ ਬੁਲਾ ਲਿਆ। ਸਾਰੇ ਇਕੱਠੇ ਹੋਏ ਕਲਾਕਾਰਾਂ ਨੇ ਜਦੋਂ ਉਸ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, "ਮੈਂ ਤਾਂ ਅੱਜ ਅੱਲ੍ਹਾ ਦਾ ਨੂਰ ਹੀ ਤੱਕਦਾ ਰਿਹਾ, ਇਸ ਲਈ ਮੈਨੂੰ ਸਾਰੰਗੀ ਵਜਾਉਣੀ ਹੀ ਭੁੱਲ ਗਈ। ਇਸ ਵਿੱਚ ਮੇਰਾ ਕੋਈ ਕਸੂਰ ਨਹੀਂ।"

ਭਾਈ ਸਾਹਿਬ ਦੇ ਕੀਰਤਨ ਤੋਂ ਕੇਵਲ ਸਿੱਖ ਹੀ ਪ੍ਰਭਾਵਿਤ ਨਹੀਂ ਸੀ ਹੁੰਦੇ ਸਗੋਂ ਗੈਰ ਸਿੱਖ ਵੀ ਉਹਨਾਂ ਦੀ ਸੁਰੀਲੀ ਅਵਾਜ਼ ਦੇ ਕਾਇਲ ਹੋ ਜਾਂਦੇ ਸਨ। ਇੱਕ ਮੁਸਲਮਾਨ ਸਰੋਤੇ ਮੁਹੰਮਦ ਜ਼ਹੀਰ ਅਹਿਮਦ ਨੇ ਆਪਣੀ ਪਤਨੀ ਦੀ ਮਾਨਸਿਕ ਦਸ਼ਾ ਨੂੰ ਪ੍ਰਗਟ ਕਰਦੇ ਹੋਏ ਦਸਿਆ ਕਿ ਉਹ ਭਾਈ ਸਾਹਿਬ ਦੀ ਕੀਰਤਨ ਕਲਾ ਤੋਂ ਬਹੁਤ ਪ੍ਰਭਾਵਿਤ ਸੀ। ਉਸ ਨੇ ਕਿਹਾ," ਜਦੋਂ ਵੀ ਮੈਂ ਰੇਡੀਓ ਤੋਂ ਭਾਈ ਸਮੁੰਦ ਸਿੰਘ ਦਾ ਕਲਾਮ ਸੁਣਦੀ ਹਾਂ ਤਾਂ ਮੈਂ ਸਭ ਕੁਝ ਭੁੱਲ ਜਾਂਦੀ ਹਾਂ। ਮੈਨੂੰ ਅੱਲਾ ਤਾਅਲਾ ਦਾ ਨੂਰ ਰੇਡੀਓ ਵਿੱਚ ਵਸਦਾ ਪ੍ਰਤੀਤ ਹੁੰਦਾ ਹੈ।" ਭਾਈ ਸਾਹਿਬ ਆਪਣੇ ਸਮੇਂ ਦੌਰਾਨ ਸੰਤਾਂ ਤੇ ਸੰਗਤਾਂ ਦੀਆਂ ਬਖ਼ਸ਼ਿਸ਼ਾਂ ਦੇ ਵਿਸ਼ੇਸ਼ ਤੌਰ 'ਤੇ ਪਾਤਰ ਰਹੇ।

ਸਾਰਾ ਜੀਵਨ ਆਪ ਨੇ ਸੰਤਾਂ ਦੀ ਸੰਗਤ ਕੀਤੀ ਤੇ ਉਨ੍ਹਾਂ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਬਣੇ। ਸੰਤ ਅਤਰ ਸਿੰਘ ਮਸਤੂਆਣੇ ਵਾਲੇ, ਸੰਤ ਸ਼ਾਮ ਸਿੰਘ, ਸੰਤ ਅਤਰ ਸਿੰਘ ਹੋਤੀ ਮਰਦਾਨ ਵਾਲੇ, ਸੰਤ ਸੰਗਤ ਸਿੰਘ ਕਮਾਲੀਏ ਵਾਲੇ, ਸੰਤ ਈਸ਼ਰ ਸਿੰਘ ਰਾੜੇ ਵਾਲੇ ਤੇ ਬਾਬਾ ਨੰਦ ਸਿੰਘ ਕਲੇਰਾਂ ਵਾਲੇ ਆਪ ਨੂੰ ਉਚੇਰੇ ਤੌਰ 'ਤੇ ਸੱਦਦੇ ਸਨ।

ਆਧੁਨਿਕ ਪੰਜਾਬੀ ਸਾਹਿਤ ਦੇ ਨਿਰਮਾਤਾ ਭਾਈ ਵੀਰ ਸਿੰਘ ਜੀ ਤੇ ਪ੍ਰੋ. ਪੂਰਨ ਸਿੰਘ ਨਾਲ ਉਨ੍ਹਾਂ ਦੇ ਨਿੱਜੀ ਸੰਬੰਧ ਸਨ। ਐੱਸ.ਐੱਸ. ਅਮੋਲ ਉਨ੍ਹਾਂ ਦੇ ਵਿਸ਼ੇਸ਼ ਪ੍ਰਸੰਸਕ ਅਤੇ ਸਰੋਤਾ ਸਨ। ਹੋਰ ਵੀ ਬਹੁਤ ਸਾਰੇ ਵਿਦਵਾਨ ਭਾਈ ਸਾਹਿਬ ਦੀ ਜੀਵਨੀ ਅਤੇ ਕੀਰਤਨ ਕਲਾ ਦੀ ਪ੍ਰਸ਼ੰਸਾ ਕਰਦਿਆਂ ਨਹੀਂ ਸੀ ਥਕਦੇ।

ਭਾਈ ਸਾਹਿਬ ਦਾ ਜੀਵਨ ਆਦਰਸ਼ਕ ਕੀਤਰਨੀਏ ਵਾਲਾ ਜੀਵਨ ਸੀ। ਇਸ ਬਾਰੇ ਕਈ ਵਿਦਵਾਨਾਂ ਨੇ ਜ਼ਿਕਰ ਕੀਤਾ ਹੈ। ਅੰਦਰਰਾਸ਼ਟਰੀ ਪ੍ਰਸਿਧੀ ਵਾਲੇ ਡਾਕਟਰ ਜਸਵੰਤ ਸਿੰਘ ਨੇਕੀ 1980 ਦੇ ਲਗਭਗ ਚੰਡੀਗੜ੍ਹ ਪੀ.ਜੀ.ਆਈ. ਡਾਇਰੈਕਟਰ ਬਣ ਕੇ ਆਏ ਤਾਂ ਮੇਰਾ ਉਹਨਾ ਨਾਲ ਮੇਲ ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰਗਿਲ ਰਾਹੀਂ ਹੋਇਆ। ਬਾਅਦ ਵਿੱਚ ਵਿਸਾਖੀ ਦੇ ਇੱਕ ਸਮਾਗਮ ਤੇ ਅਸੀਂ ਭੁਪਾਲ ਗਏ। ਮੇਰੇ ਰਾਗੀ ਜਥੇ ਨੇ ਉਥੇ ਕੀਰਤਨ ਕੀਤਾ ਅਤੇ ਨੇਕੀ ਜੀ ਨੇ ਲੈਕਚਰ ਦਿੱਤਾ। ਭੁਪਾਲ ਤੋਂ ਵਾਪਸੀ ਤੇ ਟਰੇਨ ਰਾਹੀਂ ਸਫਰ ਅਸੀਂ ਇੱਕਠਿਆਂ ਕੀਤਾ। ਉਸ ਸਮੇ ਉਹਨਾਂ ਨੇ ਮੈਨੂੰ ਕੀਰਤਨੀਆਂ ਬਾਰੇ ਅਤੇ ਆਪਣੇ ਬਾਰੇ ਕਈ ਕਮਾਲ ਦੀਆਂ ਗੱਲਾਂ ਸੁਣਾਈਆਂ। ਇਸੇ ਸਮੇਂ ਹੀ ਉਹਨਾਂ ਨੇ ਮੈਨੂੰ ਭਾਈ ਰਣਧੀਰ ਸਿੰਘ ਅਤੇ ਭਾਈ ਸਮੁੰਦ ਸਿੰਘ ਜੀ ਬਾਰੇ ਕਈ ਯਾਦਾਂ ਸਾਂਝੀਆਂ ਕੀਤੀਆਂ ਜੋ ਬਾਅਦ ਵਿੱਚ ਉਹਨਾਂ ਦੀ ਪੁਸਤਕ ਪੁਸਤਕ 'ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ' ਵਿੱਚ ਵੀ ਪੜ੍ਹਨ ਨੂੰ ਮਿਲੀਆਂ। ਡਾਕਟਰ ਨੇਕੀ ਭਾਈ ਸਮੁੰਦ ਸਿੰਘ ਜੀ ਦੀ ਸ਼ਰਧਾਲੂ ਬਿਰਤੀ ਅਤੇ ਕੀਰਤਨ ਪ੍ਰੇਮ ਬਾਰੇ ਲਿਖਦੇ ਹਨ-ਭਾਈ ਸਾਹਿਬ ਸਮੁੰਦ ਸਿੰਘ ਪੰਥ ਦੇ ਸੁਪ੍ਰਸਿੱਧ ਰਾਗੀ ਸਨ। ਬੜੇ ਸੁੱਚੇ ਜੀਵਨ ਵਾਲੇ ਸਨ। ਕੀਰਤਨ ਵੀ ਖੁੱਭ ਕੇ ਕਰਦੇ ਸਨ।

ਉਹਨਾਂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾਣ ਦਾ ਸੰਕਲਪ ਬਣਾਇਆ। ਉਸ ਤੋਂ ਕੁਝ ਚਿਰ ਪਹਿਲਾਂ ਹੀ ਉਹ ਦਿਲ ਦਾ ਦੌਰਾ ਹੰਢਾ ਚੁੱਕੇ ਸਨ। ਇਸ ਲਈ ਘਰ ਦੇ ਜੀਅ ਉਹਨਾਂ ਦੇ ਇਸ ਸੰਕਲਪ ਤੋਂ ਚਿੰਤਾਤੁਰ ਸਨ। ਪਰ ਉਹ ਸਿਰੜੀ ਪੱਕੇ ਸਨ, ਆਪਣੇ ਹੱਠ ਤੇ ਡੱਟ ਗਏ।

ਸ੍ਰ. ਸ਼ਮਸ਼ੇਰ ਸਿੰਘ ਹੋਰਾਂ ਦਾ ਜਥਾ ਹੇਮਕੁੰਟ ਜਾਣਾ ਸੀ, ਆਪ ਉਸ ਜਥੇ ਵਿਚ ਆਪਣੇ ਸੰਗੀਆਂ ਸਮੇਤ ਸ਼ਾਮਲ ਹੋ ਗਏ। ਰਸਤੇ ਵਿੱਚ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਦੇ ਗਏ। ਵਾਹ ਵਾਹ ਰੰਗ ਬੰਨ੍ਹਿਆ।

ਗੋਬਿੰਦ ਧਾਮ ਤੱਕ ਬਿਨਾ ਕਿਸੇ ਤਕਲੀਫ ਦੇ ਪਹੁੰਚ ਗਏ। ਅੱਗੇ ਚੜ੍ਹਾਈ ਬੜੀ ਤਿੱਖੀ ਸੀ। ਜਥੇ ਨਾਲ ਜੋ ਡਾਕਟਰ ਸਨ, ਉਹਨਾਂ ਭਾਈ ਸਾਹਿਬ ਨੂੰ ਸਲਾਹ ਦਿੱਤੀ ਕਿ ਉਹ ਅੱਗੇ ਨਾ ਜਾਣ, ਉਹਨਾਂ ਦਾ ਦਿਲ ਅੱਗੇ ਦੀ ਚੜ੍ਹਾਈ ਝੱਲ ਨਹੀਂ ਪਾਏਗਾ। ਨਾਲੇ ਜਿਉਂ ਜਿਉਂ ਉੱਪਰ ਜਾਓ ਵਾਯੂਮੰਡਲ ਵਿਚ ਅਕਸੀਜਨ ਘਟਦੀ ਜਾਂਦੀ ਹੈ ਤੇ ਦਿਲ ਦੇ ਮਰੀਜ਼ਾਂ ਲਈ ਹੋਰ ਵੀ ਤਕਲੀਫ ਦਾ ਕਾਰਣ ਬਣਦੀ ਹੈ।

ਪਰ ਭਾਈ ਸਾਹਿਬ ਨਾ ਮੰਨੇ। ਕਹਿਣ ਲੱਗੇ," ਵੱਧ ਤੋਂ ਵੱਧ ਮੈਂ ਮਰ ਜਾਵਾਂਗਾ ਨਾ। ਜੇ ਗੁਰੂ ਦੇ ਰਾਹ ਵਿੱਚ ਜਾਂਦਿਆਂ ਮਰ ਜਾਵਾਂ ਤਾਂ ਇਸ ਤੋਂ ਉੱਪਰ ਕਿਹੜੀ

ਖੁਸ਼ਕਿਸਮਤੀ ਹੋ ਸਕਦੀ ਹੈ ?" ਡਾਕਟਰ ਲੋਕ ਨਿਰੁੱਤਰ ਹੋ ਗਏ।

ਅਗਲੇ ਦਿਨ ਸੰਗਤਾਂ ਨੇ ਸਵੇਰੇ 5 ਵਜੇ ਗੋਬਿੰਦ ਧਾਮ ਤੋਂ ਸ੍ਰੀ ਹੇਮ ਕੁੰਟ ਸਾਹਿਬ ਵਾਸਤੇ ਚਾਲੇ ਪਾਉਣੇ ਸਨ। ਭਾਈ ਸਾਹਿਬ ਚਾਰ ਵਜੇ ਹੀ ਤਿਆਰ ਹੋ ਗਏ ਤੇ ਆਪਣੇ ਕੀਰਤਨੀ ਜੱਥੇ ਦੇ ਦੂਜੇ ਦੋਨਾਂ ਜੀਆਂ ਨੂੰ ਵੀ ਤਿਆਰ ਕਰਵਾ ਲਿਆ ਤੇ ਉਹਨਾਂ ਸਮੇਤ ਚਾਰ ਵਜੇ ਹੀ ਨਿਕਲ ਪਏ, ਮਤੇ ਸੰਗਤਾਂ ਜਾਂ ਡਾਕਟਰ ਉਹਨਾਂ ਨੂੰ ਰੋਕਣ ਦਾ ਜਤਨ ਕਰਨ।

ਨਾਲੇ ਤੁਰੀ ਗਏ, ਨਾਲੇ ਸਿਮਰਨ ਕਰਦੇ ਗਏ। ਆਖਰ ਸੰਗਤਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਸ੍ਰੀ ਹੇਮਕੁੰਟ ਸਾਹਿਬ ਅੱਪੜ ਗਏ। ਸਾਥੀਆਂ ਨੇ ਵੇਖਿਆ, ਆਪ ਦਾ ਰੰਗ ਨੀਲਾ ਪੈ ਗਿਆ ਹੈ। ਉਹਨਾਂ ਭਾਈ ਸਾਹਿਬ ਨੂੰ ਲਿਟਾਇਆ ਤੇ ਹੱਥ ਪੈਰ ਝਸੇ। ਪੰਜਾਂ ਕੁ ਮਿੰਟਾਂ ਬਾਦ ਭਾਈ ਸਾਹਿਬ ਸਾਵਧਾਨ ਹੋ ਕੇ ਉਠ ਖਲੋਤੇ। ਕੱਪੜੇ ਉਤਾਰੇ ਤੇ ਸਰੋਵਰ ਵਿਚ ਇਸ਼ਨਾਨ ਕੀਤਾ। ਫਿਰ ਤਾਜ਼ਾ ਕੱਪੜੇ ਪਹਿਨੇ ਤੇ ਸੰਗੀਆਂ ਨੂੰ ਚਲੋ ਗੁਰਦੁਆਰਾ ਸਾਹਿਬ ਪਹੁੰਚੀਏ ਤੇ ਕੀਰਤਨ ਆਰੰਭ ਕਰੀਏ।

ਝਬਦੇ ਹੀ ਗੁਰਦੁਆਰਾ ਸਾਹਿਬ ਪਹੁੰਚ ਗਏ। ਮੱਥਾ ਟੇਕਿਆ ਤੇ ਗੁਰੂ ਦੀ ਹਜ਼ੂਰੀ ਚਉਕੜੀ ਮਾਰ ਕੇ ਬੈਠ ਗਏ। ਸ਼ਬਦ ਲਾਇਆ–

ਧੰਨ ਸੁ ਦੇਸੁ ਜਹਾ ਤੂੰ ਵਸਿਆ<br>
ਮੇਰੇ ਸਜਣ ਮੀਤ ਮੁਰਾਰੇ ਜੀਉ। (ਪੰ. 96)

ਇਤਨਾ ਭਿੱਜ ਕੇ ਕੀਰਤਨ ਕੀਤਾ ਕਿ ਨਾਲੇ ਨਾਲ ਗਾਈ ਜਾਣ ਤੇ ਨਾਲੇ ਨਾਲ ਰੋਈ ਜਾਣ।

ਜਦ ਸੰਗਤਾਂ ਪਹੁੰਚੀਆਂ ਤਾਂ ਉਹ ਵੇਖ ਕੇ ਹੈਰਾਨ ਹੋ ਗਈਆਂ ਕਿ ਭਾਈ ਸਾਹਿਬ ਉਹਨਾਂ ਤੋਂ ਪਹਿਲਾਂ ਪਹੁੰਚ ਵੀ ਗਏ ਸਨ ਤੇ ਕੀਰਤਨ ਵੀ ਕਰ ਰਹੇ ਸਨ।

ਭਾਈ ਸਾਹਿਬ ਦੇ ਨੈਣਾਂ 'ਚੋਂ ਝਰਨੇ ਫੁੱਟਦੇ ਵੇਖ, ਸੰਗਤਾਂ ਦੇ ਨੇਤਰ ਵੀ ਸੇਜਲ ਹੋ ਗਏ।"

ਡਾਕਟਰ ਨੇਕੀ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਵੀ ਰਹੇ ਹਨ। ਉਹਨਾਂ ਨੇ ਵਿਦਿਆਰਥੀਆਂ ਦਾ ਕੈਂਪ ਲਗਾਉਣਾ ਸੀ ਜਿਸ ਲਈ ਮਾਇਆ ਦੀ ਲੋੜ ਸੀ। ਇੱਕ ਗੁਰਦੁਆਰਾ ਸਾਹਿਬ ਵਿਖੇ ਭਾਈ ਸਮੁੰਦ ਸਿੰਘ ਜੀ ਨੇ ਕੀਰਤਨ ਕਰਨਾ ਸੀ। ਉਸ ਤੋਂ ਪਹਿਲਾਂ ਨੇਕੀ ਜੀ ਨੇ ਸੰਗਤਾਂ ਅੱਗੇ ਮਾਇਆ ਲਈ ਅਪੀਲ ਕਰ ਦਿੱਤੀ। ਭਾਈ ਸਮੁੰਦ ਸਿੰਘ ਜੀ ਨੇ ਆਪਣੇ ਵੱਲੋਂ 51 ਰੁਪਏ ਭੇਟ ਕਰਦਿਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਅੱਜ ਦੀ ਸਾਰੀ ਭੇਟਾ ਇਸ ਕਾਰਜ ਲਈ ਹੋਵੇਗੀ। ਨਾਲ ਹੀ ਜਿਤਨੇ ਦਿਨ ਕੈਂਪ ਲੱਗੇਗਾ ਅਸੀਂ ਸਵੇਰੇ ਸ਼ਾਮ ਕੀਰਤਨ ਕਰਾਂਗੇ। ਇਹ ਸੁਣ ਕੇ ਸੰਗਤਾਂ ਨੇ ਮਾਇਆ ਦਾ ਢੇਰ ਲਾ ਦਿੱਤਾ। ਭਾਈ ਸਾਹਿਬ ਨੂੰ ਵਾਹਿਗੁਰੂ ਤੇ ਪੂਰਨ ਭਰੋਸਾ ਸੀ। ਉਹਨਾਂ ਸਾਰੀ ਉਮਰ ਇਸ ਭਰੋਸੇ ਨੂੰ ਕਾਇਮ ਰੱਖਿਆ।

ਇੱਕ ਹੋਰ ਥਾਂ ਨੇਕੀ ਸਾਹਿਬ ਭਾਈ ਸਾਹਿਬ ਨਾਲ ਆਪਣੀ ਗੱਲਬਾਤ ਦਾ ਜ਼ਿਕਰ ਕਰਦਿਆਂ ਲਿਖਦੇ ਹਨ- ਭਾਈ ਸਾਹਿਬ ਸਮੁੰਦ ਸਿੰਘ ਜੀ ਬੜੇ ਉਚੇ ਜੀਵਨ ਵਾਲੇ ਰਾਗੀ ਸਨ। ਮੈਨੂੰ ਬੜਾ ਪਿਆਰ ਕਰਦੇ ਸਨ। ਇਕ ਦਿਨ ਮੈਂ ਉਨ੍ਹਾਂ ਨੂੰ ਪੁੱਛ ਬੈਠਾ," ਭਾਈ ਸਾਹਿਬ ਜੀ, ਜੋ ਸ਼ਬਦ-ਭੇਟਾ ਆਪ ਨੂੰ ਪ੍ਰਾਪਤ ਹੁੰਦੀ ਹੈ, ਉਸ ਵਿੱਚ ਆਪ ਦਾ ਤੇ ਆਪ ਦੇ ਪਰਿਵਾਰ ਦਾ ਨਿਰਬਾਹ ਠੀਕ ਹੋ ਜਾਂਦੈ ?"

ਕਹਿਣ ਲੱਗੇ," ਸਾਨੂੰ ਸਾਡੇ ਬਜ਼ੁਰਗਾਂ ਨੇ ਤਿੰਨ ਗੱਲਾਂ ਦਾ ਉਪਦੇਸ਼ ਦਿੱਤਾ ਸੀ। ਪਹਿਲੀ ਇਹ ਕਿ ਕੀਰਤਨ ਗੁਰੂ ਨੂੰ ਸੁਣਾਉਣ ਲਈ ਕਰੀਏ ਉਸਨੂੰ ਹਾਜ਼ਰ ਨਾਜ਼ਰ ਜਾਣ ਕੇ। ਲੋਕਾਂ ਦੀ ਪ੍ਰਸ਼ੰਸਾ ਲਈ ਨਾ ਕਰੀਏ।

ਦੂਜੀ ਇਹ ਕਿ ਜ਼ਰੂਰਤਾਂ ਘਟਾ ਲਈਏ ਤਾਂ ਥੋੜ੍ਹੇ ਵਿਚ ਹੀ ਨਿਰਬਾਹ ਹੋ ਜਾਂਦੈ, ਜੇ ਵਧਾ ਲਈਏ ਤਾਂ ਬਹੁਤੇ ਵਿਚ ਵੀ ਨਹੀਂ ਹੁੰਦਾ।

ਤੀਜੇ ਇਹ ਕਿ ਸ਼ਬਦ-ਭੇਟ ਨੂੰ ਮਨੁੱਖਾਂ ਵੱਲੋਂ ਦਿੱਤਾ ਦਾਨ ਨਾ ਜਾਣਨਾ, ਪ੍ਰਮਾਤਮਾ ਵੱਲੋਂ ਦਿੱਤੀ ਦਾਤ ਜਾਣਨਾ। ਇਸ ਦੀ ਝਾਕ ਨਾ ਰੱਖਣਾ। ਜੋ ਪ੍ਰਾਪਤ ਹੋ ਜਾਵੇ, ਉਸ ਦਾਤੇ ਦੀ ਬਖਸ਼ਿਸ਼ ਜਾਣਨਾ, ਜੇ ਕੁਝ ਵੀ ਪ੍ਰਾਪਤ ਨਾ ਹੋਵੇ ਤਾਂ ਵੀ ਉਸ ਦੀ ਮਿਹਰ ਸਮਝਣਾ ਕਿ ਉਸ ਨੇ ਕੀਰਤਨ ਕਰਨ ਦਾ ਅਉਸਰ ਤਾਂ ਬਖਸ਼ਿਆ ਹੈ।

ਬਾਕੀ, ਸ਼ਬਦ-ਭੇਟ ਸਾਨੂੰ ਏਨੀ ਕੁ ਪ੍ਰਾਪਤ ਹੋ ਜਾਂਦੀ ਹੈ ਕਿ ਦਸਵੰਧ ਕੱਢਣ ਲੱਗਿਆਂ ਔਖ ਨਹੀਂ ਹੁੰਦੀ।"

ਡਾਕਟਰ ਨੇਕੀ ਵੱਲੋਂ ਭਾਈ ਸਾਹਿਬ ਬਾਰੇ ਇਹ ਵਰਣਨ ਸਮੁੱਚੇ ਕੀਰਤਨੀਆਂ ਲਈ ਇੱਕ ਚਾਨਣ ਮੁਨਾਰੇ ਵਾਂਗ ਕੰਮ ਕਰ ਸਕਦਾ ਹੈ। ਭਾਈ ਸਮੁੰਦ ਸਿੰਘ ਜੀ ਸੁਹਣੀ ਸੂਰਤ ਅਤੇ ਸੀਰਤ ਦੇ ਮਾਲਕ ਸਨ। ਸਰੀਰਕ ਤੌਰ 'ਤੇ ਮੱਧਰਾ ਕੱਦ, ਮੋਟੇ ਮੋਟੇ ਨੈਣ-ਨਕਸ਼, ਪ੍ਰਭਾਵਸ਼ਾਲੀ ਦਾਹੜਾ, ਦੀਦਾਰੀ ਮੁੱਖੜਾ, ਨੀਲੀ ਦਸਤਾਰ, ਸਫੈਦ ਕੁੜਤਾ-ਪਜਾਮਾ ਤੇ ਬਦਾਮੀ ਰੰਗ ਦੀ ਵਾਸਕਟ ਆਪ ਦੀ ਸ਼ਖਸੀਅਤ ਨੂੰ ਮਿਕਨਾਤੀਸੀ ਸਣਾ ਦਿੰਦੇ। ਦਸਤਾਰ ਉਹ ਬਹੁਤ ਪੋਚਵੀਂ ਬੰਨ੍ਹਦੇ ਸਨ। ਹਰ ਇਕ ਨੂੰ ਉਨ੍ਹਾਂ ਵਿੱਚੋਂ ਪੂਰਨ ਖ਼ਾਲਸੇ ਦਾ ਦੀਦਾਰ ਹੁੰਦਾ। ਸੀਰਤ ਦੇ ਪੱਖ ਤੋਂ ਉਨ੍ਹਾਂ ਦੀ ਕੋਈ ਰੀਸ ਨਹੀਂ ਸੀ। ਨਿਰੰਕਾਰ ਨੇ ਉਨ੍ਹਾਂ ਦੀ ਆਵਾਜ਼ ਵਿੱਚ ਜੋ ਸ਼ੁੱਧਤਾ, ਸਪੱਸ਼ਟਤਾ ਤੇ ਮਧੁਰਤਾ ਬਖਸ਼ੀ ਉਹਨਾਂ ਵਿਸ਼ੇਸ਼ ਗੁਣਾਂ ਨੇ ਉਨ੍ਹਾਂ ਨੂੰ ਲੋਕਾਂ ਦੇ ਦਿਲਾਂ ਦਾ ਸਵੱਰ-ਸਮਰਾਟ ਬਣਾ ਦਿੱਤਾ।

ਭਾਈ ਸਮੁੰਦ ਸਿੰਘ ਜੀ ਦੇ ਸਪੁੱਤਰ ਹਰਿਭਜਨ ਸਿੰਘ ਜੋ ਇਸ ਸਮੇਂ ਅਮਰੀਕਾ ਵਿੱਚ ਹਨ, ਨੇ ਆਪਣੇ ਪਿਤਾ ਜੀ ਬਾਰੇ ਬੜਾ ਸੁੰਦਰ ਲੇਖ ਲਿਖਿਆ ਹੈ ਇਸ ਵਿੱਚ ਉਹ ਉਹਨਾਂ ਦੀ ਦਿੱਖ ਬਾਰੇ ਵਰਣਨ ਕਰਦੇ ਹਨ- "ਮੇਰੇ ਪਿਤਾ ਜੀ ਦਿੱਖ ਬਹੁਤ ਪ੍ਰਭਾਵਸ਼ਾਲੀ ਸੀ। ਰੰਗ ਗੋਰਾ, ਕੱਦ ਮਧਰਾ ਤੇ ਨੇਣ ਨਕਸ਼ ਤਿੱਖੇ ਸਨ। ਉਹ ਜਵਾਨੀ ਵਿੱਚ ਰੇਸ਼ਮੀ ਪਗੜੀ, ਚਿੱਟਾ ਕੁੜਤਾ-ਪਜਾਮਾ ਤੇ ਬਦਾਮੀ ਰੰਗ ਦੀ ਵਾਸਕਟ ਪਹਿਨਦੇ ਸਨ। ਵੱਡੀ ਉਮਰ ਵਿੱਚ ਜਾ ਕੇ ਉਹਨਾਂ ਨੇ ਨੀਲੀ ਦਸਤਾਰ ਤੇ ਚੂੜੀਦਾਰ ਪਜਾਮਾ

ਪਹਿਨਿਆ। ਪਗੜੀ ਦੇ ਪੇਚ ਇੰਨੇ ਸਾਫ ਸੁਥਰੇ ਹੁੰਦੇ ਸਨ ਜਿੰਨੇ ਉਹਨਾਂ ਦੀ ਗਾਇਕੀ ਤਾਨ-ਪਲਟੇ।"

ਪ੍ਰੋਫੈਸਰ ਪਰਮਜੋਤ ਸਿੰਘ ਭਾਈ ਸਮੁੰਦ ਸਿੰਘ ਜੀ ਦੇ ਅਨਿੰਨ ਸ਼ਾਗਿਰਦ ਸਨ। ਉਹ 1972-73 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਲੈਕਚਰਰ ਦੇ ਤੌਰ 'ਤੇ ਕੰਮ ਕਰਦੇ ਰਹੇ ਸਨ। ਜਦੋਂ ਉਹ ਇੱਥੋਂ ਨੌਕਰੀ ਛੱਡ ਕੇ ਪੰਜਾਬ ਸਿੰਧ ਬੈਂਕ ਵਿੱਚ ਚਲੇ ਗਏ ਤਾਂ ਮੈਂ ਇਸ ਕਾਲਜ ਵਿੱਚ ਲੈਕਚਰਾਰ ਨਿਯੁਕਤ ਹੋਇਆ ਸਾਂ। ਇਸ ਕਾਰਨ ਪਰਮਜੋਤ ਸਿੰਘ ਜੀ ਨਾਲ ਮੇਰਾ ਨੇੜ ਸਥਾਪਤ ਹੋਇਆ। ਬਾਅਦ ਵਿੱਚ ਜਦੋਂ ਪੰਜਾਬ ਸਿੰਧ ਬੈਂਕ ਨੇ ਗੁਰਬਾਣੀ ਦੇ ਪੁਰਾਤਨ ਕੀਰਤਨ ਦੀ ਸੰਭਾਲ ਲਈ ਆਰਕਾਈਵ ਸਥਾਪਤ ਕਰਨ ਦੀ ਯੋਜਨਾ ਬਣਾਈ ਤਾਂ ਇਸ ਕਮੇਟੀ ਵਿੱਚ ਮੈਨੂੰ ਵੀ ਮੈਂਬਰ ਵਜੋਂ ਰੱਖਿਆ ਗਿਆ ਸੀ। ਪਰਮਜੋਤ ਸਿੰਘ ਭਾਈ ਸਮੁੰਦ ਸਿੰਘ ਜੀ ਇਤਨਾ ਸਤਿਕਾਰ ਕਰਦੇ ਸਨ ਕਿ ਉਹਨਾਂ ਨੇ ਮੁਲਾਂ ਪੁਰ ਲੁਧਿਆਣਾ ਵਿਖੇ ਆਪਣੇ ਘਰ ਦਾ ਨਾਮ "ਸਵਰ-ਸਮੁੰਦ" ਰੱਖਿਆ ਸੀ। ਆਪ ਜੀ ਭਾਈ ਸਾਹਿਬ ਦੇ ਸਾਰੇ ਪਰਿਵਾਰ ਦੇ ਨੇੜੇ ਸਨ। ਉਹ ਭਾਈ ਸਾਹਿਬ ਦੀ ਸ਼ੈਲੀ ਵਿੱਚ ਕੀਰਤਨ ਕਰਦੇ ਸਨ। ਉਹਨਾਂ ਨੇ ਭਾਈ ਸਾਹਿਬ ਬਾਰੇ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਉਹਨਾਂ ਨੇ ਭਾਈ ਸਾਹਿਬ ਦੀ ਕੀਰਤਨ ਸ਼ੈਲੀ ਨੂੰ ਕਾਇਮ ਰੱਖਣ ਲਈ ਕਈ ਗੀਤਾਂ ਰਿਕਾਰਡ ਕੀਤੀਆਂ ਅਤੇ ਭਾਈ ਸਾਹਿਬ ਦੀਆਂ ਬੰਦਸ਼ਾਂ ਨੂੰ ਸੁਰਲਿਪੀ ਬੱਧ ਕਰਕੇ ਪੁਸਤਕ ਰੂਪ ਵੀ ਦਿੱਤਾ। 'ਸਮੁੰਦ ਸਾਗਰ' ਨਾਮਕ ਇਹ ਪੁਸਤਕ ਸਿੰਘ ਬ੍ਰਦਰਜ਼ ਵੱਲੋਂ ਬੜੀ ਪ੍ਰਭਾਵਸ਼ਾਲੀ ਦਿਖ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਵਿੱਚ ਪ੍ਰੋਫੈਸਰ ਪਰਮਜੋਤ ਸਿੰਘ ਨੇ ਭਾਈ ਸਾਹਿਬ ਦੇ ਪਰਿਵਾਰਕ ਜੀਵਨ ਬਾਰੇ ਬੜੇ ਸੁੰਦਰ ਢੰਗ ਨਾਲ ਲਿਖਿਆ ਹੈ- ਭਾਈ ਸਾਹਿਬ ਜੀ ਦੀ ਸਾਧਨਾ ਅਤੇ ਕਲਾਤਮਕ ਸਿਖਰਾਂ ਨੂੰ ਦੇਖਦਿਆਂ ਲੱਗਦਾ ਹੋਵੇਗਾ ਕਿ ਸ਼ਾਇਦ ਉਹ ਆਪਣੇ ਗ੍ਰਿਹਸਤ ਜੀਵਨ ਤੋਂ ਉਪਰਾਮ ਰਹੇ ਹੋਣਗੇ। ਪਰ ਨਹੀਂ, ਉਹ ਤਾਂ ਇਕ ਆਗਿਆਕਾਰ ਪੁੱਤਰ, ਖੁਸ਼ਗਵਾਰ ਪਿਤਾ ਤੇ ਸੁਹਿਰਦ ਪਤੀ ਵਜੋਂ ਪ੍ਰਵਾਨ ਹੋਏ। ਉਨ੍ਹਾਂ ਗ੍ਰਿਹਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਬਾਹੀਆਂ। ਉਨ੍ਹਾਂ ਦੀ ਪਤਨੀ ਬੀਬੀ ਦਇਆ ਕੌਰ ਧਰਮ ਅਤੇ ਧੀਰਜ ਦੀ ਮੂਰਤ ਸਨ। ਜੋ ਘਰ ਵਿੱਚ ਆਏ-ਗਏ ਦੀ ਸੇਵਾ ਖਿੜੇ ਮੱਥੇ ਕਰਦੇ। ਉਨ੍ਹਾਂ ਦੀਆਂ ਤਿੰਨ ਬੇਟੀਆਂ ਨੇ ਉੱਚ-ਵਿੱਦਿਆ ਪ੍ਰਾਪਤ ਕਰ ਕੇ ਉੱਚੇ ਅਹੁਦੇ ਪ੍ਰਾਪਤ ਕੀਤੇ। ਉਨ੍ਹਾਂ ਦੇ ਇਕਲੌਤੇ ਪੁੱਤਰ ਸ. ਹਰਭਜਨ ਸਿੰਘ ਨੇ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਅਤੇ ਅਮਰੀਕਾ ਵਿੱਚ ਉੱਚੇ ਅਹੁਦੇ 'ਤੇ ਸਥਾਪਤ ਹੋਏ। ਪ੍ਰੋ. ਪਰਮਜੋਤ ਸਿੰਘ ਜੀ ਨੇ ਉਹਨਾਂ ਦੀ ਸ਼ਖਸੀਅਤ ਬਾਰੇ ਪ੍ਰਸਿੱਧ ਲੇਖਕਾਂ ਦੀਆਂ ਭਾਈ ਸਾਹਿਬ ਬਾਰੇ ਲਿਖੇ ਲੇਖਾਂ ਨੂੰ ਸੰਕਲਿਤ ਕਰਕੇ ਪੁਸਤਕ 'ਸਵਰ ਸਮੁੰਦ' ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਵਿੱਚ ਹੀ ਜਿਥੇ ਪ੍ਰਸਿੱਧ ਲੇਖਕਾਂ ਦੇ ਲੇਖ ਹਨ ਉਥੇ ਭਾਈ ਸਾਹਿਬ ਦੇ ਸਪੁੱਤਰ ਅਤੇ ਉਹਨਾਂ ਦੀ ਸਪੁੱਤਰੀ ਦੇ ਵੀ ਲੇਖ ਛਪੇ ਹਨ। ਸ੍ਰ. ਹਰਭਜਨ ਸਿੰਘ ਭਾਵੇਂ ਇੱਕ ਇੰਜੀਨੀਅਰ ਹਨ

ਪਰ ਗੁਰਮਤਿ ਸੰਗੀਤ ਉਹਨਾਂ ਦੇ ਧੁਰ ਅੰਦਰ ਵੱਸਿਆ ਹੋਇਆ ਹੈ। ਜਦੋਂ ਕਦੇ ਉਹ ਭਾਰਤ ਆਉਂਦੇ ਹਨ ਤਾਂ ਇਥੋਂ ਦੇ ਸੰਗੀਤਕਾਰਾਂ ਨਾਲ ਮਿਲ ਕੇ ਸੰਗੀਤ ਦੀਆਂ ਬਾਰੀਕੀਆਂ ਵਿਚਾਰਦੇ ਰਹਿੰਦੇ ਹਨ। ਕੁਝ ਸਾਲ ਪਹਿਲਾਂ ਜਦੋਂ ਚੰਡੀਗੜ੍ਹ ਆਏ ਤਾਂ ਮੇਰੇ ਪੁਰਾਣੇ ਸਾਥੀ ਡਾਕਟਰ ਪਰਮਜੀਤ ਸਿੰਘ ਜੋ ਕਾਫੀ ਸਮਾਂ ਮੇਰੇ ਨਾਲ ਤਬਲੇ ਸੰਗਤ ਕਰਦੇ ਰਹੇ ਹਨ, ਨਾਲ ਮਿਲ ਕੇ ਆਪਣੇ ਪਿਤਾ ਜੀ ਭਾਈ ਸਮੁੰਦ ਸਿੰਘ ਜੀ ਦੀਆਂ ਰੀਤਾਂ ਵਿੱਚ ਕੀਰਤਨ ਕਰਕੇ ਆਨੰਦ ਲੈਂਦੇ ਰਹੇ ਹਨ। ਆਪ ਭਾਈ ਸਾਹਿਬ ਦੀ ਗਾਇਕੀ ਦਾ ਵਿਸ਼ਲੇਸ਼ਣ ਕਰਦਿਆਂ ਲਿਖਦੇ ਹਨ- ਪਿਤਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ’ਤੇ ਲਗਾਤਾਰ 28 ਸਾਲ ਕੀਰਤਨ ਦੀ ਸੇਵਾ ਕੀਤੀ। ਗੁਰੂ ਨਾਨਕ ਸਾਹਿਬ ਨੇ ਅਜਿਹੀ ਕਲਾ ਵਰਤਾਈ ਕਿ ਗਾਇਕੀ ਦੇ ਪੱਖ ਤੋਂ ਰਬਾਬੀ ਗਵੱਈਏ ਵੀ ਉਨ੍ਹਾਂ ਦੀ ਗਾਇਕੀ ਦਾ ਸਿੱਕਾ ਮੰਨਦੇ ਸਨ। ਉਹ ਸੀਨੇ ਦੇ ਜ਼ੋਰ ਨਾਲ ਗਾਉਂਦੇ ਸਨ। ਢਿੱਲੀ ਗਾਇਕੀ ਉਨ੍ਹਾਂ ਨੂੰ ਉੱਕੀ ਪਸੰਦ ਨਹੀਂ ਸੀ, ਤਾਨ ਪਲਟੇ ਤੇ ਲੈਅ ਦੇ ਧਨੀ ਸਨ, ਪਰ ਗਵਾਇਸ਼ ਨੂੰ ਕਦੀ ਹਾਵੀ ਨਹੀਂ ਸੀ ਹੋਣ ਦਿੰਦੇ। ਉਹ ਕਹਿੰਦੇ ਸਨ, “ਗੁਰਬਾਣੀ ਦਾ ਸਥਾਨ ਉੱਚਾ ਹੈ। ਰਾਗ ਗੁਰਬਾਣੀ ਦਾ ਰੱਥ ਹੈ। ਉਸ ਨੂੰ ਜਿੰਨਾ ਸੰਵਾਰੋਗੇ, ਓਨਾ ਹੀ ਰਸ ਵਧੇਗਾ।”

ਉਹਨਾਂ ਦੀ ਸਪੁੱਤਰੀ ਬੀਬੀ ਜਸਕਿਰਨ ਕੌਰ ਨੇ ਬੜੇ ਵਿਦਵਤਾਪੂਰਨ ਢੰਗ ਨਾਲ ਭਾਈ ਸਾਹਿਬ ਦੀ ਸ਼ਖਸੀਅਤ ਅਤੇ ਕੀਰਤਨ ਕਲਾ ਦਾ ਵਿਸ਼ਲੇਸ਼ਣ ਕੀਤਾ ਹੈ। “ਆਪ ਬਹੁਤਾ ਨਿਰੋਲ ਬਾਣੀ ਗਾਉਣ ’ਤੇ ਜ਼ੋਰ ਦਿੰਦੇ ਤਾਂ ਕਿ ਘੜੀ ਪਲ ਲਈ ਸੁਰਤ ਸ਼ਬਦ ਨਾਲੋਂ ਨਾ ਟੁੱਟੇ। --ਆਪਦੀ ਗਾਇਕੀ ਦੀ ਪ੍ਰਸਿੱਧਤਾ ਸੀ ਕਿ ਸਮੇਂ ਅਨੁਸਾਰ ਉਦਾਹਰਨਾਂ ਗੁਰਬਾਣੀ ਵਿਚੋਂ ਦੇਣੀਆਂ ਤਾਂ ਕਿ ਸਪੱਸ਼ਟਤਾ ਵਧਦੀ ਜਾਵੇ ਤੇ ਫਿਰ ਅੰਤਰੇ ਨਾਲ ਜੋੜ ਉਸ ਦੀ ਰੌਚਕਤਾ ਵਧਾ ਦੇਣੀ। ਜੇ ਸਮਾਂ ਘੱਟ ਹੋਵੇ ਤਾਂ ਸਮੁੰਦਰ ਗੁਰੂ ਗ੍ਰੰਥ ਸਾਹਿਬ ਵਿਚੋਂ ਐਸੇ ਚੋਣਵੇਂ ਤੇ ਛੋਟੇ ਸ਼ਬਦ ਸ੍ਰੋਤਿਆਂ ਨੂੰ ਸੁਣਾਉਣੇ ਕਿ ਸਭ ਮੰਤਰ ਮੁਗਧ ਹੋ ਉਠਣ।-- ਰੇਡੀਓ ਸਟੇਸ਼ਨਾਂ ’ਤੇ ਗਾਉਣ ਲਈ ਸਮੇਂ ਦੀ ਬੰਦਸ਼ ਦਾ ਇਤਨਾ ਧਿਆਨ ਰਖਦੇ ਸਨ ਕਿ ਜੇ 5 ਸ਼ਬਦਾਂ ਦੀ ਮੰਗ ਹੋਵੇ ਤੇ ਟਾਈਮ 25 ਮਿੰਟ ਹੋਵੇ ਤਾਂ ਆਪ ਦੇ ਸ਼ਬਦ ਵਿੱਚ ਭਾਵੇਂ ਉਚਾਰਨ ਤੇ ਅਲਾਪ ਵੀ ਹੋਵੇ ਤਾਂ 5 ਮਿੰਟ ਤੋਂ ਵਧ ਨਾ ਹੁੰਦਾ। ਸਿੱਖਾਂ ਤੋਂ ਇਲਾਵਾ ਬਾਕੀ ਜਾਤੀਆਂ ਭੀ ਆਪ ਦੀ ਕਲਾ ਦੀਆਂ ਰਿਣੀ ਸਨ। ਸਾਜ਼ ਵਜਾਉਣ ਵਾਲੇ ਕਹਿੰਦੇ ਸਨ ਕਿ ਵਜਾਣ ਲੱਗਿਆਂ ਸਾਡੇ ਸਾਜ਼ਾਂ ਵਿਚ ਭੀ ਆਨੰਦ ਭਰ ਜਾਂਦਾ ਹੈ, ਫਿਰ ਸੋਚੋ, ਵਜਾਣ ਵਾਲਿਆਂ ਦੇ ਹੱਥਾਂ ਨੂੰ ਕੀ ਪ੍ਰਤੀਤ ਹੁੰਦਾ ਹੋਵੇਗਾ।

ਗੁਰੂ ਸਾਹਿਬ ਜੀ ਦੀ ਅਪਾਰ ਕ੍ਰਿਪਾ ਨਾਲ ਜਿਨ੍ਹਾਂ ਪਰਿਵਾਰਾਂ ਵਿੱਚ ਉਨ੍ਹਾਂ ਦੇ ਪੁੱਤਰ-ਪੁੱਤਰੀਆਂ ਦੇ ਵਿਆਹ ਸਬੰਧ ਜੁੜੇ, ਉਹ ਵੀ ਵਿਦਵਾਨ ਗੁਰਸਿੱਖ ਪਰਿਵਾਰ ਸਨ। ਇਹੋ ਜਿਹੇ ਹੱਸਦੇ-ਵੱਸਦੇ ਪਰਿਵਾਰ ਵਿੱਚ ਜਦੋਂ ਵੀ ਭਾਈ ਸਾਹਿਬ ਨੂੰ ਬੈਠਣ ਦਾ ਮੌਕਾ ਮਿਲਦਾ, ਉਹ ਹਾਸਾ-ਠੱਠਾ ਵੀ ਕਰਿਆ ਕਰਦੇ। ਸਮਾਜ ਵਿੱਚ ਵਿਚਰਨ ਘੇਰਾ

ਮੋਕਲਾ ਹੋਣ ਕਰਕੇ ਉਹ ਆਪਣੇ ਅਨੁਭਵ ਸਾਰੇ ਪਰਿਵਾਰ ਵਿੱਚ ਸਾਂਝੇ ਕਰਦੇ।

ਗੁਰਮਤਿ ਨੇ ਇਕ ਕਸਵੱਟੀ ਦਿੱਤੀ ਹੈ, "ਖੋਲਿ ਖਜਾਨਾ ਸਬਦੁ ਦਾ ਸਾਧ ਸੰਗਤਿ ਸਚੁ ਮੇਲਿ ਮਿਲਾਇਆ", ਜਿਸ ਨੂੰ ਭਾਈ ਸਾਹਿਬ ਨੇ ਆਪਣੀ ਜ਼ਿੰਦਗੀ ਵਿੱਚ ਅਪਣਾਇਆ। ਉਨ੍ਹਾਂ ਨਾਨਕ ਬਾਣੀ ਵਿੱਚ ਡੂੰਘੀ ਟੁੱਭੀ ਲਾਈ ਅਤੇ ਰਾਗ-ਰਤਨ ਨਾਲ ਭਰਪੂਰ ਖ਼ਜ਼ਾਨੇ ਨੂੰ ਪ੍ਰਾਪਤ ਕੀਤਾ। ਉਹ ਜਿਥੇ ਆਪ ਇਸ ਅਤੁੱਟ, ਅਮੋਲਕ ਤੇ ਦੁਰਲੱਭ ਖ਼ਜ਼ਾਨੇ ਨਾਲ ਮਾਲੋ-ਮਾਲ ਹੋ ਗਏ, ਉਥੇ ਉਨ੍ਹਾਂ ਆਪਣੇ ਸਾਥੀਆਂ ਨੂੰ ਵੀ ਮਾਲੋ-ਮਾਲ ਕਰ ਦਿੱਤਾ। ਲੰਮੇ ਸਮੇਂ ਤੱਕ ਕੀਰਤਨ ਦੀ ਸੇਵਾ ਵਿੱਚ ਸ. ਤੇਜਾ ਸਿੰਘ ਤੇ ਸ. ਹਰਨਾਮ ਸਿੰਘ ਨੇ ਉਨ੍ਹਾਂ ਨਾਲ ਸੰਗਤ ਕੀਤੀ। ਬਹੁਤ ਥੋੜ੍ਹਾ ਸਮਾਂ ਸ. ਪਰਮਜੋਤ ਸਿੰਘ ਨੂੰ ਵੀ ਉਨ੍ਹਾਂ ਦੀ ਸੰਗਤ ਮਾਨਣ ਦਾ ਨਿੱਘ ਪ੍ਰਾਪਤ ਹੋਇਆ। ਪਰ ਜੋ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਇਆ, ਉਸ ਨੂੰ ਦੁਨਿਆਵੀ ਅਤੇ ਰੂਹਾਨੀ ਤਾਕਤ ਪ੍ਰਾਪਤ ਹੋਈ। ਭਾਈ ਸਾਹਿਬ ਜੀ ਦੀਆਂ ਅਸੀਸਾਂ ਸਦਕਾ ਸ. ਤੇਜਾ ਸਿੰਘ ਦੇ ਲੜਕੇ ਸ. ਹਰਕੀਰਤ ਸਿੰਘ ਨੇ ਵਿਦਿਅਕ ਅਤੇ ਦੁਨਿਆਵੀ ਖੇਤਰ ਵਿੱਚ ਬੁਲੰਦੀਆਂ ਨੂੰ ਛੂਹਿਆ ।

ਭਾਈ ਹਰਨਾਮ ਸਿੰਘ ਜੀ ਨੇ ਬਹੁਤ ਲੰਮਾ ਸਮਾਂ ਭਾਈ ਸਮੁੰਦ ਸਿੰਘ ਜੀ ਨਾਲ ਤਬਲੇ 'ਤੇ ਸੰਗਤ ਕੀਤੀ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਆਪ ਕੁਝ ਸਮਾਂ ਚੰਡੀਗੜ੍ਹ ਪ੍ਰੋਫੈਸਰ ਨਿਰਮਲ ਸਿੰਘ ਨਾਲ ਤਬਲੇ 'ਤੇ ਸੰਗਤ ਕਰਦੇ ਰਹੇ ਹਨ। ਭਾਈ ਸਮੁੰਦ ਸਿੰਘ ਜੀ ਕਾਰਨ ਦੇਸ਼ ਦੇ ਵੱਡੇ ਵੱਡੇ ਸ਼ਹਿਰਾਂ ਦੀਆਂ ਸੰਗਤਾਂ ਭਾਈ ਹਰਨਾਮ ਸਿੰਘ ਜੀ ਦਾ ਸਤਿਕਾਰ ਕਰਦੀਆਂ ਸਨ। ਇਸ ਕਾਰਨ ਪ੍ਰੋਫੈਸਰ ਨਿਰਮਲ ਸਿੰਘ ਜੀ ਨੂੰ ਇਨ੍ਹਾਂ ਸ਼ਹਿਰਾਂ ਵਿੱਚ ਕੀਰਤਨ ਕਰਨ ਦਾ ਭਰਪੂਰ ਮੌਕਾ ਮਿਲਿਆ। ਮੈਂ (ਜਾਗੀਰ ਸਿੰਘ) ਆਪਣੀ ਰੁਚੀ ਅਨੁਸਾਰ ਭਾਈ ਹਰਨਾਮ ਸਿੰਘ ਜੀ ਤੋਂ ਭਾਈ ਸਮੁੰਦ ਸਿੰਘ ਜੀ ਬਾਰੇ ਜਾਣਕਾਰੀ ਲੈਂਦਾ ਰਹਿੰਦਾ ਸਾਂ। ਉਹਨਾਂ ਨੇ ਜੋ ਕੁਝ ਦੱਸਿਆ ਇਸ ਦਾ ਜ਼ਿਕਰ ਪ੍ਰੋਫੈਸਰ ਪਰਮਜੋਤ ਸਿੰਘ ਨੇ ਆਪਣੀ ਪੁਸਤਕ ਸਮੁੰਦ ਸਾਗਰ ਵਿੱਚ ਬਹੁਤ ਵਧੀਆ ਢੰਗ ਨਾਲ ਕੀਤਾ ਹੈ। ਆਪ ਲਿਖਦੇ ਹਨ ਕਿ ਭਾਈ ਹਰਨਾਮ ਸਿੰਘ ਤਾਂ ਇਥੋਂ ਤੱਕ ਮੰਨਦੇ ਹਨ ਕਿ ਮੇਰਾ ਵੱਡਾ ਬੇਟਾ ਅੰਮ੍ਰਿਤਪਾਲ ਤਾਂ ਉਨ੍ਹਾਂ ਦੀ ਅਰਜ਼ੋਈ ਸਦਕਾ ਪੈਦਾ ਹੋਇਆ। ਉਨ੍ਹਾਂ ਨੇ ਜਜ਼ਬਾਤੀ ਰੌਂਅ ਵਿੱਚ ਆਪਣੇ ਮੂੰਹੋਂ ਇਹ ਘਟਨਾ ਸੁਣਾਈ ਤੇ ਦੱਸਿਆ, 1947 ਦੀ ਵੰਡ ਉਪਰੰਤ ਇਕ ਵਾਰ ਪਾਕਿਸਤਾਨ ਦੇ ਧਾਰਮਿਕ ਗੁਰਧਾਮਾਂ ਦੇ ਦਰਸ਼ਨਾਂ ਲਈ ਸੰਗਤ ਗਈ। ਅਸੀਂ ਵੀ ਕੀਰਤਨੀ ਜਥੇ ਦੇ ਰੂਪ ਵਿੱਚ ਨਾਲ ਗਏ। ਨਨਕਾਣਾ ਸਾਹਿਬ ਕੀਰਤਨ ਦੀ ਹਾਜ਼ਰੀ ਲਗਵਾਈ।

ਕੀਰਤਨ ਉਪਰੰਤ ਮੇਰੇ ਸਮੇਤ ਚੌਦਾਂ-ਪੰਦਰਾਂ ਪ੍ਰੇਮੀਆਂ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਭਾਈ ਸਾਹਿਬ ਤੁਸੀਂ ਨਾਨਕ ਪਾਤਸ਼ਾਹ ਦੇ ਦਰ 'ਤੇ ਲੰਮਾ ਸਮਾਂ ਕੀਰਤਨੀਏ ਵਜੋਂ ਸੇਵਾ ਕੀਤੀ ਹੈ । ਸਾਡੀ ਅਰਜ਼ੋਈ ਕਰੋ ਕਿ ਸਾਡੇ 'ਤੇ ਵੀ ਗੁਰੂ ਨਾਨਕ ਪਾਤਸ਼ਾਹ ਬਖ਼ਸ਼ਿਸ਼ ਕਰਨ। ਸਾਡੀਆਂ ਸ਼ੁਭ ਮਨੋਕਾਮਨਾਵਾਂ ਪੂਰੀਆਂ ਹੋਣ। ਭਾਈ ਸਾਹਿਬ ਨੇ ਗਲ ਵਿੱਚ ਪੱਲਾ ਪਾ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਅਰਦਾਸ

ਕੀਤੀ, "ਹੇ ਨਾਨਕ ਪਾਤਸ਼ਾਹ। ਮੈਂ ਤੇਰੇ ਦਰ ਦਾ ਕੀਰਤਨੀਆ ਹਾਂ, ਤੇਰੇ ਦਰਬਾਰ ਦਾ ਕੀਰਤਨੀਆ ਸਮਝ ਇਨ੍ਹਾਂ ਨੇ ਮੈਨੂੰ ਅਰਜ਼ੋਈ ਕਰਨ ਲਈ ਕਿਹਾ ਹੈ, ਇਨ੍ਹਾਂ ਵਿੱਚ ਮੇਰਾ ਸਾਥੀ ਹਰਨਾਮ ਸਿੰਘ ਵੀ ਹੈ। ਜੋ ਜੋ ਇਹ ਮੰਗਦੇ ਹਨ, ਇਨ੍ਹਾਂ ਦੀ ਝੋਲੀ ਖ਼ੈਰ ਪਾ।" ਭਾਈ ਹਰਨਾਮ ਸਿੰਘ ਨੇ ਦੱਸਿਆ ਕਿ ਮੈਂ ਯਕੀਨ ਨਾਲ ਕਹਿੰਦਾ ਹਾਂ ਕਿ ਸਾਰਿਆਂ 'ਤੇ ਉਹੀ ਬਖ਼ਸ਼ਿਸ਼ਾਂ ਹੋਈਆਂ, ਜੋ ਜੋ ਕਿਸੇ ਨੇ ਮੰਗੀਆਂ ਸਨ। ਭਾਈ ਸਾਹਿਬ ਦੇ ਬੋਲਾਂ ਵਿੱਚ ਇਕ ਅਗੰਮੀ ਸ਼ਕਤੀ ਸੀ, ਜਿਸ ਕਰਕੇ ਮੈਂ ਇੰਨਾ ਲੰਮਾ ਸਮਾਂ ਉਨ੍ਹਾਂ ਨਾਲ ਜੁੜਿਆ ਰਿਹਾਂ।

ਉਨ੍ਹਾਂ ਨੇ ਹੋਰ ਦੱਸਿਆ ਕਿ ਉਹ ਮੈਨੂੰ ਪਿਤਾ ਸਮਾਨ ਪਿਆਰ ਕਰਦੇ ਸਨ। ਜਦੋਂ ਕਦੇ ਮੈਂ ਤਬਲੇ ਦੀ ਸੰਗਤ ਕਰਨ ਸਬੰਧੀ ਅਵੇਸਲਾ ਹੋਣਾ, ਉਨ੍ਹਾਂ ਮੈਨੂੰ ਤਾੜਨਾ ਕਰਨੀ, "ਸ. ਹਰਨਾਮ ਸਿਆਂ? ਤਿਆਰ ਹੋ, ਕਮਲਾ ਨਾ ਬਣ। ਆਪਾਂ ਕੀਰਤਨ ਕਰ ਆਈਏ। ਕਦੀ ਯਾਦ ਕਰਿਆ ਕਰੇਂਗਾ।" ਫਿਰ ਕਦੀ ਮੈਨੂੰ ਵਡਿਆਉਂਦਿਆਂ ਹੋਇਆਂ ਕਹਿਣਾ, "ਮੇਰੀਆਂ ਬਾਹਵਾਂ ਮੇਰੇ ਸਾਥੀ ਨੇ, ਮੈਂ ਤਾਂ ਉਨ੍ਹਾਂ ਦੇ ਸਿਰ 'ਤੇ ਹੀ ਉਡਿਆ ਫਿਰਦਾ ਹਾਂ।" ਭਾਈ ਸਾਹਿਬ ਜੀ ਦੀ ਸ਼ਖ਼ਸੀਅਤ ਵਿੱਚ ਇਕ ਮਿਕਨਾਤੀਸੀ ਖਿੱਚ ਸੀ। ਜੋ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਉਂਦਾ, ਉਨ੍ਹਾਂ ਦਾ ਹੀ ਬਣ ਜਾਂਦਾ। ਸੰਤਾਂ ਤੇ ਸੰਗਤਾਂ ਵੱਲੋਂ ਉਨ੍ਹਾਂ ਨੂੰ ਅਥਾਹ ਪਿਆਰ ਮਿਲਿਆ।

ਸ. ਹਰਨਾਮ ਸਿੰਘ ਜੀ ਨੇ ਅਜਿਹੇ ਪਿਆਰ ਸਬੰਧੀ ਘਟਨਾ ਦਰਸਾਉਂਦਿਆਂ ਕਿਹਾ, "1947 ਤੋਂ ਪਹਿਲਾਂ ਇਕ ਵਾਰ ਅਸੀਂ ਨਨਕਾਣਾ ਸਾਹਿਬ ਤੋਂ ਜਥੇ ਸਮੇਤ ਸਿੰਧੀ ਸੰਗਤਾਂ ਦੇ ਬੁਲਾਵੇ 'ਤੇ ਕਰਾਚੀ ਗਏ। ਜਦੋਂ ਅਸੀਂ ਸਟੇਸ਼ਨ 'ਤੇ ਪਹੁੰਚੇ ਤਾਂ ਕੀ ਦੇਖਿਆ ਕਿ ਸੰਗਤਾਂ ਦਾ ਅਥਾਹ ਸਮੁੰਦਰ ਇਕ ਜਲੂਸ ਦੀ ਸ਼ਕਲ ਵਿੱਚ ਭਾਈ ਸਾਹਿਬ ਦੇ ਸਤਿਕਾਰ ਲਈ ਸਟੇਸ਼ਨ 'ਤੇ ਪਹੁੰਚਿਆ ਹੋਇਆ ਸੀ। ਸੰਗਤਾਂ ਨੇ ਭਾਈ ਸਾਹਿਬ ਨੂੰ ਗੱਡੀ ਤੋਂ ਉਤਰਦਿਆਂ ਸਾਰ ਘੇਰ ਲਿਆ। ਹਾਰ ਪਾ ਪਾ ਕੇ ਉਨ੍ਹਾਂ ਦਾ ਸੁਆਗਤ ਕੀਤਾ ਤੇ ਫਿਰ ਢੋਲਕੀਆਂ-ਛੈਣਿਆਂ ਨਾਲ ਇਕ-ਸੁਰ ਵਿੱਚ ਗਾਣ ਲੱਗੇ, "ਨਨਕਾਣੇ ਦੇ ਰਾਗੀ ਆਏ ਜੀ", "ਭਾਈ ਸਮੁੰਦ ਸਿੰਘ ਆਏ ਜੀ"। ਇਸ ਲੈਅ-ਮਈ ਧੁਨੀ ਨਾਲ ਸਾਰਾ ਸ਼ਹਿਰ ਗੂੰਜ ਉਠਿਆ। ਇਹ ਤਾਂ ਗੁਰੂ ਨਾਨਕ ਨਾਮ-ਲੇਵਾ ਸਹਿਜਧਾਰੀ ਸਿੱਖ ਸੰਗਤਾਂ ਦਾ ਪ੍ਰਭਾਵ ਸੀ। ਹੋਰ ਵੀ ਅਨੇਕਾਂ ਨੇ ਭਾਈ ਸਾਹਿਬ ਦੇ ਕੀਰਤਨ ਪ੍ਰਭਾਵ ਨੂੰ ਕਬੂਲਿਆ।

ਭਾਈ ਸਾਹਿਬ ਨੂੰ ਸੰਗਤਾਂ ਵੱਲੋਂ ਜਿਤਨਾ ਪਿਆਰ ਸਤਿਕਾਰ ਮਿਲਿਆ ਉਸ ਅੱਗੇ ਸਰਕਾਰੀ ਮਾਨ ਸਮਨਾਮ ਤੁੱਛ ਜਾਪਦੇ ਹਨ। ਫਿਰ ਵੀ 1969-70 ਵਿੱਚ ਪੰਜਾਬ ਸਰਕਾਰ ਵੱਲੋਂ ਆਪ ਨੂੰ ਭਾਈ ਮਰਦਾਨਾ ਅਵਾਰਡ ਦੇ ਕੇ ਸਨਮਾਨਤ ਕੀਤਾ ਗਿਆ।

ਅਸੀਂ ਅੰਮ੍ਰਿਤ ਕੀਰਤਨ ਟ੍ਰਸਟ ਵੱਲੋਂ ਭਾਈ ਸਾਹਿਬ ਦੇ ਚੋਣਵੇਂ ਸ਼ਬਦਾਂ ਦੀ ਇੱਕ ਐਮ.ਪੀ. 3 ਸੀ.ਡੀ. ਤਿਆਰ ਕੀਤੀ ਸੀ। ਜੋ ਕੀਰਤਨ ਪ੍ਰੇਮੀਆਂ ਨੂੰ ਫਰੀ ਵੰਡੀ ਗਈ ਸੀ। ਹੁਣ ਤਾਂ ਭਾਈ ਸਾਹਿਬ ਦੇ ਅਨੇਕਾਂ ਸ਼ਬਦ ਯੂ ਟਿਊਬ 'ਤੇ ਸੁਣਨ ਨੂੰ ਮਿਲ ਜਾਂਦੇ

ਹਨ। ਇਸ ਨੂੰ ਸੁਣ ਕੇ ਅਜੋਕੇ ਕੀਰਤਨੀਏ ਇਸ ਮਿਆਰੀ ਕੀਰਤਨ ਤੋਂ ਕਾਫੀ ਕੁਝ ਸਿੱਖ ਸਕਦੇ ਹਨ।

ਪ੍ਰਸਿੱਧ ਕੀਰਤਨੀਏ ਪਦਮ ਸ਼੍ਰੀ ਭਾਈ ਨਿਰਮਲ ਸਿੰਘ ਨੇ ਇੱਕ ਲੇਖ ਵਿੱਚ ਭਾਈ ਸਾਹਿਬ ਬਾਰੇ ਲਿਖਿਆ ਹੈ-ਭਾਈ ਸਮੁੰਦ ਸਿੰਘ ਵਰਗੇ ਸਿਰਮੌਰ ਕੀਰਤਨੀਏ ਸਾਡੇ ਸਭਨਾਂ ਲਈ ਇੱਕ ਉੱਚ ਆਦਰਸ਼ ਹਨ, ਉਹਨਾਂ ਦੇ ਗੁਰਮਤਿ ਸੰਗੀਤਕ ਸਫਰ ਤੋਂ ਜੋ ਸਾਨੂੰ ਸੇਧ ਮਿਲਦੀ ਹੈ ਉਹ ਨਿਹਾਇਤ ਹੀ ਬੇਸ਼ਕੀਮਤੀ ਤੇ ਅਨਮੋਲ ਹੈ। ਮੇਰੇ ਮਨ ਅੰਦਰ ਆਪ ਜੀ ਦਾ ਅੰਤਾਂ ਦਾ ਸਤਿਕਾਰ ਹੈ, ਅਜਿਹੇ ਸੰਗੀਤ ਪ੍ਰਵੀਨ ਕੀਰਤਨੀਏ ਕਿਧਰੇ ਹਯਾਤੀਆਂ ਬਾਅਦ ਜਾ ਕੇ ਪੈਦਾ ਹੁੰਦੇ ਹਨ।-

ਪ੍ਰਿੰਸੀਪਲ ਦਿਆਲ ਸਿੰਘ ਜੋ ਆਪ ਸੰਗੀਤ ਕਲਾ ਅਤੇ ਗੁਰਮਤਿ ਸੰਗੀਤ ਦੇ ਉੱਚ ਕੋਟੀ ਦੇ ਵਿਦਵਾਨ ਹਨ ਅਤੇ ਜਿਹਨਾਂ ਨੇ ਵੀਹ-ਪੰਚੀ ਸਾਲ ਦਿਲਰੁਬਾ ਤੇ ਸਰੰਦਾ (ਤੰਤੀ ਸਾਜ਼) ਵਜਾਇਆ। ਆਪ ਨੇ ਕੁਝ ਸਮਾਂ ਭਾਈ ਸਮੁੰਦ ਸਿੰਘ ਜੀ ਨਾਲ ਵੀ ਦਿਲਰੁਬਾ ਤੇ ਸੰਗਤ ਕੀਤੀ। ਆਪ ਗੁਰਮੀਤ ਵਿਦਿਆਲਾ ਗੁ: ਰਕਾਬ ਗੰਜ ਦਿੱਲੀ ਦੇ ਪ੍ਰਿੰਸੀਪਲ ਰਹੇ ਅਤੇ ਚਾਲੀ ਸਾਲ ਗੁਰਬਾਣੀ ਤੇ ਕੀਰਤਨ ਸਿਖਾਉਣ ਦੀ ਸੇਵਾ ਕੀਤੀ। ਆਪ ਨੇ ਭਾਈ ਸਮੁੰਦ ਸਿੰਘ ਜੀ ਬਾਰੇ ਲਿਖੇ ਲੇਖ ਵਿੱਚ ਭਾਈ ਸਾਹਿਬ ਦੀ ਮਹਾਨਤਾ ਦੇ ਗੁਣ ਗਾਇਣ ਕੀਤੇ ਹਨ।

ਆਪ ਲਿਖਦੇ ਹਨ - "ਭਾਈ ਸਮੁੰਦ ਸਿੰਘ ਜੀ ਜਿੱਥੇ ਉੱਚ ਕੋਟੀ ਦੇ ਕੀਰਤਨੀਏ ਸਨ, ਉੱਥੇ ਆਪ ਜੀ ਦੀ ਰਹਿਣੀ ਬਹਿਣੀ ਤੇ ਕਰਣੀ ਵੀ ਪੁਰਾਤਨ ਸਿੱਖਾਂ ਵਾਲੀ ਸੀ, ਐਸੇ ਮਹਾਨ ਕੀਰਤਨੀ ਸਿੰਘਾਂ ਦੇ ਤਾਂ ਹੁਣ ਦਰਸ਼ਨ ਵੀ ਦੁਰਲੱਭ ਹਨ।" ਭਾਈ ਸਾਹਿਬ ਜੀ ਨਾਲ ਸਬੰਧਤ ਉਹ ਕੁਝ ਘਟਨਾਵਾਂ ਬਿਆਨ ਕਰਦੇ ਹਨ ਜਿਹਨਾਂ ਤੋਂ ਭਾਈ ਸਾਹਿਬ ਦੀ ਕੀਰਤਨੀ ਮਹਾਨਤਾ ਪ੍ਰਗਟ ਹੁੰਦੀ ਹੈ। ਪ੍ਰਿੰਸੀਪਲ ਸਾਹਿਬ ਲਿਖਦੇ ਹਨ- ਇਕ ਵੇਰ ਸੰਨ 1950 ਵਿੱਚ ਦਸਮ ਪਾਤਸ਼ਾਹ ਦੇ ਪ੍ਰਕਾਸ਼ ਉਤਸਵ 'ਤੇ ਵੀ ਆਏ ਤਾਂ ਗੁ: ਸ੍ਰੀ ਰਕਾਬ ਗੰਜ ਵਿਖੇ ਰਾਤ ਦੇ ਦੀਵਾਨ ਵਿੱਚ "ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥" (ਬਚਿੱਤ੍ਰ ਨਾਟਕ) ਦਾ ਛੰਦ, ਮਾਲਕੌਂਸ ਰਾਗ ਵਿੱਚ ਐਸੀ ਮਸਤੀ ਨਾਲ ਗਾਇਨ ਕੀਤਾ ਕਿ ਸਾਰੀ ਸੰਗਤ ਬੀਰ ਰਸ ਦੇ ਰੰਗ ਵਿੱਚ ਰੰਗੀ ਗਈ।

ਇੱਕ ਵਾਰ ਉਹਨਾਂ ਨੇ ਪ੍ਰਿੰਸੀਪਲ ਦਿਆਲ ਸਿੰਘ ਜੀ ਨੂੰ ਆਪਣੇ ਕੀਰਤਨ ਅਭਿਆਸ ਬਾਰੇ ਦੱਸਿਆ-"ਭਾਈ ਦਿਆਲ ਸਿੰਘ ਜੀ, ਨਾ ਤਾਂ ਮੈਂ ਸੰਗੀਤਕ ਥਿਉਰੀ ਨੂੰ ਬਹੁਤਾ ਜਾਣਦਾ ਹਾਂ ਅਤੇ ਨਾ ਹੀ ਇਸ ਤਾਲ-ਬਧ ਸੁਰ-ਲਿਪੀ (ਨੁਟੇਸ਼ਨ) ਨੂੰ ਸਿੱਖਿਆ ਹੈ। ਮੈਂ ਤਾਂ ਕੇਵਲ ਗੁਰੂ ਕਾ ਕੀਰਤਨੀਆਂ ਹਾਂ। ਪਰ ਇੱਕ ਗੱਲ ਮੈਂ ਕਹਿ ਸਕਦਾ ਹਾਂ, ਕਿ ਜਿਨ੍ਹਾਂ ਰਾਗਾਂ ਨੂੰ ਮੈਂ ਗਾਇਨ ਕਰਦਾ ਹਾਂ, ਉਹਨਾਂ ਨੂੰ ਪਹਿਲਾਂ ਕਿਸੇ ਚੰਗੇ ਗਾਇਕ-ਵਾਦਕ ਤੋਂ ਜ਼ਰੂਰ ਸੁਣਦਾ ਹਾਂ। ਜਿਵੇਂ, ਰਾਗ ਲਲਿਤ, ਰਾਮਕਲੀ, ਅਹੀਰ ਭੈਰਉ, ਦੇਸੀ ਟੋਡੀ, ਸਿੰਧ ਭੈਰਵੀ, ਮੁਲਤਾਨੀ ਇਤਿਆਦਿ। ਕਿਉਂਕਿ ਜੇਕਰ

ਅਸੀਂ ਰਾਗਾਂ ਨੂੰ ਸ਼ੁੱਧ ਰੂਪ ਵਿੱਚ ਨਹੀਂ ਗਾਵਾਂਗੇ ਤਾਂ ਚੰਗੇ ਸ੍ਰੋਤਿਆਂ ਤੇ ਸਾਡੀ ਗਾਇਕੀ ਦਾ ਕੋਈ ਪ੍ਰਭਾਵ ਨਹੀਂ ਪਵੇਗਾ। ਇਸੇ ਕਰਕੇ ਮੈਂ ਉਨ੍ਹਾਂ ਪੁਰਾਤਨ ਸ਼ਬਦ ਰੀਤਾਂ ਨੂੰ ਅਕਸਰ ਨਹੀਂ ਗਾਉਂਦਾ, ਜਿਨ੍ਹਾਂ ਵਿੱਚ ਰਾਗ ਦਾ ਸਹੀ ਸਰੂਪ ਪ੍ਰਗਟ ਨਾ ਹੋਵੇ।"

ਅਕਾਲ ਤਖਤ ਸਾਹਿਬ ਦੇ ਸਜੇ ਇੱਕ ਕੀਰਤਨ ਦਰਬਾਰ ਵਿੱਚ ਭਾਈ ਸਮੁੰਦ ਸਿੰਘ ਜੀ ਦੇ ਕੀਰਤਨ ਬਾਰੇ ਪ੍ਰਿੰਸੀਪਲ ਸਾਹਿਬ ਲਿਖਦੇ ਹਨ- "ਸੋਦਰ ਦੇ ਪਾਠ ਤੋਂ ਬਾਅਦ ਦੀਵਾਨ ਸਜਿਆ। ਭਾਈ ਸਾਹਿਬ ਨੇ ਛੋਟੀ ਤਿੰਨ ਤਾਲ ਵਿੱਚ ਕਲਿਆਨ ਰਾਗ ਦਾ "ਮੇਰੇ ਲਾਲਨ ਕੀ ਸੋਭਾ॥" ਗਾਉਣਾ ਆਰੰਭ ਕੀਤਾ, ਸ਼ਬਦ ਦਾ ਅਸਥਾਈ-ਅੰਤਰਾ ਗਾਉਣ ਤੋਂ ਬਾਅਦ ਪੂਰਵਾਂਗ ਦਾ ਅਲਾਪ ਕਰਦੇ ਹੋਏ ਫਿਰ ਅੰਤਰਾ ਚੁੱਕਿਆ। ਤੁਕ "ਜੋਗ ਗਿਆਨ ਧਿਆਨ ਸੇਖ ਨਾਗੈ॥" ਇਕ ਦੋ ਵਾਰ, ਤਾਰ-ਸਪਤਕ ਦਾ ਸ਼ੜਜ ਤੇ ਰਿਖਭ ਲਾਉਣ ਤੋਂ ਬਾਅਦ ਜਦੋਂ ਆਪ ਜੀ ਨੇ ਪੂਰੀ ਇਕਾਗਰਤਾ ਨਾਲ ਗੰਧਾਰ ਸੁਰ ਲਇਆ ਤਾਂ ਮੇਰੇ ਸਰੀਰ ਵਿੱਚ ਝਰਨਾਟ ਛਿੜ ਗਈ, ਪਰ ਮੈਂ ਕੁਝ ਸਮਝ ਨਹੀਂ ਸਕਿਆ। ਫਿਰ ਦੋ ਤਿੰਨ ਵਾਰ ਤੁਕ ਗਾਉਂਦੇ ਹੋਏ ਖੜਜ ਤੇ ਥੋੜ੍ਹਾ ਠਹਿਰ ਕੇ ਮੁੜ "ਨ ਰੰ ਗ" ਲਾਇਆ ਤਾਂ ਸੱਚ ਜਾਣੋਂ ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ, ਬਿਜਲੀ ਨਾਲ ਛੂਹ ਗਿਆ ਹੋਵਾਂ। ਮੇਰੇ ਮੂੰਹ ਤੋਂ ਸੁੱਤੇ ਨਿਕਲਿਆ "ਵਾਹ"। ਉਦੋਂ ਮੈਨੂੰ ਅਨੁਭਵ ਹੋਇਆ ਕਿ ਰਾਗ ਦਾ ਵਾਦੀ ਸੁਰ ਕੀ ਮਹੱਤਵ ਰੱਖਦਾ ਹੈ।"

ਇੱਕ ਹੋਰ ਘਟਨਾ ਦਾ ਜ਼ਿਕਰ ਪ੍ਰਿੰਸੀਪਲ ਸਾਹਿਬ ਨੇ ਇੰਜ ਕੀਤਾ ਹੈ- "ਲਗਭਗ 1966 ਦੀ ਗੱਲ ਹੈ ਜਦੋਂ ਭਾਈ ਅੰਗਦ ਸਿੰਘ, ਭਗਵੰਤ ਸਿੰਘ ਜੀ, ਭਾਈ ਤ੍ਰਿਲੋਚਨ ਸਿੰਘ ਜੀ, ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਜੀ, ਭਾਈ ਸੰਤਾ ਸਿੰਘ ਜੀ ਅਤੇ ਭਾਈ ਪ੍ਰਤਾਪ ਸਿੰਘ ਜੀ ਦੇ ਰਾਗੀ ਜੱਥਿਆਂ ਤੋਂ ਬਾਅਦ ਭਾਈ ਸਮੁੰਦ ਸਿੰਘ ਜੀ ਆਪਣੇ ਜੱਥੇ ਸਹਿਤ ਕੀਰਤਨ ਕਰਨ ਲਈ ਸਟੇਜ 'ਤੇ ਬੈਠੇ, ਤਾਂ ਉਸ ਸਮੇਂ ਗੁ: ਸੀਸ ਗੰਜ ਦੇ ਲਾਗੇ ਗਾਂਧੀ ਗਰਾਉਂਡ ਦਾ ਪੰਡਾਲ ਗੁਰੂ ਕੀਆਂ ਸੰਗਤਾਂ ਨਾਲ ਭਰਪੂਰ ਸੀ। ਭਾਈ ਸਾਹਿਬ ਨੇ ਬੜੇ ਇਕਾਗਰ ਮਨ ਨਾਲ ਪਹਿਲਾਂ ਰਾਗ ਕਲਾਵਤੀ ਵਿੱਚ ਡੰਡਉਤ ਬੰਦਨਾ ਕਰਕੇ ਨੌਂਵੇਂ ਪਾਤਸ਼ਾਹ ਦਾ "ਸਾਧੋ ਮਨ ਕਾ ਮਾਨੁ ਤਿਆਗਉ॥" ਗਾਉਣਾ ਆਰੰਭ ਕੀਤਾ। ਅਸਥਾਈ-ਅੰਤਰਾ ਗਾਉਣ ਦੇ ਨਾਲ ਵਿੱਚ ਵਿੱਚ ਅਲਾਪ ਭੀ ਕਰਦੇ ਰਹੇ। ਪਰ ਜਦੋਂ ਸ਼ਬਦ ਦੀ ਅੰਤਲੀ ਤੁਕ "ਜਨ ਨਾਨਕ ਇਹੁ ਖੇਲੁ ਕਠਨੁ ਹੈ" ਗਾਉਂਦੇ-ਗਾਉਂਦੇ ਐਸੇ ਰਸ ਮਗਨ ਹੋਏ ਅਤੇ ਉਸ ਦਾ ਸੰਗਤ 'ਤੇ ਕੀ ਪ੍ਰਭਾਵ ਪਇਆ, ਉਹ ਦ੍ਰਿਸ਼ ਵੇਖਣ ਵਾਲਾ ਸੀ। ਭਾਵ, ਜਦੋਂ ਆਪ ਜੀ ਖੱਬੇ ਹੱਥ ਮੂੰਹ ਕਰਕੇ ਸੁਰ ਲਾਉਂਦੇ ਤਾਂ ਸੰਗਤ ਖੱਬੇ ਹੋ ਜਾਵੇ ਅਤੇ ਜਦੋਂ ਸੱਜੇ ਮੂੰਹ ਕਰਦੇ ਤਾਂ ਸਭ ਦਾ ਮੂੰਹ ਸੱਜੇ ਹੋ ਜਾਂਦਾ ਸੀ। ਇਕ-ਦੋ ਮਿੰਟ ਇੰਝ ਹੀ ਹੁੰਦਾ ਰਿਹਾ, ਇਹ ਨਜ਼ਾਰਾ ਮੈਂ ਤੇ ਭਾਈ ਸੰਤ ਸਿੰਘ ਰਾਗੀ (ਅਮਰੀਕਾ) ਪ੍ਰਤੱਖ ਵੇਖ ਰਹੇ ਸਾਂ। ਫਿਰ ਭਾਈ ਸਾਹਿਬ ਥੋੜ੍ਹਾ ਰੁਕੇ ਅਤੇ ਕਿਹਾ ਸਾਧ ਸੰਗਤ ਜੀ ਰਾਗ ਗਾਉਣਾ ਵੀ ਔਖਾ ਹੈ ਅਤੇ ਕੀਰਤਨ ਕਰਨਾ ਉਸ ਤੋਂ ਵੀ ਕਠਿਨ। ਸਿੱਖ ਤੇ ਗੁਰੂ ਦੀ ਕਿਰਪਾ ਹੋਵੇ ਤਾਂ ਗੁਰੂ ਕਾ ਜਸ ਗਾਇਨ ਹੁੰਦਾ ਹੈ

ਨਹੀਂ ਤਾਂ ਨਹੀਂ। ਇੰਝ ਕਹਿੰਦੇ ਹੋਏ ਆਪ ਜੀ ਨੇ "ਜਨ ਨਾਨਕ ਇਹੁ ਖੇਲੁ ਕਠਨੁ ਹੈ, ਕਿਨਹੂ ਗੁਰਮੁਖਿ ਜਾਨਾ॥" ਗਾਇਨ ਕਰ ਸ਼ਬਦ ਦੀ ਸਮਾਪਤੀ ਕੀਤੀ, ਤਾਂ ਸੰਗਤਾਂ ਅਤੇ ਰਾਗੀ ਸਿੰਘਾਂ ਨੇ ਮਾਇਆ ਦਾ ਮੀਂਹ ਵਰਸਾ ਦਿੱਤਾ।"

ਗਿਆਨੀ ਚੇਤ ਸਿੰਘ ਜੀ ਜੋ ਕਾਫੀ ਸਮਾਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹੈਡ ਗ੍ਰੰਥੀ ਰਹੇ। ਉਹ ਪਹਿਲਾਂ ਗੁਜਰਾਂਵਾਲਾ ਵਿਖੇ ਵੀ ਹੈਡ ਗ੍ਰੰਥੀ ਦੀ ਸੇਵਾ ਨਿਭਾਅ ਚੁੱਕੇ ਸਨ ਆਪ ਨੂੰ ਭਾਈ ਸਮੁੰਦ ਸਿੰਘ ਜੀ ਦੇ ਕੀਰਤਨ ਸੁਣਨ ਦਾ ਮੌਕਾ ਮਿਲਦਾ ਰਹਿੰਦਾ ਸੀ ਆਪ ਉਹਨਾਂ ਦੇ ਕੀਰਤਨ ਬਾਰੇ ਲਿਖਦੇ ਹਨ, "ਭਾਵੇਂ ਭਾਈ ਸਾਹਿਬ ਕਈ ਰਾਗਾਂ ਵਿੱਚ ਕੀਰਤਨ ਕਰਦੇ ਸਨ, ਪਰ ਉਹਨਾਂ ਦੀ ਸੋਰਠ ਰਾਗ ਗਾਇਣ ਕਰਨ ਬਹੁਤ ਪ੍ਰਸਿੱਧੀ ਸੀ। ਜਦੋਂ ਉਹ ਸੋਰਠ ਦੀ ਚੌਂਕੀ ਪਿਛੋਂ ਰਾਤ ਦੇ ਅੱਠ-ਨੌਂ ਵਜੇ ਕਦੇ (ਸੋਰਠ ਮਹਲਾ ਨੌਵਾਂ) "ਜੋ ਨਰੁ ਦੁਖੁ ਮੈ ਦੁਖੁ ਨਹੀ ਮਾਨੈ" ਜਾਂ (ਸੋਰਠ ਮਹਲਾ ਚੌਥਾ) 'ਸੋਰਠਿ ਤਾਮਿ ਸੁਹਾਵਣੀ', -ਇਹ ਸ਼ਬਦ ਪੜ੍ਹਦੇ ਸਨ ਤਾਂ ਕਮਾਲ ਕਰ ਦਿੰਦੇ ਸਨ। ਸਰੋਤਿਆਂ ਦੀਆਂ ਸਮਾਧੀਆਂ ਲੱਗ ਜਾਂਦੀਆਂ ਸਨ। ਇਸੇ ਲਈ ਚੌਂਕੀ ਨੂੰ ਸੁਨਣ ਵਾਸਤੇ ਦੂਰ ਦੂਰ ਤੋਂ ਸੰਗਤਾਂ ਉਚੇਚੀਆਂ ਹੁੰਮ ਹੁੰਮਾ ਕੇ ਆਉਂਦਆਂ ਸਨ ਅਤੇ ਭਾਈ ਸਾਹਿਬ ਦੀ ਰਸਨਾ ਤੋਂ ਰੱਬੀ ਬਾਣੀ ਦਾ ਕੀਰਤਨ ਸੁਣ ਕੇ ਨਿਹਾਲ ਹੋ ਜਾਂਦੀਆਂ ਸਨ। ----ਭਾਈ ਸਾਹਿਬ ਸਿਰਫ ਕੀਰਤਨੀਏ ਹੀ ਨਹੀਂ ਸਨ ਬਲਕਿ ਇਕ ਮਹਾਨ ਉਚੇ ਜੀਵਨ ਵਾਲੇ ਪੂਰਨ ਨਿਤਨੇਮੀ ਗੁਰਸਿੱਖ ਵੀ ਸਨ। ਗੁਰੂ ਕਿਰਪਾ ਕਰੇ, ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਵਰਗੇ ਪੰਥ ਵਿਚ ਹੋਰ ਭੀ ਕੀਰਤਨੀਏ ਪੈਦਾ ਹੋਣ।"

ਇਹ ਸਾਡੇ ਲਈ ਸੁਭਾਗ ਦੀ ਗੱਲ ਹੈ ਕਿ ਭਾਈ ਸਮੁੰਦ ਸਿੰਘ ਜੀ ਦੀ ਕਾਫੀ ਰਿਕਾਰਡਿੰਗ ਹੁਣ ਸੁਰੱਖਿਅਤ ਹੈ। ਇਸ ਨੂੰ ਯੂ-ਟਿਊਬ ਤੇ ਅਤੇ ਅਨੇਕਾਂ ਸੀ.ਡੀਜ਼ ਰਾਹੀਂ ਸੁਣਿਆ ਜਾ ਸਕਦਾ ਹੈ।

ਪ੍ਰੋਫੈਸਰ ਪਰਮਜੋਤ ਸਿੰਘ ਹੋਰਾਂ ਨੇ ਇਨ੍ਹਾਂ ਰਿਕਾਰਡ ਕੀਤੀਆਂ ਸ਼ਬਦ ਰੀਤਾਂ ਨੂੰ ਸੰਗੀਤ ਲਿਪੀ ਬੱਧ ਕਰਕੇ ਪੁਸਤਕ 'ਸਮੁੰਦ ਸਾਗਰ' ਵਿੱਚ ਪ੍ਰਕਾਸ਼ਿਤ ਕਰ ਦਿੱਤਾ ਹੈ ਇਸ ਤੋਂ ਨੌਜਵਾਨ ਕੀਰਤਨੀਏ ਅਤੇ ਵਿਦਿਆਰਥੀ ਵਿਦਿਆਰਥੀ ਅਗਵਾਈ ਪ੍ਰਾਪਤ ਕਰ ਸਕਦੇ ਹਨ। ਇਸ ਪੁਸਤਕ ਤੋਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਜਿਥੇ ਗੁਰੂ ਗ੍ਰੰਥ ਸਾਹਿਬ ਦਰਜ ਰਾਗਾਂ ਦਾ ਗਾਇਨ ਕਰਦੇ ਸਨ ਉਥੇ ਹੋਰ ਪ੍ਰਚੱਲਤ ਅਤੇ ਅਪ੍ਰਚਲਤ ਰਾਗਾਂ ਦਾ ਵੀ ਗਾਇਨ ਕਰਦੇ ਸਨ। ਉਹ ਕੁਝ ਰੀਤਾਂ ਦਾ ਗਾਇਨ ਵੀ ਕਰਦੇ ਸਨ। ਤਾਲਾਂ ਵਿੱਚੋਂ ਉਹ ਦਾਦਰਾ, ਕਹਿਰਵਾ, ਛੋਟਾ ਤਿੰਨ ਤਾਲ, ਦੀਪਚੰਦੀ, ਤਿੰਨਤਾਲ, ਸੂਲਫਾਕਤਾ ਆਦਿ ਤਾਲਾਂ ਦਾ ਪ੍ਰਯੋਗ ਕਰਦੇ ਸਨ। ਜਿਹੜੇ ਰਾਗਾਂ ਦਾ ਉਨ੍ਹਾਂ ਦੀਆਂ ਰੀਤਾਂ ਵਿੱਚ ਪ੍ਰਯੋਗ ਹੋਇਆ ਉਹਨਾਂ ਦੇ ਨਾਮ ਹਨ-ਆਸਾ, ਮਾਂਡ, ਆਸਾਵਰੀ, ਭੈਰਉ, ਭੈਰਵ ਬਹਾਰ, ਅਹੀਰ ਭੈਰਵ, ਜੋਗੀਆ, ਭੈਰਵੀ, ਸਿੰਧ ਭੈਰਵੀ, ਬਿਲਾਵਲ, ਅਲਈਆ ਬਿਲਾਵਲ, ਪ੍ਰਭਾਤੀ, ਸੋਰਠ, ਕਲਿਆਣ, ਸ਼ੁਧ ਕਲਿਆਣ, ਭੁਪਾਲੀ, ਕਾਨੜਾ, ਬਹਾਰ ਕਾਨੜਾ, ਦਰਬਾਰੀ ਕਾਨੜਾ, ਖਮਾਜ, ਦੇਸੀ, ਭਟਿਆਰ,

ਪਟਦੀਪ, ਸਾਰੰਗ, ਪੀਲੂ, ਬਿਹਾਗ, ਬਹਾਰ, ਹਮੀਰ, ਸਿਰੀ ਰਾਗ, ਬਸੰਤ ਪੂਰਬੀ, ਬਸੰਤ ਹਿੰਡੋਲ, ਟੋਡੀ, ਕਾਫੀ, ਪਹਾੜੀ, ਕੇਦਾਰਾ, ਮਧੁਵੰਤੀ, ਚੰਦ੍ਰਕੌਂਸ, ਮਾਰਵਾ, ਦੇਵਗੰਧਾਰ, ਧਾਨੀ, ਹੇਮੰਤ, ਛਾਇਆਨਟ, ਦੇਸਕਾਰ, ਪੂਰੀਆ ਧਨਾਸਰੀ, ਮਾਲਕੌਂਸ, ਤਿਲੰਗ, ਝਿੰਝੋਟੀ, ਰਾਮਕਲੀ, ਗੂਜਰੀ, ਬੈਰਾੜੀ, ਮਾਝ ਆਦਿ। ਜਦੋਂ ਕਦੀ ਵੀ ਮਿਆਰੀ ਕੀਰਤਨ ਦੀ ਗੱਲ ਤੁਰੇਗੀ ਤਾਂ ਭਾਈ ਸਮੁੰਦ ਸਿੰਘ ਜੀ ਨੂੰ ਆਦਰ ਨਾਲ ਯਾਦ ਕੀਤਾ ਜਾਵੇਗਾ। ਇਸ ਲੇਖ ਦਾ ਅੰਤ ਅਸੀਂ ਪ੍ਰਿੰਸੀਪਲ ਦਿਆਲ ਸਿੰਘ ਜੀ ਦੇ ਸ਼ਬਦਾਂ ਨਾਲ ਕਰਦੇ ਹਾਂ। ਭਾਈ ਸਮੁੰਦ ਸਿੰਘ ਜੀ ਜਿੱਥੇ ਉੱਚ ਕੋਟੀ ਦੇ ਕੀਰਤਨੀਏ ਸਨ, ਉੱਥੇ ਆਪ ਜੀ ਦੀ ਰਹਿਣੀ ਬਹਿਣੀ ਤੇ ਕਰਣੀ ਵੀ ਪੁਰਾਤਨ ਸਿੱਖਾਂ ਵਾਲੀ ਸੀ, ਐਸੇ ਮਹਾਨ ਕੀਰਤਨੀ ਸਿੰਘਾਂ ਦੇ ਤਾਂ ਹੁਣ ਦਰਸ਼ਨ ਭੀ ਦੁਰਲੱਭ ਹਨ। ਐਸੇ ਜੀਵਨ ਵਾਲੇ ਗੁਰਸਿੱਖਾਂ ਲਈ ਤਾਂ ਇਹੁ ਕਹਿਣਾ ਬਣਦਾ ਹੈ:-

ਸਫਲ ਸਫਲ ਭਈ, ਸਫਲ ਜਾਤ੍ਰਾ॥
ਆਵਣ ਜਾਣ ਰਹੇ ਮਿਲੇ ਸਾਧਾ॥

**ਸਹਾਇਕ ਸਮੱਗਰੀ**


1. ਅੰਮ੍ਰਿਤ ਕੀਰਤਨ-ਮਾਰਚ 1990 ਸੰਪਾਦਕ ਡਾ ਜਾਗੀਰ ਸਿੰਘ, ਪ੍ਰਕਾਸ਼ਕ ਅੰਮ੍ਰਿਤ ਕੀਰਤਨ ਟ੍ਰਸਟ, ਚੰਡੀਗੜ੍ਹ
2. ਅੰਮ੍ਰਿਤ ਕੀਰਤਨ-ਜਨਵਰੀ 1992, ਉਹੀ
3. ਅੰਮ੍ਰਿਤ ਕੀਰਤਨ-ਜਨਵਰੀ 1994, ਉਹੀ
4. ਅੰਮ੍ਰਿਤ ਕੀਰਤਨ-ਜੂਨ 1996, ਉਹੀ
5. ਅੰਮ੍ਰਿਤ ਕੀਰਤਨ-ਫਰਵਰੀ 1998, ਉਹੀ
6. ਅੰਮ੍ਰਿਤ ਕੀਰਤਨ-ਜਨਵਰੀ 1999, ਉਹੀ
7. ਅੰਮ੍ਰਿਤ ਕੀਰਤਨ-ਦਸੰਬਰ 2010, ਉਹੀ
8. ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ- ਬਲਬੀਰ ਸਿੰਘ ਕੰਵਲ, ਸਿੰਘ ਬ੍ਰਦਰਜ਼ ਅੰਮ੍ਰਿਤਸਰ
9. ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ-ਜਸਵੰਤ ਸਿੰਘ ਨੇਕੀ, ਸਿੰਘ ਬ੍ਰਦਰਜ਼ ਅੰਮ੍ਰਿਤਸਰ
10. ਸਵੱਰ ਸਮੁੰਦ -ਸੰਪਾਦਕ ਪ੍ਰੋ. ਪਰਮਜੋਤ ਸਿੰਘ, ਸਿੰਘ ਬ੍ਰਦਰਜ਼ ਅੰਮ੍ਰਿਤਸਰ
11. ਪੰਜਾਬ ਕੋਸ਼ ਭਾਗ ਪਹਿਲਾ ਅਤੇ ਦੂਜਾ ਭਾਸ਼ਾ ਵਿਭਾਗ ਪੰਜਾਬ, ਪਟਿਆਲਾ

# ਗੁਰੂ ਗ੍ਰੰਥ ਸਾਹਿਬ ਵਿੱਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਜਿਸ ਆਦਰਸ਼ਕ ਮਨੁੱਖ ਦਾ ਸੰਕਲਪ ਪੇਸ਼ ਕੀਤਾ ਗਿਆ ਉਸ ਦੀ ਸ਼ਖਸੀਅਤ ਉਚੇਰੇ ਗੁਣਾਂ ਨਾਲ ਭਰਪੂਰ ਹੋਣੀ ਚਾਹੀਦੀ ਹੈ। ਉਸ ਵਿੱਚ ਨੈਤਿਕ ਗੁਣ ਤਾਂ ਹੋਣਗੇ ਹੀ ਪਰ ਉਸ ਨੂੰ ਕੋਮਲ ਕਲਾਵਾਂ ਦਾ ਅਨੰਦ ਮਾਣਨ ਦੀ ਰੁਚੀ ਵੀ ਹੋਵੇ। ਜਿਹੜੇ ਮਨੁੱਖ ਰਾਗ ਅਤੇ ਕਾਵਿ ਕਲਾ ਤੋਂ ਵਿਹੂਣੇ ਹਨ ਉਹਨਾਂ ਬਾਰੇ ਗੁਰੂ ਨਾਨਕ ਦੇਵ ਜੀ ਸਾਰੰਗ ਦੀ ਵਾਰ ਵਿੱਚ ਉਚਾਰਦੇ ਹਨ।

*ਇਕਨਾ ਨਾਦੁ ਨ ਬੇਦ ਨ ਗੀਅ ਰਸੁ*
*ਰਸੁ ਕਸ ਨ ਜਾਣੰਤਿ।।*
*ਇਕਨਾ ਸੁਧਿ ਨ ਬੁਧਿ ਨ ਅਕਲਿ ਸਰ*
*ਅਖਰ ਕਾ ਭੇਉ ਨ ਲਹੰਤਿ।।*
*ਨਾਨਕ ਸੇ ਨਰ ਅਸਲਿ ਖਰ*
*ਜਿ ਬਿਨੁ ਗੁਣ ਗਰਬੁ ਕਰੰਤ।।(ਸਲੋਕ ਮਹਲਾ, ਪੰਨਾ 1246)*

ਇਸੇ ਤਰ੍ਹਾਂ ਗੁਰਬਾਣੀ ਵਿੱਚ ਅਧਿਆਤਮਕ ਤੌਰ ’ਤੇ ਆਦਰਸ਼ਕ ਮਨੁੱਖ ਨੂੰ ਸਚਿਆਰ ਆਖਿਆ ਗਿਆ ਹੈ। ਜਪੁ ਜੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮੁੱਖ ਬਾਣੀ ਹੈ। ਇਸ ਵਿੱਚ ਗੁਰਬਾਣੀ ਦੇ ਲਗੱਭਗ ਸਾਰੇ ਸੰਕਲਪਾਂ ਦੀ ਝਲਕ ਮਿਲ ਜਾਂਦੀ ਹੈ। ਇਸ ਬਾਣੀ ਵਿੱਚ ਮਨੁੱਖੀ ਜੀਵਨ ਦਾ ਮਨੋਰਥ ਸਚਿਆਰਾ ਬਣਨਾ ਦੱਸਿਆ ਹੈ। ਸਚਿਆਰਾ ਬਣਨ ਲਈ ਹੁਕਮ ਅਨੁਸਾਰ ਚੱਲਣ ਦੀ ਸ਼ਰਤ ਲਗਾਈ ਹੈ। ਹੁਕਮ ਅਨੁਸਾਰ ਚੱਲਣ ਲਈ ਹੁਕਮ ਬਾਰੇ ਜਾਣਨਾ ਜ਼ਰੂਰੀ ਹੈ ਅਤੇ ਹੁਕਮ ਨੂੰ ਜਾਣਨ ਲਈ ਹੁਕਮ ਦੇ ਮਾਲਕ ਪਰਮੇਸ਼ਰ ਦਾ ਜਸ ਗਾਇਨ ਕੀਤਾ ਜਾਂਦਾ ਹੈ ਇਸ ਬਾਰੇ ਜਪੁਜੀ ਵਿੱਚ ਸਪੱਸ਼ਟ ਕੀਤਾ ਗਿਆ ਹੈ:-

*ਕਿਵ ਸਚਿਆਰਾ ਹੋਈਐ ਕਿਵਿ ਕੂੜੈ ਤੁਟੈ ਪਾਲਿ।।*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।*

ਅਤੇ ਫਿਰ ਕਿਹਾ ਹੈ:

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।।(ਜਪੁ ਜੀ, ਪੰਨਾ 1)*

ਹੁਕਮ ਨੂੰ ਬੁਝਣ ਲਈ ਪਰਮੇਸ਼ਰ ਦੇ ਗੁਣ ਗਾਇਨ ਕਰਨ ਨੂੰ ਸਾਧਨ ਦੱਸਿਆ ਹੈ:

*ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ।।*
*ਗਾਵੈ ਕੋ ਦਾਤਿ ਜਾਣੈ ਨੀਸਾਣੁ।।*

......

*ਜਿਨਿ ਸੇਵਿਆ ਤਿਨਿ ਪਾਇਆ ਮਾਨੁ ।।*

......

*ਨਾਨਕ ਗਾਵੀਐ ਗੁਣੀ ਨਿਧਾਨੁ ।।* *(ਜਪੁ ਜੀ , ਪੰਨਾ 1-2)*

ਸੋਦਰ ਵਾਲੀ ਪਉੜੀ ਵਿੱਚ ਬ੍ਰਹਿਮੰਡੀ ਕੀਰਤਨ ਅਰਥਾਤ ਕੁਦਰਤ ਦੇ ਸੰਗੀਤ ਦੀ ਤਸਵੀਰ ਖਿੱਚੀ ਹੋਈ ਹੈ। ਪ੍ਰਮਾਤਮਾਂ ਦੇ ਦਰਬਾਰ ਵਿੱਚ ਗਾਇਨ ਕਰਨ ਵਾਲਿਆਂ ਦਾ ਵਰਣਨ ਅਦੁੱਤੀ ਹੈ। ਇਥੇ ਚਿੱਤਰ-ਗੁਪਤ, ਧਰਮਰਾਜ, ਈਸ਼ਵਰ, ਬ੍ਰਹਮਾ, ਦੇਵੀ, ਦੇਵਤੇ, ਸਿੱਧ, ਜਤੀ, ਸਤੀ, ਜੋਧੇ ਆਦਿ ਹੀ ਨਹੀਂ ਗਾ ਰਹੇ ਸਗੋਂ ਪੌਣ, ਪਾਣੀ, ਅੱਗ, ਤਾਰਿਕਾ ਮੰਡਲ ਅਤੇ ਸਮੁੱਚਾ ਬ੍ਰਹਿਮੰਡ, ਸਮੁੱਚੀ ਸ਼੍ਰਿਸ਼ਟੀ ਗਾ ਰਹੀ ਹੈ:

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ।।*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ।।*
*ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣ ਹਾਰੇ ।।*

ਅੰਤ ਵਿੱਚ ਆਖਦੇ ਹਨ ਕਿ ਕਿਤਨੇ ਗਾ ਰਹੇ ਹਨ ਮੇਰੇ ਚੇਤੇ ਵਿੱਚ ਨਹੀਂ ਆਉਂਦੇ:

*ਹੋਰ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ*
*ਨਾਨਕੁ ਕਿਆ ਵੀਚਾਰੇ ।।* *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 6)*

ਗੁਰੂ ਸਾਹਿਬਾਨ ਨੇ ਕੀਰਤਨ ਦਾ ਪ੍ਰਯੋਗ ਸੁਚੇਤ ਰੂਪ ਵਿੱਚ ਕੀਤਾ ਹੈ। ਸੰਗੀਤ ਕਈ ਪੱਖਾਂ ਤੋਂ ਕਾਵਿ ਕਲਾ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ। ਕਾਵਿ ਦੀ ਮੁੱਖ ਸਮੱਗਰੀ ਭਾਸ਼ਾਗਤ ਸ਼ਬਦ ਹੁੰਦਾ ਹੈ। ਸ਼ਬਦ ਦੀ ਮਜਬੂਰੀ ਹੈ ਕਿ ਇਹ ਉਸ ਸਰੋਤੇ 'ਤੇ ਹੀ ਅਸਰ ਕਰਦਾ ਹੈ ਜਿਹੜਾ ਉਸ ਭਾਸ਼ਾ ਤੋਂ ਜਾਣੂ ਹੋਏ ਪਰ ਸੰਗੀਤ ਵਿੱਚ ਨਾਦ ਤੋਂ ਕੰਮ ਲਿਆ ਜਾਂਦਾ ਹੈ। ਇਹ ਨਾਦ ਮਨੁੱਖਾਂ ਨੂੰ ਹੀ ਨਹੀਂ ਸਗੋਂ ਪਸ਼ੂ-ਪੰਛੀਆਂ ਨੂੰ ਵੀ ਕੀਲ ਲੈਂਦਾ ਹੈ। ਸੰਗੀਤ ਰਤਨਾਕਰ ਵਿੱਚ ਸੰਗੀਤ ਦੀ ਮਹਿਮਾ ਕਰਦਿਆਂ ਦੱਸਿਆ ਹੈ ਕਿ ਪਾਰਵਤੀ ਪਤੀ ਅਤੇ ਦੇਵਤਾ ਗੀਤ ਨਾਲ ਪ੍ਰਸੰਨ ਹੁੰਦੇ ਹਨ। ਅਨੰਤ ਗੋਪੀ-ਪਤੀ ਵੀ ਬੰਸਰੀ ਦੀ ਧੁਨ ਦੇ ਵਸ ਹੋ ਗਏ। ਬ੍ਰਹਮਾ ਸਾਮਗਾਨ ਕਰਦੇ ਹਨ। ਸੁਰਸਤੀ ਵੀਣਾ ਵਿੱਚ ਮਗਨ ਹੈ। ਯਕਸ਼, ਗੰਧਰਬ, ਦੇਵ ਦਾਨਵ ਆਦਿ ਦੀ ਤਾਂ ਗੱਲ ਹੀ ਕੀ ਹੈ, ਵਿਸ਼ੇ ਸਵਾਦਾਂ ਤੋਂ ਕੋਰਾ ਪੰਘੂੜੇ ਵਿੱਚ ਪਿਆ ਰੋਂਦਾ ਹੋਇਆ ਬਾਲ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖੁਸ਼ੀ ਪ੍ਰਾਪਤ ਕਰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਜੰਗਲ ਵਿੱਚ ਘੁੰਮਣ ਵਾਲਾ ਮਿਰਗ ਪਸ਼ੂ ਹੁੰਦਿਆਂ ਵੀ ਸ਼ਿਕਾਰੀ ਦੇ ਸੰਗੀਤ ਵਿੱਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ।[1]

ਪੁਰਾਤਨ ਲੋਕਾਂ ਦਾ ਵਿਸ਼ਵਾਸ ਸੀ ਕਿ ਸੰਗੀਤ ਕੇਵਲ ਖੁਸ਼ੀ ਹੀ ਪ੍ਰਦਾਨ ਨਹੀਂ ਕਰਦਾ ਸਗੋਂ ਇਸ ਵਿੱਚ ਦੈਵੀ ਸ਼ਕਤੀ ਹੈ ਜਿਸ ਕਰਕੇ ਇਹ ਫਸਲਾਂ ਦਾ ਵਾਧਾ ਅਤੇ

ਬਰਖਾ ਲਿਆਉਣ ਦਾ ਕਾਰਜ ਵੀ ਕਰਦਾ ਹੈ। ਉਹਨਾਂ ਅਨੁਸਾਰ ਸੰਗੀਤ ਪ੍ਰਮਾਤਮਾ ਦੀ ਦਾਤ ਸੀ।[2]

ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਨਾਦ ਵੱਲ ਖਿੱਚ ਲੈਂਦਾ ਹੈ ਤੇ ਮਨੁੱਖੀ ਮਨ ਸੰਮੋਹਨ ਸ਼ਕਤੀ ਸਦਕਾ ਉਸ ਨਾਦ-ਪ੍ਰਵਾਹ ਦੇ ਨਾਲ ਨਾਲ ਤੁਰੀ ਜਾਂਦਾ ਹੈ ਇਸ ਤਰ੍ਹਾਂ ਮਨੁੱਖ ਆਪਣੇ ਅੰਦਰੂਨੀ ਅਨੰਦ ਵਿੱਚ ਮਗਨ ਹੋਇਆ ਗੋਚਰ ਸੰਸਾਰ ਤੋਂ ਅਤੀਤ ਮੰਡਲਾਂ ਵਿੱਚ ਵਿਚਰਦਾ ਹੈ।[3] ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ।[4] ਸੰਗੀਤ ਅਸਲ ਵਿੱਚ ਮਨੁੱਖ ਦੇ ਹਿਰਦੇ ਦੀ ਭਾਸ਼ਾ ਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵੱਧ ਕੇ ਹੋਰ ਕੋਈ ਸਾਧਨ ਨਹੀਂ ਹੈ।[5] ਜਿਹੜੇ ਮਨੁੱਖ ਸੰਗੀਤ ਨਾਲ ਵੀ ਦ੍ਰਵਿਤ ਨਹੀਂ ਹੁੰਦੇ ਸ਼ੈਕਸਪੀਅਰ ਉਹਨਾਂ ਨੂੰ ਖਤਰਨਾਕ ਦਸਦਾ ਹੈ ਅਤੇ ਕਹਿੰਦਾ ਹੈ ਕਿ ਅਜਿਹੇ ਮਨੁੱਖਾਂ 'ਤੇ ਵਿਸ਼ਵਾਸ ਨਹੀਂ ਕੀਤਾ ਜਾਣਾ ਚਾਹੀਦਾ।[6]

ਯਗਿਆਵਾਲਕ ਨੇ ਤਾਂ ਸੰਗੀਤ ਨੂੰ ਮੁਕਤੀ ਦਾਤਾ ਮੰਨਿਆ ਹੈ ਉਸ ਅਨੁਸਾਰ, "*ਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ਼ਰੁਤੀ ਅਤੇ ਜਾਤੀਆਂ ਦਾ ਗਿਆਨ ਰੱਖਦਾ ਹੈ, ਜਿਹੜਾ ਤਾਲ ਗਿਆਤਾ ਹੈ ਉਹ ਬਿਨਾਂ ਜਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।*"[7] ਸੰਗੀਤ ਮਨ ਨੂੰ ਭਟਕਣ ਤੋਂ ਬਚਾਉਂਦਾ ਹੈ। ਜਿਸ ਤਰ੍ਹਾਂ ਮੂੰਹ ਵਿੱਚ ਸੱਤੂ ਹੋਣ ਤਾਂ ਹੱਸਣਾ ਅਸੰਭਵ ਹੈ ਓਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ ਅਸੰਭਵ[8] ਹੈ। ਸੰਗੀਤ ਮਨੁੱਖਾਂ ਨੂੰ ਇੱਕ-ਦੂਜੇ ਦੇ ਨੇੜੇ ਲਿਆਉਂਦਾ ਹੈ ਅਤੇ ਉਨ੍ਹਾਂ ਵਿੱਚ ਸਮੂਹਕ ਚੇਤਨਾ ਦਾ ਸੰਚਾਰ ਕਰਦਾ ਹੈ।[9]

ਜਦੋਂ ਕਾਵਿ ਨਾਲ ਸੰਗੀਤ ਦਾ ਸੁਮੇਲ ਕੀਤਾ ਜਾਂਦਾ ਹੈ ਤਾਂ ਕਾਵਿ ਦਾ ਅਰਥ ਸਮਝਣ ਸਮਝਾਉਣ ਦੀ ਲੋੜ ਨਹੀਂ ਪੈਂਦੀ ਸਗੋਂ ਭਾਵ ਆਪਣੇ ਆਪ ਹਿਰਦੇ ਵਿੱਚ ਵਸ ਜਾਂਦਾ ਹੈ। ਪੰਡਤ ਓਅੰਕਾਰ ਨਾਥ ਠਾਕੁਰ ਲਿਖਦੇ ਹਨ, "*ਸਾਰੇ ਜਾਣਦੇ ਹਨ ਕਿ ਸੰਗੀਤ ਵਿੱਚ ਸ਼ਬਦ ਦੇ ਅਰਥ ਦਾ ਬੋਧ ਹੋਏ ਬਿਨਾਂ ਹੀ ਭਾਵ ਜਾਂ ਰਸ ਦੀ ਪ੍ਰਤੀਤ ਹੋ ਜਾਂਦੀ ਹੈ।*"[10] ਕਵਿਤਾ ਉਪਰ ਸੰਗੀਤ ਦੇ ਪ੍ਰਭਾਵ ਦਾ ਸਮਰਥਨ ਸੰਗੀਤਕਾਰ ਹੀ ਨਹੀਂ ਸਗੋਂ ਸਾਹਿਤਕਾਰ ਵੀ ਕਰਦੇ ਹਨ। ਡਾਕਟਰ ਹਰਿਭਜਨ ਸਿੰਘ ਲਿਖਦੇ ਹਨ, "*ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਗੀਤ ਕਾਵਿ ਰਚਨਾ ਦੇ ਪ੍ਰਭਾਵ ਨੂੰ ਤੀਖਣ ਕਰਦਾ ਹੈ।*"[11]

ਸੰਗੀਤ ਵਿੱਚ ਸੁਰ ਪ੍ਰਧਾਨ ਹੈ ਅਤੇ ਕਾਵਿ ਵਿੱਚ ਸ਼ਬਦ, ਪਰ ਸ਼੍ਰੇਸ਼ਟ ਕਾਵਿ ਵਿੱਚ ਗਾਇਨ ਦਾ ਵੀ ਘਟ ਉਪਯੋਗ ਨਹੀਂ। ਸੰਗੀਤ ਭਾਵੇਂ ਸੁਤੰਤਰ ਕਲਾ ਹੈ, ਪਰ ਕਵਿਤਾ ਵਿੱਚ ਉਹ ਸ਼ਬਦ ਨਾਲ ਮਿਲਕੇ ਹੀ ਸਾਰਥਕ ਹੁੰਦੀ ਹੈ। ਪ੍ਰਾਚੀਨ ਵਿਦਵਾਨਾਂ ਨੇ ਗੀਤ, ਨ੍ਰਿਤ ਅਤੇ ਵਾਦਨ ਨੂੰ ਸੰਗੀਤ ਵਿੱਚ ਹੀ ਸ਼ਾਮਲ ਕੀਤਾ ਹੈ ਕਿਉਂਕਿ ਤਿੰਨਾਂ ਦਾ ਮੂਲ ਅਧਾਰ ਗਤੀ ਹੈ। ਇਹੋ ਗਤੀ ਛੰਦ ਪਦਤੀ ਰਾਹੀਂ ਪ੍ਰਗਟ ਹੁੰਦੀ ਹੈ।[12] ਸੰਗੀਤ ਕੇਵਲ

ਕਵਿਤਾ ਨੂੰ ਹੀ ਪ੍ਰਭਾਵਸ਼ਾਲੀ ਨਹੀਂ ਬਣਾਉਂਦਾ ਸਗੋਂ ਆਮ ਗੱਲਬਾਤ ਵਿੱਚ ਵੀ ਸੰਗੀਤਕ ਤੱਤਾਂ ਦਾ ਪ੍ਰਯੋਗ ਕਰਕੇ ਉਸ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਲਲਿਤ ਕਿਸ਼ੋਰ ਸਿੰਘ ਲਿਖਦੇ ਹਨ, *"ਅੱਜ ਵੀ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਵਿਚਾਰ ਨੂੰ ਭਾਵ ਭਰਪੂਰ ਕਰਨਾ ਹੁੰਦਾ ਹੈ ਤਾਂ ਵਕਤਾ ਇੱਕ ਸੁਰ ਦੀ ਥਾਂ ਕਈ ਸੁਰਾਂ ਦੀ ਅਰੋਹੀ-ਅਵਰੋਹੀ ਜਾਂ ਲੈਅ ਤੋਂ ਕੰਮ ਲੈਂਦਾ ਹੈ ਅਰਥਾਤ ਸਾਰਥਕ ਵਾਕਾਂ ਵਿੱਚ ਸੰਗੀਤ ਦਾ ਪੁੱਟ ਪਾਉਂਦਾ ਹੈ।"*[13] ਇਸ ਤਰ੍ਹਾਂ ਸੰਗੀਤ ਤੇ ਭਾਸ਼ਾ ਦੋਵੇਂ ਅੰਤਰ ਸੰਬੰਧਤ ਸਾਬਤ ਹੁੰਦੇ ਹਨ। ਇਸ ਬਾਰੇ ਭਗਵਤ ਸ਼ਰਨ ਉਪਾਧਿਆਇ ਦਾ ਇਹ ਕਥਨ ਵੀ ਵਰਣਨਯੋਗ ਹੈ, *"ਸੰਗੀਤ ਅਤੇ ਸਾਹਿਤ ਵਿੱਚ ਗੂੜਾ ਸੰਬੰਧ ਹੈ। ਸਾਹਿਤ ਸੰਗੀਤ ਤੋਂ ਬੋਲੀ ਦਿੰਦਾ ਹੈ। ਸੰਗੀਤ ਉਸ ਨੂੰ ਆਪਣੀ ਲੈਅ ਤੇ ਤਰੰਗਤ ਕਰਕੇ ਉਸ ਨੂੰ ਅਸੀਮ ਕਰ ਦਿੰਦਾ ਹੈ।"*[14] ਇਸੇ ਲਈ ਡਾ. ਉਮਾ ਮਿਸ਼ਰ ਨੇ ਕਿਹਾ ਹੈ, *"ਕਵਿਤਾ ਜਦੋਂ ਤੱਕ ਗਾਈ ਨਹੀਂ ਜਾਂਦੀ ਉਦੋਂ ਤੱਕ ਉਹ ਆਪਣਾ ਪੂਰਾ ਪ੍ਰਭਾਵ ਨਹੀਂ ਪਾ ਸਕਦੀ ਅਤੇ ਸੰਗੀਤ ਵੀ ਜਦੋਂ ਤੱਕ ਗੀਤ ਦਾ ਸੰਗ ਨਹੀਂ ਮਾਣਦਾ ਉਦੋਂ ਤੱਕ ਪੂਰੀ ਤਰ੍ਹਾਂ ਪ੍ਰਭਾਵ ਪੈਦਾ ਕਰਨ ਦੇ ਕਾਬਲ ਨਹੀਂ ਹੋ ਸਕਦਾ।"*[15]

ਜਿਸ ਸੰਗੀਤ ਕਲਾ ਵਿੱਚ ਇਤਨੀ ਸ਼ਕਤੀ ਹੈ ਕੁਦਰਤੀ ਸੀ ਕਿ ਗੁਰੂ ਨਾਨਕ ਦੇਵ ਜੀ ਇਸ ਦਾ ਉਪਯੋਗ ਕਰਦੇ। ਸੋ ਉਹਨਾਂ ਨੇ ਆਪਣੀ ਕਾਵਿ ਬਾਣੀ ਨੂੰ ਸੰਗੀਤ ਨਾਲ ਸੰਬੰਧਤ ਕਰਕੇ ਗਾਇਆ ਤੇ ਜੋ ਉਸਦਾ ਜੋ ਅਸਰ ਹੋਇਆ ਉਸ ਸਬੰਧੀ ਭਾਈ ਵੀਰ ਸਿੰਘ ਜੀ[16] ਦਾ ਕਥਨ ਹੈ, *"ਜਦੋਂ ਸੁਣਨ ਵਾਲਿਆਂ ਦੇ ਮਨ ਨਾ ਪੰਘਰੇ ਯਾ ਬਹੁਤ ਪਥਰਾਈ ਕਾਰਨ ਜ਼ੋਰ ਲਾਉਂਦਿਆਂ ਵੀ ਪੰਘਰਨੋ ਅੜ ਪਲੋਤੇ ਤਾਂ ਰੰਗ ਰਤੜੇ ਦਾਤਾ ਗੁਰੂ ਜੀ ਨੇ ਆਪਣੇ ਅੰਦਰ ਦੀਆਂ ਡੂੰਘਾਈਆ ਵਿੱਚ ਗੋਤਾ ਲਾਇਆ ਅਤੇ ਰਤਨਾਂ ਜਵਾਹਰਾਂ ਮੋਤੀਆਂ ਨਾਲ ਡੁਲ੍ਹ-ਡੁਲ੍ਹ ਪੈਂਦੇ ਅਰਸ਼ੀ ਸੁੰਦਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇ ਨਾਲ ਚਮਕਦੇ ਬਾਹਰ ਨਿਕਲੇ। ਤੇਜ ਦਾ ਅਸਰ ਚੁਫੇਰੇ ਪਾਇਆ ਤੇ ਸੰਗੀਤਕ ਲਹਿਰ ਵਿੱਚ ਆ ਕੇ ਉਹਨਾਂ ਦੇ ਇਲਾਹੀ ਗਲੇ ਤੋਂ ਛਿੜ ਪਿਆ ਇਲਾਹੀ ਨਾਦ। ਉਸ ਤੇਜ ਨਾਲ ਉਸ ਸੰਗੀਤ ਲਹਿਰਾਉਂਦੀ ਛੁਹ ਨਾਲ ਉਹ ਪੰਘਰੇ ਮਨ ਦ੍ਰਵ ਕੇ ਵਹਿ ਕੇ ਤੁਰੇ ਤੇ ਵਹਿ ਜਾ ਕੇ ਮਿਲੇ :*

*ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ॥"*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1374)*

ਕੀਰਤਨ ਦੀ ਮਹਿਮਾਂ ਬਾਰੇ ਗੁਰਬਾਣੀ ਵਿੱਚ ਅਨੇਕਾਂ ਕਥਨ ਦਰਸਾਉਂਦੇ ਹਨ ਕਿ ਗੁਰੂ ਸਾਹਿਬਾਨ ਕੀਰਤਨ ਅਰਥਾਤ ਪਰਮੇਸ਼ਰ ਦੇ ਗੁਣ ਗਾਇਨ ਕਰਨ ਨੂੰ ਬਹੁਤ ਪ੍ਰਭਾਵਸ਼ਾਲੀ ਸਮਝਦੇ ਸਨ:

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)*

*ਕੀਰਤਨੁ ਨਿਰਮੋਲਕ ਹੀਰਾ॥*
*ਆਨੰਦ ਗੁਣੀ ਗਹੀਰਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 893)*

ਗੁਰੂ ਸਾਹਿਬ ਉਸ ਸਥਾਨ ਦੀ ਭਾਲ ਕਰਦੇ ਹਨ ਜਿਥੇ ਕੀਰਤਨ ਹੁੰਦਾ ਹੈ।

*ਸੋ ਅਸਥਾਨ ਬਤਾਵਹੁ ਮੀਤਾ॥*
*ਜਾਕੈ ਹਰਿ ਹਰਿ ਕੀਰਤਨ ਨੀਤਾ॥*

*(ਗੁਰੂ ਗ੍ਰੰਥ ਸਾਹਿਬ, ਪੰਨਾ 385)*

*ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥*
*ਸਤਿਗੁਰ ਭੇਟਿ ਹਰਿ ਜਸੁ ਮੁਖਿ ਭਣੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)*

*ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1018)*

*ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥*
*ਨਾਨਕ ਕਹੈ ਸੁਨਿ ਰੇ ਮਨਾ ਕਰਿ ਕੀਰਤਨ ਹੋਇ ਉਧਾਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 214)*

*ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਹੁ ਉਠਿ ਨੀਤ॥*
*ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 519)*

*ਗ੍ਰਿਹਿ ਤਾ ਕੇ ਬਸੰਤੁ ਗਨੀ॥*
*ਜਾ ਕੈ ਕੀਰਤਨੁ ਹਰਿ ਧੁਨੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)*

*ਹਰਿ ਦਿਨੁ ਰੈਨਿ ਕੀਰਤਨੁ ਗਾਈਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 623)*

ਹਰੀ ਕੀਰਤਨ ਨੂੰ ਹਰਿ ਜਸੁ ਆਖਦਿਆਂ ਇਸ ਨੂੰ ਰਤਨ ਜਵਾਹਰ, ਮਾਣਕ ਹੀਰੇ ਮੋਤੀ ਨਾਲ ਤੁਲਨਾ ਦਿੱਤੀ ਗਈ ਹੈ:

*ਗੁਰ ਕੀ ਸੇਵਾ ਮੁਕਤ ਪਰਾਇਣ ਅਨਦਿਨ ਕੀਰਤਨ ਕੀਨਾ ਹੇ।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1028)*

*ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1027)*

ਹਰੀ ਦੇ ਗੁਣ ਗਾਇਨ ਕਰਨ ਅਰਥਾਤ ਕੀਰਤਨ ਵਿੱਚ ਮਨ ਨੂੰ ਇਕਾਗਰ ਕਰਨ ਦੀ ਸ਼ਕਤੀ ਹੈ। ਇਸ ਦਾ ਮਨ ਉੱਤੇ ਸਿੱਧਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਬਿਰਤੀ ਸਹਿਜੇ ਹੀ ਇਕਾਗਰ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

*ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1125)*

*ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ॥*
*ਜੇ ਤੂ ਦੇਹਿ ਤ ਹਰਿ ਰਸੁ ਗਾਈ ਮਨ ਤ੍ਰਿਪਤੈ ਹਰਿ ਲਿਵ ਲਾਗਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 598)*

ਗਾਇਨ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਗੁਣ ਗਾਇਨ ਕਰਨ ਲਈ ਮਨ ਇਸ ਗਾਇਨ ਕਲਾ ਦੇ ਹਵਾਲੇ ਕਰਨਾ ਪੈਂਦਾ ਹੈ। ਇਸੇ ਲਈ ਗੁਰੂ ਸਾਹਿਬ ਉਚਾਰਦੇ ਹਨः

*ਮਨੁ ਦੇ ਲੀਆ ਰਹਸਿ ਗੁਣ ਗਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 221)*

ਗਾਇਨ ਕਰਨ ਨਾਲ ਸਦੀਵੀ ਸੁਖ ਪ੍ਰਾਪਤ ਹੁੰਦਾ ਹੈः

*ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥*
*ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ॥*
*ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥*
*ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 157)*

ਹਰੀ ਦੇ ਗੁਣ ਗਾਇਨ ਕਰਨ ਨਾਲ ਹਰੀ ਮਿਲ ਪੈਂਦਾ ਹੈ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈः

*ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 422)*

ਹਰੀ ਦੇ ਗੁਣ ਗਾਇਨ ਕਰਨ ਨਾਲ ਜਮ ਦੂਤ ਨੇੜੇ ਨਹੀਂ ਆਉਂਦਾः

*ਦੂਤੁ ਨ ਲਾਗਿ ਸਕੈ ਗੁਨ ਗਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 416)*

*ਹਿਰਦੈ ਸਾਚੁ ਵਸੈ ਹਰਿ ਨਾਇ॥*
*ਕਾਲੁ ਨ ਜੋਹਿ ਸਕੈ ਗੁਣ ਗਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 227)*

ਹਰੀ ਦੇ ਗੁਣ ਗਾਇਨ ਕਰਨ ਨਾਲ ਮਨੁੱਖ ਕਾਲ ਭਾਵ ਜਨਮ ਮਰਨ ਦੇ ਚੱਕਰ ਤੋਂ ਬਚ ਜਾਂਦਾ ਹੈः

*ਅਕਲੁ ਗਾਇ ਜਮ ਤੇ ਕਿਆ ਡਰੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1040)*

ਇਸ ਕਰਕੇ ਗੁਰਬਾਣੀ ਵਿੱਚ ਮਨੁੱਖ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਪਰਮੇਸ਼ਰ ਦੇ ਗੁਣ ਗਾਇਨ ਕਰੇ। ਹਰੀ ਦਾ ਜਸ ਕਰਨ ਨਾਲ ਹੀ ਅਸਲ ਲਾਭ ਪ੍ਰਾਪਤ ਹੁੰਦਾ ਹੈ ਇਸ ਨਾਲ ਹੀ ਪਰਮੇਸ਼ਰ ਖੁਸ਼ ਹੁੰਦਾ ਹੈ:

*ਭਾਈ ਰੇ ਰਾਮ ਕਹੁ ਚਿਤੁ ਲਾਇ।।*
*ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤਿਆਇ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 22)*

ਗੁਰੂ ਅਮਰ ਦਾਸ ਜੀ ਨੇ ਆਪਣੀ ਪ੍ਰਸਿੱਧ ਬਾਣੀ ਅਨੰਦ ਸਾਹਿਬ ਵਿੱਚ ਗੁਰਬਾਣੀ ਗਾਉਣ ਲਈ ਆਦੇਸ਼ ਦਿੱਤੇ ਹਨ:

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920)*

*ਗੁਰਬਾਣੀ ਗਾਵਹ ਭਾਈ।।*
*ਓਹ ਸਫਲ ਸਦਾ ਸੁਖਦਾਈ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 628)*

*ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨਿ ਰਾਗ ਰਤਨ ਰਸਨਾ ਅਲਾਪ।।*

*(ਗੁਰੂ ਗ੍ਰੰਥ ਸਾਹਿਬ, ਪੰਨਾ 821)*

ਸਿੱਖ ਦੇ ਨਿਤਨੇਮ ਵਿੱਚ ਗੁਰਬਾਣੀ ਗਾਇਨ ਨੂੰ ਸ਼ਾਮਿਲ ਕੀਤਾ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।*

......

*ਫਿਰ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮ ਧਿਆਵੈ।।*

*(ਗੁਰੂ ਗ੍ਰੰਥ ਸਾਹਿਬ, ਪੰਨਾ 305)*

*ਸਾਧੋ ਗੋਬਿੰਦ ਕੇ ਗੁਨ ਗਾਵਉ।।*
*ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 219)*

ਭਾਵ, ਹੇ ਸਾਧੂ ਜਨੋਂ ਹੋਰ ਜਤਨਾਂ ਵਿੱਚ ਆਪਣਾ ਬਹੁਮੁੱਲਾ ਮਨੁੱਖਾ ਜਨਮ ਬਿਰਥਾ ਨਾ ਗਵਾਓ। ਹਰੀ ਦੇ ਗੁਣ ਗਾ ਕੇ ਇਸ ਨੂੰ ਸਫਲ ਕਰੋ।

ਜਿਥੇ ਵੀ ਕੋਈ ਗੁਰੂ ਸਾਹਿਬ ਦਾ ਸਿੱਖ ਬਣਦਾ ਗੁਰੂ ਸਾਹਿਬ ਉਸ ਨੂੰ ਧਰਮਸਾਲਾ ਕਾਇਮ ਕਰਨ ਲਈ ਕਹਿੰਦੇ। ਇਹਨਾਂ ਧਰਮਸਾਲਾਂ ਵਿੱਚ ਕੀਰਤਨ ਪ੍ਰਮੁੱਖ ਕਰਮ ਹੁੰਦਾ ਸੀ:

ਭਾਈ ਗੁਰਦਾਸ ਜੀ ਦਾ ਕਥਨ ਹੈ:

*ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।।*

*(ਵਾਰ 1, ਪਉੜੀ 27)*

ਸਿੱਖ ਇਤਿਹਾਸ ਤੋਂ ਪ੍ਰਗਟ ਹੁੰਦਾ ਹੈ ਕਿ ਉਦਾਸੀਆਂ ਉਪਰਾਂਤ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਵਿਖੇ ਸਿੱਖ ਧਰਮਸਾਲ (ਗੁਰਦੁਆਰਾ) ਦੇ ਸੰਸਸਥਾਗਤ ਪ੍ਰਚਲਨ ਲਈ ਵਾਸ ਕੀਤਾ ਤਾਂ ਕੀਰਤਨ ਕਰਨ ਦੀ ਗੁਰ ਮਰਯਾਦਾ ਨੂੰ ਵਿਸ਼ੇਸ਼ ਰੂਪ ਵਿੱਚ ਅਪਨਾਇਆ। ਭਾਈ ਗੁਰਦਾਸ ਜੀ ਅਨੁਸਾਰः

*ਫਿਰਿ ਬਾਬਾ ਆਇਆ ਕਰਤਾਰ ਪੁਰਿ*
*ਭੇਖ ਉਦਾਸੀ ਸਗਲ ਉਤਾਰਾ।।*

......

*ਗਿਆਨ ਗੋਸਟਿ ਚਰਚਾ ਸਦਾ*
*ਅਨਹਦਿ ਸਬਦਿ ਧਿਛੇ ਧੁਨਕਾਰਾ ।।*
*ਸੋਦਰੁ ਆਰਤੀ ਗਾਵੀਐ*
*ਅੰਮ੍ਰਿਤ ਵੇਲੇ ਜਪ ਉਚਾਰਾ।।*

*(ਭਾਈ ਗੁਰਦਾਸ, ਵਾਰ 1, ਪਉੜੀ 38)*

ਗੁਰਬਾਣੀ ਨੂੰ ਰਾਗਾਂ ਵਿੱਚ ਗਾਇਨ ਕਰਨ ਦਾ ਨਾਮ ਕੀਰਤਨ ਹੈ। ਗੁਰੂ ਸਾਹਿਬਾਨ ਰਾਗ ਪ੍ਰਭਾਵ ਤੋਂ ਜਾਣੂੰ ਸਨ ਇਸ ਲਈ ਉਹ ਰਾਗਾਂ ਦੀ ਵਰਤੋਂ ਬਾਰੇ ਬਹੁਤ ਸੁਚੇਤ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਹੁਤੀਆਂ ਰਚਨਾਵਾਂ ਉਪਰ ਜਿੱਥੇ ਕਾਵਿ ਰੂਪ ਨਾਲ ਸੰਬੰਧਤ ਸਿਰਲੇਖ ਦਿੱਤਾ ਉਥੇ ਉਹਨਾਂ 'ਤੇ ਗਾਉਣ ਲਈ 'ਰਾਗ' ਵੀ ਨਿਸ਼ਚਿਤ ਕੀਤਾ ਹੈ। ਸੰਗੀਤ ਦੀ ਕਿਰਤ ਰਾਗ ਹੈ। ਖਾਸ ਤਰ੍ਹਾਂ ਦੇ ਅਨੁਭਵਾਂ ਨੂੰ ਖਾਸ ਤਰ੍ਹਾਂ ਦੇ ਰਾਗ ਹੀ ਪ੍ਰਗਟ ਕਰ ਸਕਦੇ ਹਨ। ਹਰ ਰਾਗ ਸਰੋਤਿਆਂ ਉਪਰ ਵੀ ਆਪਣਾ ਵਿਸ਼ੇਸ਼ ਪ੍ਰਭਾਵ ਪਾਉਂਦਾ ਹੈ।

ਰਾਗ ਦਾ ਅਰਥ ਹੀ ਮਨੁੱਖੀ ਮਨ ਨੂੰ ਖਾਸ ਤਰ੍ਹਾਂ ਦੀਆਂ ਭਾਵਨਾਵਾਂ ਵਿਚ ਰੰਗਣ ਵਾਲਾ ਹੈ।[17] ਹਰ ਰਾਗ ਦੀ ਸਿਰਜਣਾ ਵਿਸ਼ੇਸ਼ ਸੁਰਾਂ ਦੇ ਸੰਜੋਗ ਨਾਲ ਹੁੰਦੀ ਹੈ ਇਸ ਲਈ ਹਰ ਇਕ ਰਾਗ ਵਿਸ਼ੇਸ਼ ਭਾਵਾਂ ਨਾਲ ਸੰਬੰਧਤ ਹੁੰਦਾ ਹੈ। ਜਿਵੇਂ ਆਮ ਬੋਲ ਚਾਲ ਵਿਚ ਸਾਡੇ ਉਚਾਰਨ ਦੇ ਢੰਗਾਂ ਨਾਲ ਵੱਖ-ਵੱਖ ਭਾਵ ਪ੍ਰਗਟ ਹੁੰਦੇ ਹਨ ਅਰਥਾਤ ਬਹੁਤਾ ਜ਼ੋਰ ਨਾਲ ਬੋਲਣ ਨਾਲ ਲੜਨ, ਝਗੜਨ, ਬਹੁਤੀ ਖੁਸ਼ੀ ਅਤੇ ਚੰਚਲਤਾ ਦਾ ਭਾਵ ਪ੍ਰਗਟ ਹੁੰਦਾ ਹੈ। ਹੌਲੀ ਬੋਲਣ ਨਾਲ ਅਧੀਨਗੀ, ਮਧੁਰਤਾ, ਧੀਰਜ, ਸ਼ਾਂਤੀ ਆਦਿ ਦੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਇਸੇ ਤਰ੍ਹਾਂ ਵੱਖ-ਵੱਖ ਸੁਰਾਂ ਦੇ ਪ੍ਰਯੋਗ ਨਾਲ ਵੱਖ-ਵੱਖ ਭਾਵ ਪ੍ਰਗਟ ਹੁੰਦੇ ਹਨ।[18] ਸੰਗੀਤ ਆਚਾਰੀਆਂ ਨੇ ਹਰ ਰਾਗ ਦਾ ਇਕ ਰਸ ਮੰਨਿਆ ਹੈ। ਭਾਵੇਂ ਵੱਖ-ਵੱਖ ਰਾਗਾਂ ਬਾਰੇ ਰਸਾਂ ਸੰਬੰਧੀ ਅਸਪੱਸ਼ਟਤਾ ਹੈ ਪਰ ਫਿਰ ਵੀ ਸਾਧਾਰਨ ਤੌਰ 'ਤੇ ਸੰਗੀਤ ਵਿਚ ਤਿੰਨ ਚਾਰ ਰਸਾਂ ਦੀ ਹੀ ਪ੍ਰਧਾਨਤਾ ਮੰਨੀ ਜਾਂਦੀ ਹੈ

ਸ਼ਿੰਗਾਰ, ਸ਼ਾਂਤ, ਕਰੁਣ, ਵੀਰ ਆਦਿ। ਹਰ ਰਾਗ ਦੇ ਵਾਤਾਵਰਣ ਵਿਚ ਇਕ ਨਿੱਜੀ ਰਸ ਹੁੰਦਾ ਹੈ ਜਿਸਦਾ ਸਾਡੇ ਹਿਰਦੇ 'ਤੇ ਪ੍ਰਭਾਵ ਪੈਂਦਾ ਹੈ।[19]

ਪੁਰਾਤਨ ਸੰਗੀਤ ਅਚਾਰੀਆਂ ਨੇ ਰਾਗਾਂ ਦੇ ਅਨੁਕੂਲ ਕਈ ਰਾਗਾਂ ਦਾ ਮਾਨਵੀਕਰਣ ਕਰਦਿਆਂ ਉਨ੍ਹਾਂ ਦੇ ਚਿੱਤਰ ਬਣਾਏ ਹਨ ਅਤੇ ਉਨ੍ਹਾਂ ਦਾ ਸਰੂਪ ਵੀ ਵਰਣਨ ਕੀਤਾ ਗਿਆ ਹੈ। ਇਸ ਸਰੂਪ ਨੂੰ ਧਿਆਨ ਕਿਹਾ ਜਾਂਦਾ ਹੈ। ਸੰਗੀਤ ਸ਼ਾਸਤਰੀਆਂ ਅਨੁਸਾਰ ਜਿਹੜਾ ਗਾਇਕ ਰਾਗ ਦਾ ਧਿਆਨ ਮਨ ਵਿੱਚ ਵਸਾਏ ਬਿਨਾਂ ਉਸ ਦਾ ਗਾਇਨ ਕਰਦਾ ਹੈ ਉਸ ਨੂੰ ਮਨਇਛਤ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਸਪੱਸ਼ਟ ਹੈ ਕਿ ਜਿਹੜਾ ਗਾਇਕ ਰਾਗ ਦੇ ਭਾਵ ਸੰਬੰਧੀ ਉਸ ਦੀ ਖਾਸ ਸ਼ਖਸੀਅਤ ਤੋਂ ਵਾਕਫ ਨਹੀਂ ਹੋਵੇਗਾ। ਉਸਦੇ ਰੂਪ ਨੂੰ ਠੀਕ ਪੇਸ਼ ਨਹੀਂ ਕਰ ਸਕੇਗਾ ਤੇ ਸਰੋਤਿਆਂ ਨੂੰ ਅਨੰਦ ਨਹੀਂ ਆਵੇਗਾ।[20]

ਗੁਰੂ ਨਾਨਕ ਦੇਵ ਜੀ ਦੇ ਵੇਲੇ ਦੇ ਰਾਗਾਂ ਦੇ ਬਹੁਤੇ ਭਾਵ ਚਿੱਤਰ ਜਾਂ ਧਿਆਨ ਸ਼ਿੰਗਾਰ ਰਸੀ ਭਾਵਾਂ ਦੀ ਅਨੁਭੂਤੀ ਕਰਾਉਂਦੇ ਸਨ ਕਿਉਂਕਿ ਬਹੁਤੇ ਸੰਗੀਤਕਾਰ ਰਾਜਿਆਂ ਮਹਾਰਾਜਿਆਂ ਦੇ ਆਸਰੇ 'ਤੇ ਰਹਿੰਦੇ ਸਨ ਇਸ ਲਈ ਉਨ੍ਹਾਂ ਦਾ ਮੁੱਖ ਮੰਤਵ ਆਪਣੇ ਦਾਤਿਆਂ ਦੀਆਂ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਨਾ ਸੀ। ਪਰ ਗੁਰੂ ਸਾਹਿਬ ਦੇ ਸਰੋਤੇ ਨਾ ਤਾਂ ਰਾਜੇ ਮਹਾਰਾਜੇ ਸਨ ਅਤੇ ਨਾ ਹੀ ਉਹ ਰਾਗਾਂ ਰਾਹੀਂ ਆਪਣੇ ਸਰੋਤਿਆਂ ਨੂੰ ਕੇਵਲ ਆਨੰਦ ਦੇਣਾ ਚਾਹੁੰਦੇ ਸਨ। ਉਹ ਤਾਂ ਆਮ ਲੋਕਾਂ ਵਿੱਚ ਕਲਿਆਣਕਾਰੀ ਭਾਵਨਾਵਾਂ ਦਾ ਸੰਚਾਰ ਕਰਨਾ ਲੋੜਦੇ ਸਨ। ਇਸ ਲਈ ਉਨ੍ਹਾਂ ਨੇ ਰਾਗਾਂ ਨੂੰ ਵਿਲਾਸੀ ਵਾਤਾਵਰਣ ਨਾਲੋਂ ਮੁਕਤ ਕਰਕੇ ਉਨ੍ਹਾਂ ਦਾ ਪ੍ਰਯੋਗ ਕੀਤਾ ਅਤੇ ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਵੱਲੋਂ ਸਪੱਸ਼ਟ ਨਿਰਦੇਸ਼ ਵੀ ਦਿੱਤੇ। ਕੁਝ ਰਾਗਾਂ ਦਾ ਤੁਲਨਾਮਿਕ ਅਧਿਐਨ ਕਰਨਾ ਅਣਉਚਿਤ ਨਹੀਂ ਹੋਵੇਗਾ :–

**ਸਿਰੀ ਰਾਗ**

ਇਸ ਰਾਗ ਦਾ ਭਾਵ ਚਿੱਤਰ ਬਿਆਨ ਕਰਦਿਆਂ ਸੰਗੀਤ ਦਰਪਣ[21] ਵਿਚ ਦੱਸਿਆ ਗਿਆ ਹੈ, "ਜਿਸ ਦੀ ਉਮਰ ਅਠਾਰਾਂ ਸਾਲਾਂ ਦੀ ਹੈ। ਕਾਮਦੇਵ ਵਰਗੀ ਜਿਸਦੀ ਸੂਰਤ ਹੈ ਜੋ ਧੀਰ ਅਤੇ ਜਿਸਨੇ ਕੋਮਲ ਫੁੱਲਾਂ ਦੇ ਗਹਿਣੇ ਪਾਏ ਹੋਏ ਹਨ। ਪਰ ਗੁਰੂ ਕਾਵਿ ਵਿਚ ਇਸ ਰਾਗ ਬਾਰੇ ਆਦੇਸ਼ ਦਿੱਤਾ ਹੈ :

*ਰਾਗਾਂ ਵਿਚਿ ਸ੍ਰੀ ਰਾਗ ਹੈ ਜੇ ਸਚਿ ਧਰੇ ਪਿਆਰੁ ।।*
*ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 83)*

**ਰਾਗ ਗਉੜੀ**

ਇਸ ਰਾਗ ਬਾਰੇ ਰਾਗ ਵਿਬੋਧ[22] ਵਿਚ ਦੱਸਿਆ ਹੈ ਕਿ ਇਹ ਗੋਰੇ ਰੰਗ ਵਾਲੀ ਅਤੇ ਕਮਲ ਵਰਗੀਆਂ ਅੱਖਾਂ ਵਾਲੀ ਹੈ। ਇਸ ਨੇ ਦੁੱਧ ਦੇ ਸਮੁੰਦਰ ਵਰਗੇ ਸਫੈਦ

ਬਸਤਰ ਪਾਏ ਹੋਏ ਹਨ। ਇਸ ਦੀ ਸੁਭਾਵਕ ਸੁੰਦਰ ਹਾਸੀ ਹੈ ਅਤੇ ਲੰਮੀਆਂ ਲੰਮੀਆਂ ਬਾਹਵਾਂ ਹਨ। ਪਰ ਗੁਰੂ ਸਾਹਿਬ ਨੇ ਇਸ ਰਾਗ ਬਾਰੇ ਉਚਾਰਿਆ ਹੈ :-

*ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥*
*ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 311)*

**ਰਾਗ ਗੂਜਰੀ**

ਇਸ ਰਾਗ ਨੂੰ ਨਾਇਕਾ ਦੱਸਦਿਆਂ ਕਿਹਾ ਹੈ ਕਿ ਇਸ ਨੇ ਬਾਰਾਂ ਰੰਗਾਂ ਦੇ ਬਸਤਰ ਧਾਰਨ ਕੀਤੇ ਹੋਏ ਹਨ। ਪੀਲੇ ਰੰਗ ਦੀ ਚੋਲੀ ਅਤੇ ਸੁਨਹਿਰੀ ਬੂਟੀਦਾਰ ਸੁਰੰਗੀ ਸਾੜ੍ਹੀ ਪਹਿਨੀ ਹੋਈ ਹੈ। ਸਜੇ ਹੋਏ ਪਲੰਘ 'ਤੇ ਇਕੱਲੀ ਬੈਠੀ ਬੇਹਾਲ ਵੀਣਾ-ਵਾਦਨ ਕਰ ਰਹੀ ਹੈ। ਇਹ ਪਰਮ ਸੁੰਦਰੀ ਅਤਿਅੰਤ ਪਤਲੀ ਕਮਰ ਵਾਲੀ ਯੌਵਨ ਰਸ ਨਾਲ ਭਰਪੂਰ, ਕੋਇਲ ਵਾਂਗ ਮਿੱਠ-ਬੋਲੜੀ ਤਾਲ ਨਾਲ ਗਾਉਣ ਵਿਚ ਪ੍ਰਵੀਣ ਹੈ।[23] ਪਰ ਗੁਰੂ ਜੀ ਨੇ ਇਸ ਰਾਗ ਬਾਰੇ ਲਿਖਿਆ ਹੈ :

*ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥*
*ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 516)*

**ਸੋਰਠ ਰਾਗ**

ਇਸ ਨੂੰ ਰਾਗਣੀ ਦੱਸਦਿਆਂ ਸੰਗੀਤ ਦਰਪਣ[24] ਵਿਚ ਲਿਖਿਆ ਹੈ ਜਿਸ ਨੇ ਉੱਚੇ ਅਤੇ ਪੁਸ਼ਟ ਸਤਨਾ ਉਤੇ ਸੁੰਦਰ ਹਾਰ ਪਹਿਨੇ ਹੋਏ ਹਨ ਅਤੇ ਜਿਸਦਾ ਚਿਤ, ਕੰਨ ਵਿਚ ਪਾਏ ਹੋਏ ਕੌਂਪਲ ਦੇ ਆਸ-ਪਾਸ ਗੂੰਜਣ ਵਾਲੇ ਭਉਰੇ ਦੀ ਆਵਾਜ਼ ਤੋਂ ਉਚਾਟ ਹੋ ਰਿਹਾ ਹੈ। ਜਿਸਦੀ ਬਾਂਹ ਸ਼ਿਥਿਲ ਹੋ ਗਈ ਹੈ ਅਤੇ ਜਿਹੜੀ ਆਪਣੇ ਪ੍ਰੀਤਮ ਕੋਲ ਜਾ ਰਹੀ ਹੈ।

ਪਰ ਗੁਰੂ ਸਾਹਿਬਾਨ ਨੇ ਰਾਗ ਸੋਰਠ ਰਾਹੀਂ ਨਾਮ ਦਾ ਰਸ ਪੀਣ ਦੀ ਗੱਲ ਕੀਤੀ ਹੈ :

*ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ॥*
*ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1425)*

**ਰਾਗ ਧਨਾਸਰੀ**

ਰਾਗ ਵਿਬੋਧ[25] ਵਿਚ ਇਸ ਰਾਗ ਦੇ ਸਰੂਪ ਦਾ ਜਿਹੜਾ ਬਿਆਨ ਕੀਤਾ ਗਿਆ ਹੈ ਉਹ ਇਤਨਾ ਸ਼ਿੰਗਾਰਕ ਹੈ ਕਿ ਕਈ ਥਾਵਾਂ 'ਤੇ ਉਹ ਅਸ਼ਲੀਲ ਵੀ ਹੋ ਜਾਂਦਾ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਦਾ ਪ੍ਰਯੋਜਨ 'ਸਤਿਗੁਰ ਕੀ ਕਾਰ' ਨਾਲ ਸੰਬੰਧਤ ਕਰ ਦਿੱਤਾ ਹੈ :

*ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥*
*ਤਨ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1419)*

**ਰਾਗ ਬਿਲਾਵਲ**

ਸੰਗੀਤ ਦਰਪਣ[26] ਵਿਚ ਇਸ ਨੂੰ ਰਾਗਣੀ ਦੱਸਿਆ ਹੈ ਅਤੇ ਇਸ ਬਾਰੇ ਲਿਖਿਆ ਹੈ, "ਆਪਣੇ ਪ੍ਰੀਤਮ ਨੂੰ ਮਿਲਣ ਲਈ ਨਿਸ਼ਚਤ ਸਥਾਨ ਨੂੰ ਜਿਸ ਨੇ ਆਪਣੇ ਮਨ ਵਿਚ ਧਾਰਨ ਕੀਤਾ ਹੋਇਆ ਹੈ। ਜਿਸ ਨੇ ਆਪਣੇ ਸਰੀਰ 'ਤੇ ਕਈ ਤਰ੍ਹਾਂ ਦੇ ਗਹਿਣੇ ਸਜਾਏ ਹੋਏ ਹਨ ਅਤੇ ਜਿਹੜੀ ਬਾਰ-ਬਾਰ ਆਪਣੇ ਇਸ਼ਟ ਕਾਮਦੇਵ ਦਾ ਧਿਆਨ ਧਰਦੀ ਹੈ। ਜਿਸ ਦਾ ਰੰਗ ਕਮਲ ਵਾਂਗੂ ਹੈ।"

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਨੂੰ ਗੁਰੂ ਦੇ ਉਪਦੇਸ਼ ਲਈ ਪ੍ਰਯੋਗ ਕੀਤਾ ਹੈ :

*ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ॥*
*ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)*

**ਰਾਗ ਰਾਮਕਲੀ**

ਚਿਤਰਕਾਰਾਂ ਨੇ ਇਸ ਰਾਗਨੀ ਦਾ ਚਿਤਰ ਇਸ ਤਰ੍ਹਾਂ ਬਣਾਇਆ ਹੈ-ਕੇਸਰੀ ਪੁਸ਼ਾਕ ਧਾਰਨ ਕਰਕੇ ਇਹ ਨਾਇਕਾ ਆਪਣੇ ਪ੍ਰੀਤਮ ਦੇ ਸਾਹਮਣੇ ਸੇਜ 'ਤੇ ਬੈਠੀ ਹੈ।[27]

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਬਾਰੇ ਉਚਾਰਿਆ ਹੈ:

*ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥*
*ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 950)*

ਇਸ ਤਰ੍ਹਾਂ ਕਈ ਹੋਰ ਰਾਗਾਂ ਦੇ ਵਰਣਨ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਗੁਰੂ ਕਵੀਆਂ ਨੇ ਰਾਗਾਂ ਦਾ ਪ੍ਰਯੋਗ ਆਪਣੇ ਪ੍ਰਯੋਜਨ ਲਈ ਵਿਸ਼ੇਸ਼ ਢੰਗ ਨਾਲ ਕੀਤਾ ਹੈ। ਉਹਨਾਂ ਸਭ ਰਾਗਾਂ ਬਾਰੇ ਦੱਸਿਆ ਹੈ:

*ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1423)*

ਉਹਨਾਂ ਨੇ ਉਹ ਰਾਗ ਧੰਨ ਕਹੇ ਹਨ ਜਿਹੜੇ ਮਨੁੱਖ ਦੀਆਂ ਤ੍ਰਿਸ਼ਨਾਵਾਂ ਨੂੰ ਸ਼ਾਂਤ ਕਰਨ ਵਿਚ ਸਹਾਇਕ ਹਨ।

*ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 958)*

ਜਿਵੇਂ ਕਿ ਅਸੀਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦਾ ਮੰਤਵ ਆਮ ਸਰੋਤਿਆਂ ਤੱਕ ਆਪਣੇ ਵਿਚਾਰ ਪਹੁੰਚਾਉਣ ਦਾ ਸੀ ਨਾ ਕਿ ਉਸ ਵੇਲੇ ਦੀਆਂ ਸ਼ਾਹੀ ਮਹਿਫਲਾਂ

ਦੇ ਸੰਗੀਤਕਾਰਾਂ ਵਾਂਗ ਚਮਤਕਾਰ ਵਿਖਾ ਕੇ ਆਪਣੀ ਕਲਾ ਦਾ ਰੋਹਬ ਪਾਉਣ ਦਾ। ਇਸ ਲਈ ਉਹਨਾਂ ਨੇ ਆਪਣੀ ਬਾਣੀ ਨੂੰ ਬਿਖੜੇ ਤਾਲਾਂ ਦੀ ਥਾਂ 'ਤੇ ਸਧਾਰਨ ਧੁਨਾਂ ਤੇ ਗਾਉਣ ਲਈ ਨੀਯਤ ਕੀਤਾ। ਉਸ ਵੇਲੇ ਦੇ ਬਾਕੀ ਭਗਤ ਕਵੀ ਵੀ ਇਸੇ ਪਧਤੀ ਅਨੁਸਾਰ ਕਾਵਿ ਰਚਨਾ ਕਰ ਅਤੇ ਸੁਣਾ ਰਹੇ ਸਨ। ਅਚਾਰਿਆ ਬ੍ਰਹਸਪਤੀ[28] ਨੇ ਠੀਕ ਹੀ ਲਿਖਿਆ ਹੈ, ਜਿਨ੍ਹਾਂ ਕਵੀਆਂ ਦਾ ਮੰਤਵ ਆਪਣੇ ਅਨੁਭਵ ਨੂੰ ਜਿਵੇਂ ਤਿਵੇਂ ਪ੍ਰਗਟ ਕਰਕੇ ਸੁਹਿਰਦਾਂ ਨੂੰ ਉਸਦਾ ਅਨੁਭਵ ਕਰਾ ਦੇਣਾ ਹੁੰਦਾ ਹੈ, ਉਨ੍ਹਾਂ ਵਿਚ ਬਾਲਮੀਕ, ਕਾਲੀਦਾਸ, ਤੁਲਸੀ ਅਤੇ ਸੂਰ ਦਾਸ ਆਉਂਦੇ ਹਨ; ਗਾਇਕ ਦਾ ਪ੍ਰਯੋਜਨ ਵੀ ਠੀਕ ਇਹੋ ਹੋਣਾ ਚਾਹੀਦਾ ਹੈ।

ਜਿਹੜੇ ਕਵੀ 'ਭਾਵ' ਦੀ ਚਿੰਤਾ ਨਾ ਕਰਕੇ ਅਨੁਪ੍ਰਾਸ ਜਾਂ ਉਪਮਾ-ਰੂਪਕ ਨੂੰ ਹੀ ਆਪਣਾ ਲਕਸ਼ ਮੰਨ ਬਹਿੰਦੇ ਹਨ ਉਨ੍ਹਾਂ ਦੀ ਗਿਣਤੀ ਮਹਾਂ ਕਵੀਆਂ ਵਿਚ ਕਦੀ ਨਹੀਂ ਹੁੰਦੀ, ਉਹ ਲੋਕ ਹਿਰਦੇ ਦੇ ਪ੍ਰਤੀਨਿਧ ਕਦੀ ਨਹੀਂ ਹੁੰਦੇ। ਇਸੇ ਤਰ੍ਹਾਂ ਜਿਹੜੇ ਗਾਇਕ ਤਾਨਾਂ ਪਲਟਿਆਂ, ਅਲੰਕਾਰ ਜਾ ਲੈਅਕਾਰੀ ਦੇ ਚੱਕਰ ਵਿਚ ਪਏ ਰਹਿੰਦੇ ਹਨ ਉਹ ਆਪਣੇ ਅਭਿਆਸ ਨਾਲ ਸਰੋਤਿਆਂ ਨੂੰ ਚੱਕਰ ਵਿਚ ਭਾਵੇਂ ਪਾ ਲੈਣ ਪਰ ਆਨੰਦਤ ਨਹੀਂ ਕਰ ਸਕਦੇ।

ਗੁਰੂ ਸਾਹਿਬ ਦਾ ਮੰਤਵ ਸਰੋਤਿਆਂ ਨੂੰ ਚੱਕਰ ਵਿਚ ਪਾਉਣਾ ਨਹੀਂ ਸੀ ਅਤੇ ਨਾ ਹੀ ਉਹ ਆਪਣੀ ਬਾਣੀ ਦਾ ਇਸ ਲਈ ਪ੍ਰਯੋਗ ਕੀਤੇ ਜਾਣ ਦੇ ਹੱਕ ਵਿਚ ਸਨ। ਉਹ ਤਾਂ ਸਹਿਜ ਨਾਲ ਗੁਣ ਗਾਇਨ ਕਰਨ ਦੇ ਹਾਮੀ ਸਨ:

*ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ॥*
*ਨਾਨਕ ਸਹਜਿ ਭਾਇ ਗੁਣ ਗਾਇ॥*

*(ਗੁਰੂ ਗ੍ਰੰਥ ਸਾਹਿਬ, ਪੰਨਾ 686)*

ਗੁਰੂ ਅਮਰ ਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸਹਿਜ ਨਾਲ ਗਾਇਨ ਕਰਨ ਵਾਲੀ ਭਾਵਨਾ ਨੂੰ ਆਪਣੀ ਬਾਣੀ ਇੰਜ ਵਿੱਚ ਪ੍ਰਗਟ ਕੀਤਾ ਹੈ:

*ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦੁ॥*

*(ਗੁਰੂ ਗ੍ਰੰਥ ਸਾਹਿਬ, ਪੰਨਾ 68)*

*ਅੰਤਰੁ ਨਿਰਮਲੁ ਨਿਰਮਲੁ ਬਾਣੀ ਹਰਿ ਗੁਣ ਸਹਜੇ ਗਾਵਣਿਆ॥*

*(ਗੁਰੂ ਗ੍ਰੰਥ ਸਾਹਿਬ, ਪੰਨਾ 114)*

*ਮਨੁ ਸਦਾ ਹਰੀਆਵਲਾ ਸਹਜੇ ਹਰਿ ਗੁਣ ਗਾਇ॥*

*(ਗੁਰੂ ਗ੍ਰੰਥ ਸਾਹਿਬ, ਪੰਨਾ 428)*

ਗੁਰੂ ਸਾਹਿਬ ਚਾਹੁੰਦੇ ਸਨ ਕਿ ਸ਼ਬਦ ਰਾਗ ਦੀ ਐਸੀ ਤਰਜ਼ ਵਿਚ ਗਾਂਵਿਆ ਜਾਵੇ ਕਿ ਜਿਸ ਤਰਜ਼ ਵਿਚ ਸੰਗੀਤਕ ਕਾਇਦਿਆਂ ਅਨੁਸਾਰ ਉਹ ਭਾਵ ਪੈਦਾ ਕਰ ਦੇਣ ਦੀ ਰਚਨਾ ਦੇ ਅਰਥ ਭਾਵ ਵਿਚ ਤਾਸੀਰ ਹੈ ਅਰਥਾਤ ਸ਼ਬਦਾਂ ਦਾ ਅਰਥ ਭਾਵ

ਤੋਂ ਧਾਰਨਾਂ ਦਾ ਸੰਗੀਤਕ ਅਸਰ ਦਿਲ ਪਰ ਇਕੋ ਕਿਸਮ ਦਾ ਵਲਵਲਾ ਪੈਦਾ ਕਰਨ।[29]

**ਕੀਰਤਨਕਾਰ:**

ਜਿੱਥੇ ਬਾਣੀ ਦੇ ਕੀਰਤਨ ਦੀ ਇਤਨੀ ਮਹੱਤਤਾ ਦਰਸਾਈ ਹੈ ਉਥੇ ਕੀਰਤਨ ਕਰਨ ਵਾਲੇ ਦੀ ਮਹਿਮਾ ਵੀ ਕੋਈ ਘੱਟ ਬਿਆਨ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਆਪਣੇ ਆਪ ਨੂੰ ਪਰਮੇਸ਼ਰ ਦਾ ਢਾਡੀ ਅਰਥਾਤ ਕੀਰਤਨ ਕਰਨ ਵਾਲਾ ਆਖਦੇ ਹਨ :

*ਹਉ ਢਾਢੀ ਵੇਕਾਰੁ ਕਾਰੈ ਲਾਇਆ।*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।।*
*ਢਾਢੀ ਸਚੈ ਮਹਲਿ ਖਸਮਿ ਬੁਲਾਇਆ।।*
*ਸਚੀ ਸਿਫਤਿ ਸਾਲਾਹ ਕਪੜਾ ਪਾਇਆ।।*
*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ।।*
*ਗੁਰਮਤਿ ਖਾਧਾ ਰਜਿ ਤਿਨਿ ਸੁਖੁ ਪਾਇਆ।।*
*ਢਾਢੀ ਕਰੇ ਪਸਾਉ ਸਬਦੁ ਵਜਾਇਆ।।*
*ਨਾਨਕ ਸਚੁ ਸਾਲਾਹਿ ਪੂਰਾ ਪਾਇਆ।।*

*(ਗੁਰੂ ਗ੍ਰੰਥ ਸਾਹਿਬ, ਪੰਨਾ 150)*

ਗੁਰੂ ਨਾਨਕ ਦੇਵ ਜੀ ਢਾਡੀ ਦੀ ਹੋਰ ਵਿਸ਼ੇਸ਼ਤਾ ਨੂੰ ਦਰਸਾਉਂਦਿਆਂ ਬਿਆਨ ਕਰਦੇ ਹਨ:

*ਸਚਾ ਸਤਿਗੁਰੁ ਸੇਵਨਿ ਸਚਾ ਮਾਰਗ ਦਸਿਆ।।*
*ਸਚਾ ਸਬਦੁ ਬੀਚਾਰਿ ਕਾਲ ਵਿਧਉਸਿਆ।।*
*ਢਾਢੀ ਕਥੇ ਅਕਥੁ ਸਬਦਿ ਸਵਾਰਿਆ।।*

*(ਗੁਰੂ ਗ੍ਰੰਥ ਸਾਹਿਬ, ਪੰਨਾ 148)*

*ਖਾਲਕ ਕਉ ਆਦੇਸੁ ਢਾਢੀ ਗਾਵਣਾ।।*
*ਨਾਨਕ ਜੁਗ ਜੁਗੁ ਏਕੁ ਮੰਨਿ ਵਸਾਵਣਾ।।*

*(ਗੁਰੂ ਗ੍ਰੰਥ ਸਾਹਿਬ, ਪੰਨਾ 148)*

*ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ।।*
*ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹੁ ਤਿਸੁ ਕਵਲਾ ਕੰਤਾ।*

*(ਗੁਰੂ ਗ੍ਰੰਥ ਸਾਹਿਬ ਪੰਨਾ 650)*

ਕੀਰਤਨਕਾਰ ਦੀ ਮਹਿਮਾ ਦਾ ਗਾਇਨ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਥਾਵਾਂ ਤੇ ਹੋਇਆ ਹੈ–

*ਜੋ ਜਨੁ ਕੀਰਤਨੁ ਕਰੈ ਗੋਪਾਲ।। ਤਿਸ ਕਉ ਪੋਹਿ ਨ ਸਕੈ ਜਮ ਕਾਲੁ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 867)*

*ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ।।*
*ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸੁ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1300)*

*ਮਾਈ ਜੋ ਪ੍ਰਭ ਕੇ ਗੁਨ ਗਾਵੈ।।*
*ਸਫਲ ਆਇਆ ਜੀਵਨ ਫਲੁ ਤਾ ਕੋ ਪਾਰਬ੍ਰਹਮ ਲਿਵ ਲਾਵੈ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 531)*

*ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 600)*

*ਜੋ ਤੁਮਰਾ ਜਸੁ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 716)*

*ਕਹੁ ਨਾਨਕ ਸੋਈ ਨਰ ਸੁਖੀਆ ਰਾਮ ਨਾਮ ਗੁਨ ਗਾਵੈ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 220)*

*ਸਾ ਰਸਨਾ ਧੰਨ ਧੰਨ ਹੈ ਮੇਰੀ ਜਿੰਦੜੀਏ*
*ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 540)*

*ਹਰਿ ਜਨ ਰਾਮ ਨਾਮ ਗੁਨ ਗਾਵੈ।।*
*ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 719-720)*

ਪਰ ਕੀਰਤਨ ਕਰਨ ਲਈ ਕੁਝ ਮਾਪਦੰਡ ਵੀ ਨਿਸਚਿਤ ਕੀਤੇ ਗਏ ਹਨ-

*ਜਿਸ ਨੋ ਪਰਤੀਤਿ ਹੋਵੈ, ਤਿਸ ਕਾ ਗਾਵਿਆ ਥਾਇ ਪਵੈ,*
*ਸੋ ਪਾਵੈ ਦਰਗਹ ਮਾਨੁ।।*

*(ਗੁਰੂ ਗ੍ਰੰਥ ਸਾਹਿਬ, ਪੰਨਾ 734)*

ਜਿਹੜੇ ਕੇਵਲ ਵਿਖਾਵੇ ਲਈ ਗਾਇਨ ਕਰਦੇ ਹਨ ਉਹ ਬਿਨਾਂ ਨਾਮ ਤੋਂ ਝੂਠੇ ਹਨ। ਅਸਲ ਵਿੱਚ ਤਾਂ ਗੁਰੂ ਦੀ ਕਿਰਪਾ ਦੁਆਰਾ ਨਾਮ ਨਾਲ ਜੁੜ ਕੇ ਹੀ ਹਰੀ ਦੇ ਗੁਣ ਗਾਇਨ ਕਰਨੇ ਚਾਹੀਦੇ ਹਨ:

*ਗਾਵਹਿ ਗੀਤੇ ਚੀਤਿ ਅਨੀਤੇ ।।*
*ਰਾਗ ਸੁਣਾਇ ਕਹਾਵਹਿ ਬੀਤੇ।।*
*ਬਿਨ ਨਾਵੈ ਮਨਿ ਝੂਠੁ ਅਨੀਤੇ।।*
*ਕਹਾ ਚਲਹੁ ਮਨ ਰਹਹੁ ਘਰੇ।।*
*ਗੁਰਮੁਖ ਰਾਮ ਨਾਮਿ ਤ੍ਰਿਪਤਾਸੇ*
*ਖੋਜਤ ਪਾਵਹੁ ਸਹਜਿ ਹਰੇ।।*

......

*ਗੁਰ ਪਰਸਾਦੀ ਕਰਮ ਕਮਾਉ ॥*
*ਨਾਮੇ ਰਾਤਾ ਹਰਿ ਗੁਣ ਗਾਉ ॥*

*(ਗੁਰੂ ਗ੍ਰੰਥ ਸਾਹਿਬ, ਪੰਨਾ 414–15)*

ਗੁਰੂ ਰਾਮ ਦਾਸ ਜੀ ਵੀ ਫੁਰਮਾਉਂਦੇ ਹਨ–

*ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ*
*ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥*
*ਜਿਨਾ ਅੰਤਰਿ ਕਪਟੁ ਵਿਕਾਰੁ ਹੈ*
*ਤਿਨਾ ਰੋਇ ਕਿਆ ਕੀਜੈ ॥* *(ਗੁਰੂ ਗ੍ਰੰਥ ਸਾਹਿਬ, ਪੰਨਾ 450)*

ਕੀਰਤਨ ਕਰਨ ਸਮੇਂ ਕੀਰਤਨਕਾਰ ਨੇ ਆਪਣੀ ਕਲਾ ਜਾਂ ਵਿਦਵਤਾ ਦਾ ਵਿਖਾਵਾ ਨਹੀਂ ਕਰਨਾ ਸਗੋਂ ਸਹਿਜ ਵਿੱਚ ਅਤੇ ਨਿਮਰਤਾ ਨਾਲ ਕੀਰਤਨ ਕਰਨਾ ਹੈ:–

*ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 634)*

*ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

ਉਹ ਕੀਰਤਨੀਆਂ ਭਲਾ ਹੈ ਜਿਹੜਾ ਲਾਲਚ ਛੱਡ ਕੇ ਗੁਰਬਾਣੀ ਦਾ ਗਾਇਨ ਕਰਦਾ ਹੈ–

*ਭਲੋ ਭਲੋ ਰੇ ਕੀਰਤਨੀਆਂ ਰਾਮ ਰਮਾ ਰਾਮਾ ਗੁਨ ਗਾਉ ॥*
*ਛੋਡਿ ਮਾਇਆ ਕੇ ਧੰਧ ਸੁਆਉ ॥* *(ਗੁਰੂ ਗ੍ਰੰਥ ਸਾਹਿਬ, ਪੰਨਾ 885)*

ਗੁਰੂ ਗ੍ਰੰਥ ਸਾਹਿਬ ਵਿੱਚ ਜਿਤਨੇ ਰਾਗਾਂ ਦਾ ਪ੍ਰਯੋਗ ਹੋਇਆ ਹੈ ਉਹਨਾਂ ਦੀ ਜਾਣਕਾਰੀ ਕੀਰਤਨੀਏ ਨੂੰ ਹੋਣੀ ਚਾਹਦੀ ਹੈ। ਜਿਹੜੀਆਂ ਗਾਇਨ ਸ਼ੈਲੀਆਂ ਕੀਰਤਨ ਕਰਨ ਲਈ ਨਿਸ਼ਚਿਤ ਕੀਤੀਆਂ ਗਈਆਂ ਹਨ ਉਹਨਾਂ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ।

ਇਸ ਤਰ੍ਹਾਂ ਗੁਰਬਾਣੀ ਵਿੱਚ ਕੀਰਤਨ ਅਤੇ ਕੀਰਤਨੀਏ ਬਾਰੇ ਇੱਕ ਵਿਸ਼ੇਸ਼ ਪ੍ਰਕਾਰ ਦਾ ਸੰਕਲਪ ਬਿਆਨ ਕੀਤਾ ਗਿਆ ਹੈ। ਲੋੜ ਹੈ ਇਸ ਸੰਕਲਪ ਦੀ ਲੋਅ ਵਿੱਚ ਕੀਰਤਨ ਅਤੇ ਕੀਰਤਨੀਏ ਦੀ ਸੰਭਾਲ ਕੀਤੀ ਜਾਵੇ।

## ਹਵਾਲੇ

1. ਸਾਰੰਗ ਦੇਵ, ਸੰਗੀਤ *ਰਤਨਾਕਰ (ਭਾਗ 1)* ਪੰਨਾ 7
2. Music is everywhere. No one can do without it. Ancient religious believes maintained that music was not only a pleasure but a cause of many events. It could bring down droughts to harm the crops and rains to give them life. Music comes from the gods, they said.
   Gleb Anfilov, *Physics and Music*, Page 8-9
3. Humayun Kabir, *The Indian Heritage*, Page 126

4. ਹਰਦੁਆਰੀ ਲਾਲ ਸ਼ਰਮਾ, ਸੌਂਦਰਯ *ਸ਼ਾਸਤਰ, ਪੰਨਾ 183*
5. ਉਮਾ ਮਿਸ਼ਰ, ਕਾਵਿ *ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰਨਾ 31*
6. The Man that hath no music in himself, Nor is not moved with concord of Sweet sounds, Is Fit for treasons, strantagems, and spoils; The Motions of his spirit are dull as night; And his effections dark as Erebus. Let no such man be trusted.
Shakespeare, *The Merchant of Venice,* Page 79-80
7. ਹਵਾਲਾ, ਪੰਡਤ ਓਅੰਕਾਰ ਨਾਥ ਠਾਕੁਰ, *ਪ੍ਰਣਵ ਭਾਰਤੀ, ਪੰਨਾ 14*
8. ਪੰਡਤ ਓਅੰਕਾਰ ਨਾਥ ਠਾਕੁਰ, ਪ੍ਰਣਵ *ਭਾਰਤੀ (ਪ੍ਰਥਮ* ਵੀਣਾ), ਪੰਨਾ 6
9. In any out-of the way place man has always sung, played or made thing that whistle, hum or rattle. This has always been vital to him as air; music helped him to work, has added to his joy, and taken the edge off his sorrow, Music has drawn people together, and made them feel and act as one.
Gleb Anfilov, *Physics and Music,* Page 7
10. ਪ੍ਰਣਵ *ਭਾਰਤੀ, ਪੰਨਾ 19*
11. ਸਾਹਿਤ *ਤੇ ਸਿਧਾਂਤ, ਪੰਨਾ 56*
12. ਮਨਮੋਹਨ ਸਹਗਲ, ਗੁਰੂ *ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਕਸ਼ਣ, ਪੰਨਾ 220*
13. ਧਵਨਿ *ਔਰ ਸੰਗੀਤ, ਪੰਨਾ 143*
14. ਭਾਰਤੀਯ *ਕਲਾ ਔਰ ਸੰਸਕ੍ਰਿਤੀ, ਪੰਨਾ 152*
15. ਕਾਵਿ *ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰਨਾ 40*
16. ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ, ਭਾਗ 1, (ਪੰਨਾ ਅ, ੲ,)
17. O.C. Gangoli, *Ragas and Raginis,* Page I.
18. *ਉਸ਼ਾ* ਗੁਪਤ, ਹਿੰਦੀ *ਕੇ ਕ੍ਰਿਸ਼ਨ ਕਾਲੀਨ ਭਗਤੀ ਕਾਵਿਯ ਮੇਂ ਸੰਗੀਤ ਤਤਵ, ਪੰਨਾ 217*
19. *ਮਹੇਸ਼* ਨਰਾਇਣ ਸਕਸੈਨਾ, ਸੰਗੀਤ *ਸ਼ਾਸਤਰ, (ਭਾਗ* ਪਹਿਲਾ) ਪੰਨਾ 20
20. ਬ੍ਰਿਹਸਪਤੀ, ਸੰਗੀਤ *ਚਿੰਤਾਮਣੀ, ਪੰਨਾ 400*
21. ਦਮੋਦਰ ਪੰਡਿਤ, ਸੰਗੀਤ *ਦਰਪਣ, ਪੰਨਾ 104*
22. ਹਵਾਲਾ, ਸੰਗੀਤ *ਪਾਰਿਜਾਤਿ, ਪੰਨਾ 118*
23. ਸਗਤ ਸਿੰਘ, 'ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ, ਨਿਬੰਧ *ਸੰਗੀਤ,* ਪੰਨਾ 446
24. ਦਮੋਦਰ ਪੰਡਿਤ, ਸੰਗੀਤ *ਦਰਪਣ, ਪੰਨਾ 117*
25. ਹਵਾਲਾ, ਸੰਗੀਤ *ਪਾਰਿਜਾਤ, ਪੰਨਾ 101*
26. ਦਮੋਦਰ ਪੰਡਤ, ਸੰਗੀਤ *ਦਰਪਣ, ਪਨਾ 95*
27. ਸਗਤ ਸਿੰਘ, 'ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ, ਨਿਬੰਧ *ਸੰਗੀਤ, ਪੰਨਾ 437*
28. ਸੰਗੀਤ *ਚਿੰਤਾਮਣੀ, ਪੰਨਾ 399*
29. ਭਾਈ ਵੀਰ ਸਿੰਘ, ਸ਼ਬਦ ਦੇ ਭਾਵ ਤੇ ਰਾਗ ਦੀ ਤਾਸੀਰ", ਗੁਰਮਤ *ਸੰਗੀਤ ਪਰ ਹੁਣ ਤੱਕ ਮਿਲੀ ਖੋਜ, (ਭਾਗ* ਪਹਿਲਾ) ਪੰਨਾ 1

# ਸਿੱਖ ਗ੍ਰਹਿਸਤ ਜੀਵਨ ਅਤੇ ਗੁਰਮਤਿ ਸੰਗੀਤ

ਸਿੱਖ ਧਰਮ ਇੱਕ ਸਮਾਜਕ ਧਰਮ ਹੈ। ਇਸ ਵਿੱਚ ਗ੍ਰਹਿਸਤ ਜੀਵਨ ਦੀ ਬਹੁਤ ਮਹੱਤਤਾ ਹੈ। ਅਸਲ ਵਿੱਚ ਗੁਰਬਾਣੀ ਅਨੁਸਾਰ ਤਾਂ ਧਰਮ ਦਾ ਅਰਥ ਗ੍ਰਹਿਸਤ ਵਿੱਚ ਹੀ ਸਪੱਸ਼ਟ ਹੁੰਦਾ ਹੈ। ਕਬੀਰ ਜੀ ਧਰਮ ਅਤੇ ਗ੍ਰਹਿਸਤ ਦਾ ਅੰਤਰ ਸੰਬੰਧ ਨਿਸਚਿਤ ਕਰਦੇ ਹੋਏ ਗੁਰ ਸਿੱਖ ਦੀ ਜੀਵਨ ਸ਼ੈਲੀ ਦਾ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ-

*ਕਬੀਰ ਜਉ ਗ੍ਰਿਹ ਤ ਧਰਮ ਕਰ ਨਾ ਤ ਕਰੁ ਬੈਰਾਗ।।*
*ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗ।*

*(ਸਲੋਕ ਭਗਤ ਕਬੀਰ ਜੀ, ਪੰਨਾ 1377)*

ਭਾਈ ਗੁਰਦਾਸ ਜੀ ਨੇ ਵੀ ਇਸੇ ਪ੍ਰਸੰਗ ਵਿੱਚ ਸਪੱਸ਼ਟ ਕਹਿ ਦਿੱਤਾ ਹੈ ਕਿ ਜੀਵਨ ਜੀਉਣ ਦੀਆਂ ਜੁਗਤਾਂ ਵਿੱਚੋਂ ਗ੍ਰਹਿਸਤ ਜੀਵਨ ਪ੍ਰਧਾਨ ਹੈ।-

*ਗਯਾਨਨ ਮੇ ਗਯਾਨ ਅਰੁ ਧਯਾਨਨ ਮੇ ਧਯਾਨ ਗੁਰੁ,*
*ਸਕਲ ਧਰਮ ਮੇ ਗ੍ਰਿਹਸਤ ਪਰਧਾਨ ਹੈ।।*

ਸਿੱਖ ਧਰਮ ਅਨੁਸਾਰ ਗ੍ਰਹਿਸਤ ਤੇ ਸੰਗੀਤ ਜ਼ਿੰਦਗੀ ਦੀ ਸਾਰਥਿਕਤਾ ਦੇ ਦੋ ਮਹੱਤਵਪੂਰਨ ਪਹਿਲੂ ਹਨ। ਗੁਰੂ ਸਾਹਿਬਾਨ ਨੇ ਸਿੱਖ ਗ੍ਰਹਿਸਤ ਵਿੱਚ ਗੁਰਮਤਿ ਸੰਗੀਤ ਨੂੰ ਇੰਜ ਓਤ-ਪੋਤ ਕਰ ਦਿੱਤਾ ਹੈ ਕਿ ਸਿੱਖ ਇਸ ਤੋਂ ਵੱਖ ਹੋ ਹੀ ਨਹੀਂ ਸਕਦਾ।

ਗੁਰੂ ਸਾਹਿਬ ਨੇ ਲੋਕਾਂ ਦੀ ਮਾਨਸਿਕਤਾ ਅਨੁਸਾਰ ਬਾਣੀ ਦੇ ਕੋਮਲ ਅਤੇ ਸੁਹਜਮਈ ਹਥਿਆਰ ਦਾ ਪ੍ਰਯੋਗ ਕੀਤਾ ਅਤੇ ਲੋਕਾਂ ਦੀਆਂ ਮਾਨਸਿਕ ਬਿਰਤੀਆਂ ਨੂੰ ਬਦਲਣ ਦਾ ਜਤਨ ਆਰੰਭਿਆ। ਉਹਨਾਂ ਨੇ ਵੇਖਿਆ ਕਿ ਲੋਕਾਂ ਦੇ ਮਨ ਕੇਵਲ ਗਲਬਾਤੀ ਉਪਦੇਸ਼ ਦੇਣ ਨਾਲ ਨਹੀਂ ਬਦਲੇ ਜਾ ਸਕਦੇ। ਇਸ ਲਈ ਉਹਨਾਂ ਨੇ ਬਾਣੀ ਦੇ ਨਾਲ-ਨਾਲ ਸੰਗੀਤ ਕਲਾ ਨੂੰ ਵੀ ਸ਼ਾਮਲ ਕਰ ਲਿਆ। ਉਸ ਵੇਲੇ ਲੋਕਾਂ ਵਿੱਚ ਪ੍ਰਚੱਲਤ ਲੋਕ ਸਾਹਿਤ ਅਤੇ ਲੋਕ ਸੰਗੀਤ ਹੀ ਉਹਨਾਂ ਦੇ ਭਾਵਾਂ ਦਾ ਵਿਰੇਚਨ ਕਰਦਾ ਸੀ। ਗੁਰੂ ਸਾਹਿਬ ਨੇ ਉਹਨਾਂ ਦੀਆਂ ਇਹਨਾਂ ਰੁਚੀਆਂ ਦਾ ਪੂਰਾ-ਪੂਰਾ ਲਾਭ ਲਿਆ ਅਤੇ ਉਹਨਾਂ ਅੰਦਰ ਸੁਲਘਦੀ ਲੋਕ ਸੰਗੀਤ ਅਤੇ ਲੋਕ ਕਾਵਿ ਦੀ ਚੰਗਿਆੜੀ ਨੂੰ ਆਪਣੀ ਬਾਣੀ ਦੇ ਕੀਰਤਨ ਨਾਲ ਮਘਾਇਆ ਤੇ ਇਸਦੇ ਚਾਨਣ ਵਿੱਚ ਨਵੀਂ ਚੇਤਨਾ ਨੂੰ ਉਜਾਗਰ ਕੀਤਾ। ਉਹਨਾਂ ਨੇ ਆਪਣੀ ਬਾਣੀ ਲਈ ਜਿਥੇ ਲੋਕ ਬੋਲੀ ਅਤੇ ਲੋਕ ਕਾਵਿ ਰੂਪਾਂ ਦੀ ਵਰਤੋਂ ਕੀਤੀ ਹੈ ਉਥੇ ਲੋਕ ਸੰਗੀਤ ਨੂੰ ਵੀ ਉਸਦੇ ਅੰਗ-ਸੰਗ ਰੱਖਿਆ ਹੈ।

ਸੰਗੀਤ ਕਈ ਪੱਖਾਂ ਤੋਂ ਕਾਵਿ ਕਲਾ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ। ਕਾਵਿ ਦੀ ਮੁੱਖ ਸਮੱਗਰੀ ਭਾਸ਼ਾਗਤ ਸ਼ਬਦ ਹੁੰਦਾ ਹੈ। ਸ਼ਬਦ ਦੀ ਮਜਬੂਰੀ ਹੈ ਕਿ ਇਹ ਉਸ ਸਰੋਤੇ 'ਤੇ ਹੀ ਅਸਰ ਕਰਦਾ ਹੈ ਜਿਹੜਾ ਉਸ ਭਾਸ਼ਾ ਤੋਂ ਜਾਣੂ ਹੋਏ ਪਰ ਸੰਗੀਤ ਵਿੱਚ ਨਾਦ ਤੋਂ ਕੰਮ ਲਿਆ ਜਾਂਦਾ ਹੈ ਜਿਹੜਾ ਮਨੁੱਖਾਂ ਨੂੰ ਹੀ ਨਹੀਂ ਸਗੋਂ ਪਸ਼ੂ-ਪੰਛੀਆਂ ਨੂੰ ਵੀ ਕੀਲ ਲੈਂਦਾ ਹੈ। ਸੰਗੀਤ ਰਤਨਾਕਰ ਵਿੱਚ ਸੰਗੀਤ ਦੀ ਮਹਿਮਾ ਕਰਦਿਆਂ ਦੱਸਿਆ ਹੈ ਕਿ ਪਾਰਵਤੀ ਪਤੀ ਅਤੇ ਦੇਵਤਾ ਗੀਤ ਨਾਲ ਪ੍ਰਸੰਨ ਹੁੰਦੇ ਹਨ। ਅਨੰਤ ਗੋਪੀ-ਪਤੀ ਵੀ ਬੰਸਰੀ ਦੀ ਧੁਨ ਦੇ ਵਸ ਹੋ ਗਏ। ਬ੍ਰਹਮਾ ਸਾਮਗਾਨ ਕਰਦੇ ਹਨ। ਸੁਰਸਤੀ ਵੀਣਾ ਵਿੱਚ ਮਗਨ ਹੈ। ਯਕਸ਼, ਗੰਧਰਬ, ਦੇਵ ਦਾਨਵ ਆਦਿ ਦੀ ਤਾਂ ਗੱਲ ਹੀ ਕੀ ਹੈ, ਵਿਸ਼ੇ ਸਵਾਦਾਂ ਤੋਂ ਕੋਰਾ ਪੰਘੂੜੇ ਵਿੱਚ ਪਿਆ ਰੋਂਦਾ ਹੋਇਆ ਬਾਲ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖੁਸ਼ੀ ਪ੍ਰਾਪਤ ਕਰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਜੰਗਲ ਵਿੱਚ ਘੁੰਮਣ ਵਾਲਾ ਮਿਰਗ ਪਸ਼ੂ ਹੁੰਦਿਆਂ ਵੀ ਸ਼ਿਕਾਰੀ ਦੇ ਸੰਗੀਤ ਵਿੱਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ।

ਪੁਰਾਤਨ ਲੋਕਾਂ ਦਾ ਵਿਸ਼ਵਾਸ ਸੀ ਕਿ ਸੰਗੀਤ ਕੇਵਲ ਖੁਸ਼ੀ ਹੀ ਪ੍ਰਦਾਨ ਨਹੀਂ ਕਰਦਾ ਸਗੋਂ ਇਸ ਵਿੱਚ ਦੇਵੀ ਸ਼ਕਤੀ ਹੈ ਜਿਸ ਕਰਕੇ ਇਹ ਫਸਲਾਂ ਦਾ ਵਾਧਾ ਅਤੇ ਬਰਖਾ ਲਿਆਉਣ ਦਾ ਕਾਰਜ ਵੀ ਕਰਦਾ ਹੈ। ਉਹਨਾਂ ਅਨੁਸਾਰ ਸੰਗੀਤ ਪ੍ਰਮਾਤਮਾ ਦੀ ਦਾਤ ਸੀ।

ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਨਾਦ ਵੱਲ ਖਿੱਚ ਲੈਂਦਾ ਹੈ ਤੇ ਮਨੁੱਖੀ ਮਨ ਸੰਮੋਹਨ ਸ਼ਕਤੀ ਸਦਕਾ ਉਸ ਨਾਦ-ਪ੍ਰਵਾਹ ਦੇ ਨਾਲ ਨਾਲ ਤੁਰੀ ਜਾਂਦਾ ਹੈ ਇਸ ਤਰ੍ਹਾਂ ਮਨੁੱਖ ਆਪਣੇ ਅੰਦਰੂਨੀ ਅਨੰਦ ਵਿੱਚ ਮਗਨ ਹੋਇਆ ਗੋਚਰ ਸੰਸਾਰ ਤੋਂ ਅਤੀਤ ਮੰਡਲਾਂ ਵਿੱਚ ਵਿਚਰਦਾ ਹੈ। ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ। ਸੰਗੀਤ ਅਸਲ ਵਿੱਚ ਮਨੁੱਖ ਦੇ ਹਿਰਦੇ ਦੀ ਭਾਸ਼ਾ ਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵੱਧ ਕੇ ਹੋਰ ਕੋਈ ਸਾਧਨ ਨਹੀਂ ਹੈ। ਜਿਹੜੇ ਮਨੁੱਖ ਸੰਗੀਤ ਨਾਲ ਵੀ ਦ੍ਰਵਿਤ ਨਹੀਂ ਹੁੰਦੇ ਸ਼ੈਕਸਪੀਅਰ ਉਹਨਾਂ ਨੂੰ ਖਤਰਨਾਕ ਦਸਦਾ ਹੈ ਅਤੇ ਕਹਿੰਦਾ ਹੈ ਕਿ ਅਜਿਹੇ ਮਨੁੱਖਾਂ ਤੇ ਵਿਸ਼ਵਾਸ ਨਹੀਂ ਕੀਤਾ ਜਾਣਾ ਚਾਹੀਦਾ।

ਯਗਿਆਵਾਲਕ ਨੇ ਤਾਂ ਸੰਗੀਤ ਨੂੰ ਮੁਕਤੀ ਦਾਤਾ ਮੰਨਿਆ ਹੈ ਉਸ ਅਨੁਸਾਰ, *"ਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ਼ਰੁਤੀ ਅਤੇ ਜਾਤੀਆਂ ਦਾ ਗਿਆਨ ਰੱਖਦਾ ਹੈ, ਜਿਹੜਾ ਤਾਲ ਗਿਆਤਾ ਹੈ ਉਹ ਬਿਨਾਂ ਜਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।"* ਸੰਗੀਤ ਮਨ ਨੂੰ ਭਟਕਣ ਤੋਂ ਬਚਾਉਂਦਾ ਹੈ। ਜਿਸ ਤਰ੍ਹਾਂ ਮੂੰਹ ਵਿੱਚ ਸੱਤੂ ਹੋਣ ਤਾਂ ਹੱਸਣਾ ਅਸੰਭਵ ਹੈ ਓਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ

ਅਸੰਭਵ ਹੈ। ਸੰਗੀਤ ਮਨੁੱਖਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ ਅਤੇ ਉਹਨਾਂ ਵਿੱਚ ਸਮੂਹਕ ਚੇਤਨਾ ਦਾ ਸੰਚਾਰ ਕਰਦਾ ਹੈ।

ਜਦੋਂ ਕਾਵਿ ਨਾਲ ਸੰਗੀਤ ਦਾ ਸੁਮੇਲ ਕੀਤਾ ਜਾਂਦਾ ਹੈ ਤਾਂ ਕਾਵਿ ਦਾ ਅਰਥ ਸਮਝਣ ਸਮਝਾਉਣ ਦੀ ਲੋੜ ਨਹੀਂ ਪੈਂਦੀ ਸਗੋਂ ਭਾਵ ਆਪਣੇ ਆਪ ਹਿਰਦੇ ਵਿੱਚ ਵਸ ਜਾਂਦਾ ਹੈ। ਪੰਡਤ ਓਅੰਕਾਰ ਨਾਥ ਠਾਕੁਰ ਲਿਖਦੇ ਹਨ, "*ਸਾਰੇ ਜਾਣਦੇ ਹਨ ਕਿ ਸੰਗੀਤ ਵਿੱਚ ਸ਼ਬਦ ਦੇ ਅਰਥ ਦਾ ਬੋਧ ਹੋਏ ਬਿਨਾਂ ਹੀ ਭਾਵ ਜਾਂ ਰਸ ਦੀ ਪ੍ਰਤੀਤੀ ਹੋ ਜਾਂਦੀ ਹੈ।*" ਕਵਿਤਾ ਉਪਰ ਸੰਗੀਤ ਦੇ ਪ੍ਰਭਾਵ ਦਾ ਸਮਰਥਨ ਸੰਗੀਤਕਾਰ ਹੀ ਨਹੀਂ ਸਗੋਂ ਸਾਹਿਤਕਾਰ ਵੀ ਕਰਦੇ ਹਨ। ਡਾਕਟਰ ਹਰਿਭਜਨ ਸਿੰਘ ਲਿਖਦੇ ਹਨ, "*ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਗੀਤ ਕਾਵਿ ਰਚਨਾ ਦੇ ਪਰਭਾਵ ਨੂੰ ਤੀਖਣ ਕਰਦਾ ਹੈ।*"

ਸੰਗੀਤ ਵਿੱਚ ਸੁਰ ਪ੍ਰਧਾਨ ਹੈ ਅਤੇ ਕਾਵਿ ਵਿੱਚ ਸ਼ਬਦ, ਪਰ ਸ਼੍ਰੇਸ਼ਟ ਕਾਵਿ ਵਿੱਚ ਗਾਇਨ ਦਾ ਵੀ ਘਟ ਉਪਯੋਗ ਨਹੀਂ। ਸੰਗੀਤ ਭਾਵੇਂ ਸੁਤੰਤਰ ਕਲਾ ਹੈ, ਪਰ ਕਵਿਤਾ ਵਿੱਚ ਉਹ ਸ਼ਬਦ ਨਾਲ ਮਿਲਕੇ ਹੀ ਸਾਰਥਕ ਹੁੰਦੀ ਹੈ। ਪ੍ਰਾਚੀਨ ਵਿਦਵਾਨਾਂ ਨੇ ਗੀਤ, ਨ੍ਰਿਤ ਅਤੇ ਵਾਦਨ ਨੂੰ ਸੰਗੀਤ ਵਿੱਚ ਹੀ ਸ਼ਾਮਲ ਕੀਤਾ ਹੈ ਕਿਉਂਕਿ ਤਿੰਨਾਂ ਦਾ ਮੂਲ ਅਧਾਰ ਗਤੀ ਹੈ। ਇਹੋ ਗਤੀ ਛੰਦ ਪਦਤੀ ਰਾਹੀਂ ਪ੍ਰਗਟ ਹੁੰਦੀ ਹੈ। ਸੰਗੀਤ ਕੇਵਲ ਕਵਿਤਾ ਨੂੰ ਹੀ ਪ੍ਰਭਾਵਸ਼ਾਲੀ ਨਹੀਂ ਬਣਾਉਂਦਾ ਸਗੋਂ ਆਮ ਗੱਲਬਾਤ ਵਿੱਚ ਵੀ ਸੰਗੀਤਕ ਤੱਤਾਂ ਦੇ ਪ੍ਰਯੋਗ ਕਰਕੇ ਉਸਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਲਲਿਤ ਕਿਸ਼ੋਰ ਸਿੰਘ ਲਿਖਦੇ ਹਨ, "*ਅੱਜ ਵੀ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਵਿਚਾਰ ਨੂੰ ਭਾਵ ਭਰਪੂਰ ਕਰਨਾ ਹੁੰਦਾ ਹੈ ਤਾਂ ਵਕਤਾ ਇੱਕ ਸੁਰ ਦੀ ਥਾਂ ਕਈ ਸੁਰਾਂ ਦੀ ਅਰੋਹੀ-ਅਵਰੋਹੀ ਜਾਂ ਲੈਅ ਤੋਂ ਕੰਮ ਲੈਂਦਾ ਹੈ ਅਰਥਾਤ ਸਾਰਥਕ ਵਾਕਾਂ ਵਿੱਚ ਸੰਗੀਤ ਦਾ ਪੁੱਟ ਪਾਉਂਦਾ ਹੈ।*" ਇਸ ਤਰ੍ਹਾਂ ਸੰਗੀਤ ਤੇ ਭਾਸ਼ਾ ਦੋਵੇਂ ਅੰਤਰ ਸੰਬੰਧਤ ਸਾਬਤ ਹੁੰਦੇ ਹਨ। ਇਸ ਬਾਰੇ ਭਗਵਤ ਸ਼ਰਨ ਉਪਾਧਿਆਇ ਦਾ ਇਹ ਕਥਨ ਵੀ ਵਰਣਨਯੋਗ ਹੈ, "*ਸੰਗੀਤ ਅਤੇ ਸਾਹਿਤ ਵਿੱਚ ਗੂੜਾ ਸੰਬੰਧ ਹੈ। ਸਾਹਿਤ ਸੰਗੀਤ ਨੂੰ ਬੋਲੀ ਦਿੰਦਾ ਹੈ। ਸੰਗੀਤ ਉਸ ਨੂੰ ਆਪਣੀ ਲੈਅ ਤੇ ਤਰੰਗਤ ਕਰਕੇ ਉਸਨੂੰ ਅਸੀਮ ਕਰ ਦਿੰਦਾ ਹੈ।*" ਇਸੇ ਲਈ ਡਾ. ਉਮਾ ਮਿਸ਼ਰ ਨੇ ਕਿਹਾ ਹੈ, "*ਕਵਿਤਾ ਜਦੋਂ ਤੱਕ ਗਾਈ ਨਹੀਂ ਜਾਂਦੀ ਉਦੋਂ ਤੱਕ ਉਹ ਆਪਣਾ ਪੂਰਾ ਪ੍ਰਭਾਵ ਨਹੀਂ ਪਾ ਸਕਦੀ ਅਤੇ ਸੰਗੀਤ ਵੀ ਜਦੋਂ ਤੱਕ ਗੀਤ ਦਾ ਸੰਗ ਨਹੀਂ ਮਾਣਦਾ ਉਦੋਂ ਤੱਕ ਪੂਰੀ ਤਰ੍ਹਾਂ ਪ੍ਰਭਾਵ ਪੈਦਾ ਕਰਨ ਦੇ ਕਾਬਲ ਨਹੀਂ ਹੋ ਸਕਦਾ।*"

ਜਿਸ ਸੰਗੀਤ ਕਲਾ ਵਿੱਚ ਇਤਨੀ ਸ਼ਕਤੀ ਹੈ ਕੁਦਰਤੀ ਸੀ ਕਿ ਗੁਰੂ ਨਾਨਕ ਦੇਵ ਜੀ ਇਸ ਦਾ ਉਪਯੋਗ ਕਰਦੇ। ਸੋ ਉਹਨਾਂ ਨੇ ਆਪਣੀ ਕਾਵਿ ਬਾਣੀ ਨੂੰ ਸੰਗੀਤ ਨਾਲ ਸੰਬੰਧਤ ਕਰਕੇ ਗਾਇਆ ਤੇ ਜੋ ਉਸਦਾ ਜੋ ਅਸਰ ਹੋਇਆ ਉਸ ਸੰਬਧੀ ਭਾਈ ਵੀਰ ਸਿੰਘ ਜੀ ਦਾ ਕਥਨ ਹੈ, "*ਜਦੋਂ ਸੁਣਨ ਵਾਲਿਆਂ ਦੇ ਮਨ ਨਾ ਪੰਘਰੇ ਯਾ ਬਹੁਤ ਪਥਰਾਈ ਕਾਰਨ ਜ਼ੋਰ ਲਾਉਂਦਿਆਂ ਬੀ ਪੰਘਰਨੋ ਅੜ ਪਲੋਤੇ ਤਾਂ ਰੰਗ ਰਤੜੇ ਦਾਤਾ*

*ਗੁਰੂ ਜੀ ਨੇ ਆਪਣੇ ਅੰਦਰ ਦੀਆਂ ਡੂੰਘਾਈਆ ਵਿੱਚ ਗੋਤਾ ਲਾਇਆ ਅਤੇ ਰਤਨਾਂ ਜਵਾਹਰਾਂ ਮੋਤੀਆਂ ਨਾਲ ਡੁੱਲ੍ਹ-ਡੁੱਲ੍ਹ ਪੈਂਦੇ ਅਰਸ਼ੀ ਸੁੰਦਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇਜ਼ ਨਾਲ ਚਮਕਦੇ ਬਾਹਰ ਨਿਕਲੇ। ਤੇਜ ਦਾ ਅਸਰ ਚੁਫੇਰੇ ਪਾਇਆ ਤੇ ਸੰਗੀਤਕ ਲਹਿਰ ਵਿੱਚ ਆ ਕੇ ਉਹਨਾਂ ਦੇ ਇਲਾਹੀ ਗਲੇ ਤੋਂ ਛਿੜ ਪਿਆ ਇਲਾਹੀ ਨਾਦ। ਉਸ ਤੇਜ ਨਾਲ ਉਸ ਸੰਗੀਤ ਲਹਿਰਾਉਂਦੀ ਛੁਹ ਨਾਲ ਉਹ ਪੰਘਰੇ ਮਨ ਦ੍ਰਵ ਕੇ ਵਹਿ ਕੇ ਤੁਰੇ ਤੇ ਵਹਿ ਜਾ ਕੇ ਮਿਲੇ :*

*ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ॥"*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭੪)*

ਐਸੇ ਚਮਤਕਾਰੀ ਕੀਰਤਨ ਨੂੰ ਗੁਰੂ ਸਾਹਿਬ ਨੇ ਹਰ ਇੱਕ ਘਰ ਦੇ ਰੋਜਾਨਾ ਦੇ ਜੀਵਨ ਵਿੱਚ ਸ਼ਾਮਲ ਕਰ ਦਿੱਤਾ। ਇਸੇ ਲਈ ਭਾਈ ਗੁਰਦਾਸ ਜੀ ਨੇ ਉਚਾਰਿਆ-

*ਘਰਿ ਘਰਿ ਅੰਦਰਿ ਧਰਮਸਾਲ*
*ਹੋਵੈ ਕੀਰਤਨੁ ਸਦਾ ਵਿਸੋਆ। (ਵਾਰ 1, ਪਉੜੀ 26/6)*

ਗੁਰਮਤਿ ਵਿੱਚ ਗ੍ਰਿਹਸਤੀ ਦਾ ਗੁਰਦੁਆਰੇ ਜਾ ਕੇ ਸਤਸੰਗ ਕਰਨਾ ਜ਼ਰੂਰੀ ਦੱਸਿਆ ਹੈ। ਭਾਈ ਗੁਰਦਾਸ ਜੀ ਇਸੇ ਕਰਕੇ ਗੁਰਦੁਆਰੇ ਅਰਥਾਤ ਧਰਮਸਾਲ ਅਤੇ ਗੁਰਸਿੱਖ ਦੀ ਮਹਿਮਾ ਕਰਦੇ ਲਿਖਦੇ ਹਨ-

***ਧਰਮਸਾਲ ਹੈ ਮਾਨਸਰੁ, ਹੰਸ ਗੁਰਸਿਖ ਵਾਹੁ।***
***ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ। (ਵਾਰ 9, ਪਉੜੀ 14)***

ਗ੍ਰਹਿਸਥੀ ਗੁਰਸਿੱਖ ਲਈ ਕੀਰਤਨ ਵੀ ਇੱਕ ਆਹਰ ਹੈ। ਜਿਵੇਂ ਭੋਜਨ ਪਦਾਰਥ ਸਰੀਰ ਲਈ ਖੁਰਾਕ ਹਨ ਇਸੇ ਤਰ੍ਹਾਂ ਕੀਰਤਨ ਵੀ ਰੂਹ ਲਈ ਅਮੁਲੀ ਖੁਰਾਕ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਦੇ ਰੋਜ਼ਾਨਾ ਜੀਵਨ ਵਿੱਚ ਗੁਰਬਾਣੀ ਗਾਇਨ ਨੂੰ ਇੱਕ ਨਿਤਨੇਮ ਵਜੋਂ ਸ਼ਾਮਲ ਕੀਤਾ ਹੈ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*

--------

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮ ਧਿਆਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦੫)*

ਗੁਰਬਾਣੀ ਅਨੁਸਾਰ ਉਸ ਦੇ ਘਰ ਵਿੱਚ ਖੁਸ਼ੀ ਦਾ ਵਾਸ ਹੁੰਦਾ ਹੈ ਜਿਸ ਦੇ ਘਰ ਵਿੱਚ ਕੀਰਤਨ ਹੁੰਦਾ ਹੈ-

*ਗ੍ਰਿਹਿ ਤਾ ਕੇ ਬਸੰਤੁ ਗਨੀ॥*
*ਜਾ ਕੇ ਕੀਰਤਨੁ ਹਰਿ ਧੁਨੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੦)*

ਅਤੇ ਗੁਰੂ ਸਾਹਿਬ ਉਸ ਗ੍ਰਹਿਸਤੀ ਨੂੰ ਨਿਰਬਾਨ ਪਦ ਦਾ ਧਾਰਨੀ ਦਸਦੇ ਹਨ ਜਿਸ ਦੇ ਘਰ ਵਿੱਚ ਕੀਰਤਨ ਹੁੰਦਾ ਹੈ–

*ਅਨਦਿਨ ਕੀਰਤਨੁ ਕੇਵਲ ਬਖਾਨੁ ।।*

*ਗ੍ਰਿਹਸਤ ਮਹਿ ਸੋਈ ਨਿਰਬਾਨ ।।* *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 281)*

ਗੁਰਮਤਿ ਸਾਹਿਤ ਵਿੱਚ ਗੁਰੂ ਸਾਹਬਿਾਨ ਵੱਲੋਂ ਗ੍ਰਹਿਸਤ ਜੀਵਨ ਵਿੱਚ ਕੀਰਤਨ ਦੀ ਮਹੱਤਤਾ ਦਰਸਾਉਣ ਲਈ ਅਨੇਕਾਂ ਹਵਾਲੇ ਪ੍ਰਾਪਤ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਜਦੋਂ ਸੁਲਤਾਨਪੁਰ ਮੋਦੀ ਖਾਨੇ ਵਿੱਚ ਨੌਕਰੀ ਕਰਦੇ ਸਨ ਤਾਂ ਉਹ ਸਵੇਰ ਸ਼ਾਮ ਕੀਰਤਨ ਜ਼ਰੂਰ ਕਰਦੇ ਸਨ। ਵਲਾਇਤ ਵਾਲੀ ਜਨਮ ਸਾਖੀ ਅਨੁਸਾਰ–*ਜੋ ਕਿਛੁ ਅਲੂਫਾ ਗੁਰੂ ਜੋਗ ਮਿਲੇ ਸੋ ਖਾਵੈ, ਹੋਰ ਪਰਮੇਸਰ ਦੇ ਅਰਥ ਦੇਵੇ ਅਤੇ ਨਿਤਾ ਪ੍ਰਤੀ ਰਾਤ ਕਉ ਕੀਰਤਨ ਹੋਵੈ।*

ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਵੀ ਰਾਤ ਦਿਨ ਕੀਰਤਨ ਕਰਨ ਦਾ ਜ਼ਿਕਰ ਹੋਇਆ ਹੈ–

*ਆਪ ਬਾਬਾ ਨਾਨਕੁ ਜੀ ਰਾਤਿ ਕੈ ਸਮੇ ਕੀਰਤਨ ਕਰੈ– ਕਰਾਇ ਅਰੁ ਪਿਛਲੀ ਰਾਤਿ ਨਾਵਣਿ ਜਾਇ। ਨਾਇ ਕਰਿ ਕਰਿ ਆਇ ਉਪਰਿ ਸਿਮਰਨੁ ਕੀਰਤਨੁ ਕਰੈ।*

ਕੀਰਤਨ ਗੁਰੂ ਨਾਨਕ ਦੇਵ ਜੀ ਦਾ ਨਿਤ ਨੇਮ ਅਤੇ ਜੀਵਨ ਦਾ ਅਟੁੱਟ ਅੰਗ ਸੀ ਉਹ ਕੀਰਤਨ ਤੋਂ ਬਿਨਾਂ ਰੋਟੀ ਵੀ ਨਹੀਂ ਖਾਂਦੇ। ਜਨਮ ਸਾਖੀ ਵਿੱਚ ਇੱਕ ਰਾਤ ਦਾ ਜ਼ਿਕਰ ਕਰਦਿਆਂ ਬੜਾ ਵਧੀਆ ਲਿਖਿਆ ਹੈ–

*ਤਬ ਰਸੋਈਏ ਕਹਿਆ ਜਿ, ਬਾਬਾ ਨਾਨਕੁ ਜੀ। ਰਸੋਈ ਬਡੀ ਬੇਰ ਕੀ ਹੋਈ ਪੜੀ ਹੈ, ਤੂ ਉਠਿ ਕਪੜੇ ਉਤਾਰਹੁ, ਪਰਸਾਦੁ ਲੇਹੁ। ਤਬ ਗੁਰੂ ਬਾਬੇ ਨਾਨਕ ਕਹਿਆ ਜੇ, ਸੁਆਮੀ ਜੀ! ਪਰਸਾਦੁ ਤਉ ਜੇਮੀਐਗਾ, ਪਣੁ ਕੀਰਤਨੁ ਨਾਹੀ ਕੀਤਾ। ਕਹੈ ਜੀ, ਸਵੇਰੇ ਆਈ ਦਾ ਤਾਂ ਜੇਵਿ ਕਰਿ, ਸਵੇਰੇ ਐਤੁ ਵਖਤਿ ਕੀਰਤਨ ਕਰਿ ਸਵੀਦਾ, ਹੁਣੁ ਜੇਵਿ ਕਰਿ ਸੰਵਿ ਰਹੀਐ। ਤਬਿ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਗੈਰ ਸਾਲ ਗਲ ਆਖੀਆ, ਸੰਵੀਐ ਕਿਉ ਕਰਿ ? ਜੇਵਿ ਕਰਿ ਕੀਰਤਨੁ ਕਰੀਐ।*

ਗੁਰੂ ਨਾਨਕ ਦੇਵ ਜੀ ਨੇ ਕੀਰਤਨ ਕਰਨ ਦੀ ਇਹ ਰੀਤ ਸਦਾ ਕਾਇਮ ਰੱਖੀ ਉਦਾਸੀਆਂ ਤੋਂ ਬਾਅਦ ਜਦੋਂ ਕਰਤਾਰਪੁਰ ਵਸਾਇਆ ਤਾਂ ਉਥੇ ਵੀ ਸਵੇਰ ਸ਼ਾਮ ਕੀਰਤਨ ਹੁੰਦਾ ਸੀ। ਗਿਆਨ ਰਤਨਾਵਲੀ ਵਿੱਚ ਲਿਖਿਆ ਹੈ–

*ਕਰਤਾਰਪੁਰ ਵਿੱਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਉਪਰੰਤ ਕੀਰਤਨ ਹੋਵੇ, ਫੇਰ ਆਰਤੀ ਪੜ੍ਹੀਏ, ਤੀਸਰੇ ਪਹਿਰ ਕੀਰਤਨ ਕਰੀਏ, ਸਧਿਆ ਨੂੰ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਵੀਏ ਅਤੇ ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਫੇਰ ਪਿਛਲੀ ਰਾਤ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ। (ਗੁਰਮਤ ਮਾਰਤੰਡ, ਪੰਨਾ 641)*

ਗੁਰੂ ਸਾਹਿਬ ਦੇ ਦੋ ਗ੍ਰਹਿਸਤੀ ਸਿੱਖਾਂ ਨਾਲ ਕੀਰਤਨ ਸਬੰਧੀ ਕੀਤੀ ਚਰਚਾ ਮਿਲਦੀ ਹੈ-ਸਿੱਖਾਂ ਦੀ ਭਗਤਮਾਲਾ ਵਿਚ 'ਮਾਲੋ ਅਤੇ ਮਾਂਗਾ' ਦੋ ਸਿੱਖਾਂ ਦੀ ਸਾਖੀ ਵਿਚ ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ ਫਲ ਦੀ ਮਹਿਮਾਂ ਨੂੰ ਬੜੇ ਸੁੰਦਰ ਦ੍ਰਿਸ਼ਟਾਂਤਾਂ ਨਾਲ ਵਾਰਤਲਾਪ ਰੂਪ ਵਿਚ ਇਉਂ ਦਰਸਾਇਆ ਗਿਆ ਹੈ:

*'ਤੁਸਾਂ ਬਚਨ ਕੀਤਾ ਹੈ ਜੇ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫਲੁ ਵਡਾ ਹੈ, ਏਹ ਅਸਾਡੇ ਸਮਝ ਵਿਚ ਕੈਸੇ ਆਵੇ? ਬਚਨ ਹੋਇਆ ਜੋ ਲਕੜਹਾਰੇ ਲੱਕੜੀਆਂ ਲਿਆਂਦੇ ਹੈਨਿ ਤੇ ਪਾਂਡੀ ਪੰਡਾਂ ਲਿਆਵਦੇ ਹੈਨ, ਸੋ ਮਜੂਰੀ ਵੱਡੀ ਕਰਦੇ ਹੈਨਿ ਤੇ ਨਫਾ ਥੋੜ੍ਹਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਓਨ੍ਹਾਂ ਥੀਂ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ ਤੇ ਰੂਪਯਾਂ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਨ੍ਹਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿੱਖਦਾ ਹੈ। ਤੈਸੇ ਹੋਰ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ, ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਕਥਾ ਕੀਰਤਨ ਦੇ ਪੜ੍ਹਨ ਸੁਣਨ ਕਰ ਪ੍ਰਿਥਮੈ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿੱਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ ਤਾਂ ਏਹੁ ਬਚਨੁ ਸੁਣਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁੱਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੈ ਸੁਣੈ, ਤੇ ਦੋਨੋ ਮਿਲ ਕੇ ਫੇਰ ਕੀਰਤਨ ਕਰਨਿ, ਤਾਂ ਓਨ੍ਹਾਂ ਦੀ ਰਸਨਾ ਥੀਂ ਐਸਾ ਸਭ ਸਿੱਖਾਂ ਨੂੰ ਰਸ ਆਵੈ ਕਿ ਜੋ ਕੋਈ ਸੁਣੇ, ਸਭ ਪਾਪਾਂ ਦਾ ਤਿਆਗੁ ਕਰਨਿ।*

ਸਿੱਖ ਸਮਾਜ ਦੀਆਂ ਲਗਭਗ ਸਾਰੀਆਂ ਰਸਮਾਂ ਰੀਤਾਂ ਵਿੱਚ ਕੀਰਤਨ ਦੀ ਮੁੱਖ ਭੂਮਿਕਾ ਹੁੰਦੀ ਹੈ। ਜਦੋਂ ਸਿੱਖ ਦੇ ਘਰ ਬੱਚਾ ਜਨਮ ਲੈਂਦਾ ਹੈ ਸਿੱਖ ਆਪਣੇ ਬੱਚੇ ਦੇ ਨਾਮ ਕਰਨ ਲਈ ਗੁਰੂ ਦੀ ਓਟ ਲੈਂਦਾ ਹੈ। ਆਮ ਤੌਰ ਤੇ ਘਰ ਵਿੱਚ ਖੁਸ਼ੀ ਮਨਾਈ ਜਾਂਦੀ ਹੈ ਤੇ ਸਮਾਗਮ ਕੀਤਾ ਜਾਂਦਾ ਹੈ। ਇਸ ਸਮਾਗਮ ਵਿੱਚ ਕੀਰਤਨ ਜ਼ਰੂਰ ਹੁੰਦਾ ਹੈ। ਕੀਰਤਨੀਏ ਕੀਰਤਨ ਕਰਦੇ ਹਨ। ਸਿਆਣੇ ਕੀਰਤਨੀਏ ਰਾਗ ਆਸਾ ਦਾ ਇਹ ਸ਼ਬਦ ਗਾਇਨ ਕਰਦੇ ਹਨ-

*ਸਤਿਗੁਰ ਸਾਚੈ ਦੀਆ ਭੇਜਿ।*
*ਚਿਰੁ ਜੀਵਨੁ ਉਪਜਿਆ ਸੰਜੋਗਿ।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 396)*

ਰਾਗ ਗੂਜਰੀ ਵਿੱਚ ਹੇਠ ਲਿਖਿਆ ਸ਼ਬਦ ਵੀ ਗਾਇਨ ਕੀਤਾ ਜਾਂਦਾ ਹੈ-

**ਪੂਤਾ ਮਾਤਾ ਕੀ ਆਸੀਸ ।।**
**ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਉ ਜਗਦੀਸ।**

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 496)*

ਬੱਚਾ ਜਵਾਨ ਹੁੰਦਾ ਹੈ। ਉਸ ਦੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ। ਉਸ ਦੀ ਕੁੜਮਾਈ ਕੀਤੀ ਜਾਂਦੀ ਹੈ। ਸਮਾਗਮ ਹੁੰਦਾ ਹੈ ਕੀਰਤਨੀਏ ਹੋਰ ਸ਼ਬਦਾਂ ਦੇ ਨਾਲ ਨਾਲ ਇਹ ਸ਼ਬਦ ਵੀ ਗਾਇਨ ਕਰਦੇ ਹਨ–

ਸਤੁ ਸੰਤੋਖੁ ਕਰਿ ਭਾਉ
ਕੁੜਮੁ ਕੁੜਮਾਈ ਆਇਆ ਬਲਿਰਾਮ ਜੀਉ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 773)*

ਵਿਆਹ ਦੀ ਰਸਮ ਤਾਂ ਗੁਰਮਤਿ ਸੰਗੀਤ ਤੋਂ ਬਿਨਾ ਸੋਚੀ ਵੀ ਨਹੀਂ ਜਾ ਸਕਦੀ। ਇਸ ਸਮੇਂ ਜਦੋਂ ਬਰਾਤ ਦਾ ਢੁਕਾਉ ਹੁੰਦਾ ਹੈ ਤਾਂ ਮਿਲਣੀ ਵੇਲੇ ਹੇਠ ਲਿਖਿਆ ਛੰਤ ਗਾਇਆ ਜਾਂਦਾ ਹੈ–

ਹਮ ਘਰਿ ਸਾਜਨ ਆਏ। ਸਾਚੈ ਮੇਲਿ ਮਿਲਾਏ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 764)*

ਪਲਾ ਫੜਾਉਣ ਵੇਲੇ।

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ
ਛੋੜਿਆ ਹਭੁ ਕਿਛੁ ਤਿਆਗੀ।।
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 963)*

ਜਨਮ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਆਪਣੇ ਵਿਆਹ ਸਮੇਂ ਕਿਵੇਂ ਆਪ ਇਹਨਾਂ ਛੰਦਾਂ ਦਾ ਕੀਰਤਨ ਕਰਦੇ ਹਨ ਇਹ ਪ੍ਰਸੰਗ ਬੜੇ ਭਾਵ ਪੂਰਤ ਢੰਗ ਨਾਲ ਬਿਆਨ ਕੀਤਾ ਹੈ–

ਤਬ ਉਨਹੁ ਇਸਤ੍ਰੀਅਹ ਜਿ ਭਲੇ ਘਰਿ ਮਹਿ ਮਿਲਿ ਕਰਿ ਸੋਹਿਲੇ ਗਾਏ। ਤਬ ਗੁਰੂ ਬਾਬਾ ਨਾਨਕ ਉਹਨਾ ਕਾ ਰਾਗੁ ਸੁਨਿ ਕਰਿ ਖੁਸੀ ਭੈਆ ਜਿ, ਭਾਈ ਏ ਇਸਤ੍ਰੀਆਂ ਖੁਸੀ ਹੋਇ ਹੋਇ ਮਾਨੁਖ ਕੇ ਸੋਹਿਲੇ ਕਿਉ ਗਾਵਦੀਆਂ ਹੈਨਿ, ਮੈ ਆਪਨੇ ਲਾਲਨ ਕੇ ਸੋਹਿਲੇ ਕਿਉ ਨਾਹੀ ਗਾਵਤਾ, ਜਿਸ ਸਿਉ ਮੇਰੀ ਪ੍ਰੀਤ ਹੈ, ਤਬ ਗੁਰੂ ਨਾਨਕੁ ਜੀ ਪ੍ਰੇਮ ਕੇ ਸਾਥਿ ਬਾਨੀ ਸੋਲਿ ਉਠਾ ਸੂਹੀ ਰਾਗ ਮਹਿ ਸਿਫਤੀ ਛੰਤ, ਜਿ –

ਹਮ ਘਰ ਸਾਜਨ ਆਏ।
ਸਾਚੇ ਮੇਲ ਮਿਲਾਏ। (ਸੂਹੀ ਛੰਤ ਮਹਲਾ, ਪੰਨਾ 764)
ਤਬ ਇਸਤਰੀਅਹੁ ਤਣੀ ਛੁਹਾਈ।
ਆਪਣਾ ਅਚਾਰ ਕੀਆ।
ਤਬ ਸੂਹੀ ਰਾਗ ਮਹਿ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਾ–
ਆਵਹੁ ਸਜਣਾ ਹਉ ਦੇਖਾ ਦਰਸਨ ਤੇਰਾ ਰਾਮ।।

(ਸੂਹੀ ਛੰਤ ਮਹਲਾ, ਪੰਨਾ 764)

ਤਬ ਗੁਰੂ ਬਾਬੇ ਰਾਤਿ ਕੈ ਸਮਉ ਏਹੁ ਸਬਦੁ ਕੀਆ। ਅਰ ਇਸਨਾਨ ਕਰਿ ਕਰਿ ਪ੍ਰਾਤ ਸਮਉ ਜਨੇਤ ਮਹਿ ਆਇ ਬੈਠਾ । ਅਲਾਪ ਕਰਿ ਰਾਗੁ ਮੰਦਰੀ ਬਿਲਾਵਲੁ ਅਰੁ ਪੀਛੈ ਤੇ ਅਲਾਪਿ ਕਰਿ ਰਬਾਬੀ ਜਾਜਕ ਕੀਰਤਨੁ ਗਾਵਹਿ ਅਰ ਗੁਰੂ ਬਾਬਾ ਨਾਨਕ ਜੀ ਗਾਵੈ। ਪਰ ਜਿਨਹੁ ਗੁਰੂ ਬਾਬਾ ਨਾਨਕ ਜੀ ਗਾਵਤਾ ਸੁਣਿਆ ਤੇ ਸਦੇਹਹ ਪਰਮਗਤਿ ਗਏ। ਜਿਨੁ ਸੁਣਿਆ ਦੇਖਿਆ, ਜਿਨੁ ਗੁਰੂ ਬਾਬੇ ਕਾ ਸਬਦੁ ਬਿਰਾਨੇ ਮੁਖਿ ਤੇ ਸੁਣਿਆ ਤੇ ਭੀ ਮੁਕਤੇ ਭਏ।

ਰਾਗ ਸੂਹੀ ਵਿੱਚ ਦਰਜ ਲਾਵਾਂ ਦਾ ਗਾਇਨ ਅਤੇ ਉਪਰੰਤ ਰਾਮਕਲੀ ਰਾਗ ਵਿੱਚ ਦਰਜ ਆਨੰਦ ਸਾਹਿਬ ਦਾ ਕੀਰਤਨ ਹੁੰਦਾ ਹੈ। ਗੁਰੂ ਅਮਰ ਦਾਸ ਜੀ ਦੇ ਪੋਤਰੇ ਅਰਥਾਤ ਮੋਹਰੀ ਜੀ ਦੇ ਪੁੱਤਰ ਅਨੰਦ ਦੇ ਜਨਮ ਸਮੇਂ ਗੁਰੂ ਅਮਦਾਸ ਜੀ ਨੇ ਅਨੰਦ ਬਾਣੀ ਦੀ ਰਚਨਾ ਕੀਤੀ ਅਤੇ ਇਸ ਬਾਣੀ ਨੂੰ ਉੱਚੀ-ਉੱਚੀ ਗਾਉਣ ਦੇ ਆਦੇਸ਼ ਦਿੱਤੇ। ਮਹਿਮਾ ਪ੍ਰਕਾਸ਼ ਵਿੱਚ ਇਸ ਪ੍ਰਸੰਗ ਨੂੰ ਵਿਸਥਾਰ ਸਹਿਤ ਲਿਖਿਆ ਹੈ। ਅਨੰਦ ਬਾਣੀ ਦੇ ਗਾਇਨ ਕਰਨ ਬਾਰੇ ਆਦੇਸ਼ ਇਸ ਪ੍ਰਕਾਰ ਹਨ;-

ਦੇ ਮਾਤਾ ਕੋ ਬਲੂ ਆਇਆ।
ਸਤਗੁਰ ਤਿਸ ਯਹ ਬਚਨ ਸੁਨਾਇਆ।
ਯਹ ਅਨੰਦ ਬਾਨੀ ਮੈ ਕੀਆ।
ਮੰਗਲ ਮੂਲ ਵਾਕ ਪ੍ਰਗਟੀਆ।
ਤੁਮ ਕੋਠੇ ਪਰ ਚੜ ਗਾਵੋ ਤਾਹਿ।
ਅਰੁ ਲੇ ਢੋਲਕ ਸੰਗ ਬਜਾਇ।
ਜੇ ਕੋਈ ਅਬ ਯਹ ਧੁਨ ਸੁਨੇ।
ਹੋਇ ਪਾਰੰਗਤ ਕਿਲਬਿਖ ਹਨੇ।
ਦੋਹਰਾ- ਸਭ ਕਾਰਜ ਯਾ ਤੇ ਸਿਧ ਹੋਇ ਜੋ ਪੜੇ ਕਰ ਪ੍ਰੇਮ ਪ੍ਰਤੀਤ।
ਮੰਗਲ-ਮੂਲ ਬਾਨੀ ਬਨੀ ਸੁਖ-ਦਾਇਕ ਭਗਤ ਬਿਨੀਤ।

ਚੋਪਈ- ਬਲੂ ਚੜ ਕੋਠੇ ਪਰ ਗਾਇਆ।
ਢੋਲਕ ਬਜਾਇ ਸੰਗ ਸਬਦ ਸੁਹਾਇਆ।
ਤਿਸ ਸਮੇ ਸੁਨਾ ਜਿਨ ਆਨੰਦ ਬਾਣੀ।
ਪਾਇ ਭਗਤਿ ਤਿਨ ਪਦ ਨਿਰਬਾਣੀ।।

ਇਸੇ ਦੇ ਨਾਲ ਨਾਲ **ਵਿਆਹ ਹੋਆ ਮੇਰੇ ਬਾਬੁਲਾ ਗੁਰਮਖੇ ਹਰਿ ਪਾਇਆ।** ਅਤੇ **ਪੂਰੀ ਆਸਾ ਜੀ ਮਨਸਾ ਮੇਰੇ ਰਾਮ।** ਸ਼ਬਦਾਂ ਦਾ ਗਾਇਨ ਹੁੰਦਾ ਹੈ।

ਜਦੋਂ ਪ੍ਰਾਣੀ ਅਕਾਲ ਚਲਾਣਾ ਕਰਦਾ ਹੈ। ਵੈਰਾਗ ਮਈ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ।

ਰਾਮਕਲੀ ਸਦ ਵਿੱਚ ਗੁਰੂ ਅਮਰ ਦਾਸ ਜੀ ਦਾ ਬਚਨ ਹੈ-

ਅੰਤੇ ਸਤਿਗੁਰੁ ਬੋਲਿਆ
ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 923)*

ਭਾਈ ਕਾਹਨ ਸਿੰਘ ਨਾਭਾ ਅਕਾਲ ਚਲਾਣੇ ਦੀ ਮਰਯਾਦਾ ਬਿਆਨ ਕਰਦਿਆਂ ਲਿਖਦੇ ਹਨ–

ਮ੍ਰਿਤ ਸ਼ਰੀਰ ਨੂੰ ਸਨਾਨ ਕਰਾ ਕੇ ਨਿਰਮਲ ਵਸਤ੍ਰਾਂ ਨਾਲ ਢੱਕ ਕੇ ਤਖਤੇ, ਸੰਦੂਕ ਆਦਿ ਵਿੱਚ ਰੱਖ ਕੇ ਕੰਧਿਆਂ ਜਾਂ ਗੱਡੀ ਆਦਿ ਤੇ ਸੰਸਕਾਰ ਦੇ ਥਾਂ ਲੈ ਜਾਇਆ ਜਾਵੇ ਰਾਗੀ ਅਥਵਾ ਪ੍ਰੇਮੀ ਸਿੱਖ ਮਿਲ ਕੇ ਵੈਰਾਗ- ਮਈ ਸ਼ਬਦਾਂ ਦਾ ਕੀਰਤਨ ਕਰਨ--। (ਗੁਰਮਤ ਮਾਰਤੰਡ ਪੰਨਾ 467)

ਰਹਿਤਨਾਮਾ ਭਾਈ ਚੌਂਪਾ ਸਿੰਘ ਵਿੱਚ ਲਿਖਿਆ ਹੈ ਪ੍ਰਾਣੀ ਕਾ ਸਰੀਰ ਅੰਤ ਹੋਵੇ ਤਾਂ ਕੀਰਤਨ ਕਰਾਵੇ---। (ਗੁਰਮਤ ਮਾਰਤੰਡ ਪੰਨਾ 478)

ਗੁਰ ਬਿਲਾਸ ਪਾਤਸ਼ਾਹੀ 10 ਦੇ ਅਧਿਆਇ 29) ਵਿੱਚ ਗੁਰੂ ਸਾਹਿਬ ਦੇ ਮੁਖ ਤੋਂ ਉਚਾਰਨ ਕਰਵਾਇਆ ਗਿਆ ਹੈ–

ਸਵਾਂਗ ਸਵਾਰੀ ਕਾ ਪ੍ਰਭ ਧਾਰਯੋ।
ਸਭ ਖਾਲਿਸ ਕੋ ਵਚਨ ਉਚਾਰਯੋ।
ਜਯੋ ਥਾ ਹੁਕਮ ਤਿਵੇਂ ਸਾ ਹੋਨਾ।
ਹਮ ਕੋ ਸ਼ਾਦੀ ਕਿਸੂ ਨ ਰੋਨਾ।
ਜੋ ਹਮ ਕੋ ਰੋਵੈਗਾ ਕੋਈ।
ਈਤ ਊਤ ਕੋ ਦੁਖ ਹੋਈ।
ਕੀਰਤਨ ਕਥਾ ਸੁ ਗਾਵਹੁ ਬਾਨੀ।
ਇਹੈ ਮੋਹ ਸਿਖੱਯਾ ਸੁਨ ਕਾਨੀ। (ਗੁਰਮਤ ਮਾਰਤੰਡ ਪੰਨਾ 479)

ਗੁਰ ਪ੍ਰਤਾਪ ਸੂਰਜ ਰੁਤ 3, ਅਧਿਆਇ 40 ਵਿੱਚ ਲਿਖਿਆ ਹੈ–

ਮਰੇ ਸਿੱਖ ਤੇ ਕਰੇ ਕੜਾਹ।
ਤਿਸੁ ਕੁਟੰਬ ਰੁਦਨੈ ਬਹੁ ਨਾਹ।
ਤਜੈ ਸ਼ੋਕ ਸਭ ਅਨਦ ਬਢਾਇ।
ਨਹਿੰ ਪੀਟਹਿੱ ਤ੍ਰਿਯ ਤਿਲ ਸਮੁਦਾਇ।
ਪਢੈਂ ਸ਼ਬਦ ਕੀਰਤਨ ਕੋ ਕਰੈਂ।
ਸੁਨੈਂ ਬੈਠ ਵੈਰਾਗ ਸੁ ਧਰੈਂ। (ਗੁਰਮਤ ਮਾਰਤੰਡ ਪੰਨਾ 479)

ਗੁਰੂ ਕਾਲ ਵਿੱਚ ਵੀ ਅਕਾਲ ਚਲਾਣੇ ਸਮੇਂ ਕੀਰਤਨ ਕਰਨ ਦੇ ਹਵਾਲੇ ਪ੍ਰਾਪਤ ਹੁੰਦੇ ਹਨ–

ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਉਣ ਸਮੇਂ ਕੀਰਤਨ ਕਰਨ ਦਾ ਉਲੇਖ ਅਨੇਕ ਥਾਂਈ ਆਇਆ ਹੈ।

ਜਦੋਂ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾਉਣ ਲੱਗੇ ਤਾਂ ਉਹਨਾਂ ਨੇ ਹੋਰ ਰਸਮਾਂ ਕਰਨ ਦੀ ਥਾਂ ਭਜਨ ਕੀਰਤਨ ਕਰਨ ਦੇ ਆਦੇਸ਼ ਦਿੱਤੇ–

ਹਮਰੇ ਕਾਜ ਕਛੂ ਨਹੀ ਕਰਨਾ।
ਨਹੀ ਕਰਨਾ ਕੋਊ ਜਗ ਆਚਰਨਾ।
ਦੇਹ ਸਿਸਕਾਰ ਅਗਨ ਮੋ ਕਰਨਾ।
ਕੀਰਤਨ ਭਜਨ ਤੋਖ ਚਿਤ ਧਰਨਾ।
ਅਖੰਡ ਕੀਰਤਨ ਸਭ ਮਿਲ ਕੀਓ।
ਜੈ ਜੈ ਕਾਰ ਜਗਤ ਮੈਂ ਭਇਓ।

ਜਦੋਂ ਗੁਰੂ ਰਾਮ ਦਾਸ ਜੀ ਜੋਤੀ ਜੋਤਿ ਸਮਾਏ ਤਾਂ ਉਥੇ ਕੀਰਤਨ ਹੋਇਆ:

ਅੜਿਲ– ਨਿਸ਼ਾ ਨਾਸ ਰਵਿ ਆਯੋ ਹਰਖ ਬਢਾਇਕੈ।
ਕੀਰਤਨ ਭਯੋ ਅਪਾਰ ਦੇਵ ਕਰ ਆਇਕੈ।---
ਦੋਹਰਾ– ਵਡਹੰਸ ਵਾਰ ਪ੍ਰਥਮੇ ਪੜ੍ਹੋ ਪੁਨ ਮਾਰੂ ਪੜ੍ਹ ਵਾਰ।।
ਰਾਗ ਰਬਾਬੀ ਅਧਕ ਰਹਿੰ ਕਰੈ ਸਰੁ ਬਿਸਤਾਰ।।

ਭਾਈ ਬੁੱਢਾ ਲਾਇ ਦੀਵਾਨ।
ਸੁਨਤ ਸ਼ਬਦ ਮਾਰੂ ਧਰ ਧਿਆਨ।।
ਦੋਹਿਰਾ– ਸਾਹਿਬ ਬੁੱਢੇ ਸੌਂ ਕਹਾ ਅਲਾਹਿਣੀ ਪੜ੍ਹੌਂ ਸੁਹਾਇ।
ਰਬਾਬੀ ਰਾਗ ਮਿਲਾਇਕੈ ਪੜ੍ਹੀ ਅਧਿਕ ਚਿਤ ਲਾਇ।
ਦੀਵਾਨ ਮਧ ਬੈਠੇ ਗੁਰ ਆਇ।
ਰਬਾਬੀ ਭੋਗ ਸ਼ਬਦ ਕਾ ਪਾਇ।
ਰਬਾਬੀ ਕੌਂ ਧਨ ਦੀਨ ਅਪਾਰਾ।
ਕੀਰਤਨ ਸੋਹਿਲਾ ਬਹੁਰ ਉਚਾਰਾ।
ਸੁਨ ਪੈੜਾ ਕੀਰਤਨ ਬਹੁ ਹੋਵੈ।
ਭਾਂਤ ਭਾਂਤ ਚੌਂਕੀ ਦੁਖ ਖੋਵੈ।

ਬਾਬਾ ਬੁੱਢਾ ਜੀ ਦੇ ਦੇਹਾਂਤ ਤੋਂ ਬਾਦ ਜੋ ਰਸਮਾਂ ਹੋਈਆਂ ਉਹਨਾਂ ਵਿੱਚ ਕੀਰਤਨ ਪ੍ਰਮੁਖ ਸੀ–

ਹਰਿਗੁਬਿੰਦ ਗੁਰੁ ਤਬ ਇਹ ਕੀਨੋ।
ਰਾਗੀ ਬੋਲ ਨਿਕਟ ਤਬ ਲੀਨੋ।
ਸ੍ਰੀ ਮੁਖ ਕਹਾ ਸਬਦ ਤੁਮ ਗਾਵੋ।
ਪ੍ਰਿਥਮ ਵਾਰ ਆਸਾ ਕੀ ਲਾਵੋ।
ਗਾਵਤ ਮਾਰੂ ਸਬਦ ਅਪਾਰਾ।-----
ਰਾਗੀ ਭੋਗ ਸਬਦ ਕਾ ਪਾਯੋ।

ਸ੍ਰੀ ਗੁਰੁ ਤਿਨ ਕੌ ਐਸ ਅਲਾਯੋ।
ਦੋਹਿਰਾ– ਮਾਰੂ ਡਖਣੇ ਵਾਰ ਕੋ ਅਬ ਗਾਵੋ ਸੁਰ ਊਚ।।
ਸਿੱਖ ਸੰਗਤਿ ਆਈ ਘਨੀ ਭਈ ਭੀਰ ਅਤਿ ਮੂਚ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਗੁਰਮਤਿ ਸੰਗੀਤ ਸਿੱਖ ਗ੍ਰਿਹਸਤ ਜੀਵਨ ਦਾ ਇੱਕ ਅਟੁੱਟ ਅੰਗ ਹੈ।

# ਗੁਰਮਤਿ ਕੀਰਤਨ ਭਗਤੀ

ਗੁਰਬਾਣੀ ਵਿਚ ਦਿੱਤੇ ਸਿੱਧਾਂਤਾਂ ਨੂੰ ਗੁਰਮਤਿ ਕਿਹਾ ਜਾਂਦਾ ਹੈ। ਇਸ ਦੇ ਉਲਟ ਜਿਹੜੇ ਸਿੱਧਾਂਤ ਗੁਰਬਾਣੀ ਦੇ ਵਿਰੁੱਧ ਹਨ, ਉਹਨਾਂ ਨੂੰ ਮਨਮਤਿ ਕਹਿ ਸਕਦੇ ਹਾਂ। ਗੁਰਮਤਿ ਦਾ ਸੋਮਾ ਗੁਰੂ ਗ੍ਰੰਥ ਸਾਹਿਬ ਹੈ। ਬਾਕੀ ਦਾ ਗੁਰਮਤਿ ਸਾਹਿਤ ਇਹਦੇ ਸਿੱਧਾਂਤਾਂ ਦੀ ਵਿਆਖਿਆ ਜਾਂ ਗੁਰਮਤਿ ਲਹਿਰ ਨਾਲ ਸੰਬੰਧਤ ਹੈ। ਇਸ ਲੇਖ ਵਿਚ ਗੁਰਮਤਿ ਵਿਚ ਕੀਰਤਨ ਭਗਤੀ ਦੀ ਮਹੱਤਤਾ ਬਾਰੇ ਵਿਚਾਰ ਕਰਨ ਦਾ ਜਤਨ ਕੀਤਾ ਹੈ।

ਭਗਤੀ ਦਾ ਅਰਥ ਹੈ – ਪ੍ਰੇਮ ਭਾਵ ਨਾਲ ਸੇਵਾ ਕਰਨਾ।[1] ਇਸ ਦਾ ਅੱਗੋਂ ਅਰਥ ਵਿਸਥਾਰ ਵਿਸ਼ਾਲ ਰੂਪ ਵਿਚ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਨੂੰ ਸਭ ਤੋਂ ਵੱਧ ਮਹਤਵ ਦਿੱਤਾ ਹੈ:

ਬਿਨੁ ਭਗਤੀ ਨਹੀਂ ਸਤਿਗੁਰੁ ਪਾਈਐ ॥
ਬਿਨੁ ਭਾਗਾ ਨਹੀਂ ਭਗਤਿ ਹਰੀ ॥ (ਪੰ. ੧੧੭੨)

ਭਗਤੀ ਨੌਂ ਪਰਕਾਰ ਦੀ ਦੱਸੀ ਜਾਂਦੀ ਹੈ। ਜਿਸ ਨੂੰ ਨੌਧਾ ਭਗਤੀ ਜਾਂ ਨਵਧਾ ਭਗਤੀ ਵੀ ਕਿਹਾ ਜਾਂਦਾ ਹੈ। ਇਸ ਨੌਂ[2] ਪ੍ਰਕਾਰ ਦੀ ਭਗਤੀ ਦਾ ਉਲੇਖ ਗੁਰੂ ਗ੍ਰੰਥ ਸਾਹਿਬ ਵਿਚ ਮਿਲ ਜਾਂਦਾ ਹੈ।

1. ਸਰਵਨ:

ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥ (ਪੰ. ੧੦੮੦)

2. ਕੀਰਤਨ:

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ ॥ (ਪੰ. ੧੨੯੮)

3. ਸਿਮਰਨ :

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ॥ (ਪੰ. ੨੬੨)

4. ਪਦ–ਸੇਵਨ ਕਰਨਾ :

ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾਂ ॥ (ਪੰ. ੬੧੧)

5. ਅਰਚਨ (ਪੂਜਾ) :

ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥ (ਪੰ. ੯੧੦)

6. ਬੰਦਨਾ :

ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥
(ਪੰ. ੧੨੯੮)

7. ਦਾਸ ਭਾਵ:

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥

(ਪੰ.੭੫੭)

8. ਮੈਤਰੀ ਭਾਵ:

ਸਖਾ ਸਹਾਈ ਪੂਰਨ ਪਰਮੇਸਰ ਮਿਲੁ ਕਦੇ ਨ ਹੋਵੀ ਭੰਗਨਾ ॥

(ਪੰ. ੧੨੮੦)

9. ਆਤਮ ਨਿਵੇਦਨ:

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥

(ਪੰ. ੯੧੮)

ਉਪਰ ਦਸੀਆਂ ਸਾਰੀਆਂ ਕਿਸਮਾਂ ਦੀ ਭਗਤੀ ਤੋਂ ਕੀਰਤਨੀ ਭਗਤੀ ਉਤਮ ਦੱਸੀ ਗਈ ਹੈ :

ਕਲਿਜੁਗ ਮਹਿ ਕੀਰਤਨ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥ (ਪੰ.੧੦੭੫)

ਕੀਰਤਨ ਭਗਤੀ ਦੀ ਮਹਿਮਾ ਦਾ ਕਾਰਨ ਇਹ ਹੈ ਕਿ ਇਸ ਵਿਚ ਸੰਗੀਤ ਤੱਤ ਬੜਾ ਮਹੱਤਵਪੂਰਨ ਹੈ। ਸੰਗੀਤ ਨਾਦ ਉਤੇ ਅਧਰਾਤ ਹੈ ਅਤੇ ਨਾਦ ਦੀ ਮਹਿਮਾ ਕਰਦਿਆਂ ਲਿਖਿਆ ਹੈ:

'ਨਾ ਤਾਂ ਨਾਦ ਬਿਨਾ ਗੀਤ ਹੈ, ਨਾ ਨਾਦ ਬਿਨਾ ਨਰਿਤ ਹੈ, ਇਹ ਸਾਰਾ ਜਗਤ ਹੀ ਨਾਦਾਤਮਕ ਹੈ।'[3]

ਭਾਰਤੀ ਸੰਗੀਤ ਕੋਸ਼ ਵਿਚ ਨਾਦ ਦੀ ਮਹਿਮਾ ਕਰਦਿਆਂ ਲਿਖਿਆ ਹੈ:

ਸ਼ਾਸਤਰਾਂ ਵਿਚ ਨਾਦ ਨੂੰ ਬ੍ਰਹਮ ਦੇ ਰੂਪ ਵਿਚ ਬਿਆਨ ਕੀਤਾ ਹੈ। ਨਾਦ ਅਦੁੱਤੀ ਅਤੇ ਅਨੰਦਸਰੂਪ ਹੈ। ਨਾਦ ਦੀ ਉਪਾਸ਼ਨਾ ਕਰਨ ਨਾਲ ਪਰਮ ਲਾਭ ਹੁੰਦਾ ਹੈ ਜਿਵੇਂ ਪ੍ਰਕਾਸ਼ ਦੀ ਖੋਜ ਕਰਦਿਆਂ ਮਣੀ ਦੀ ਪ੍ਰਾਪਤੀ ਹੋ ਜਾਂਦੀ ਹੈ ਇਵੇਂ ਹੀ ਨਾਦ ਦੀ ਉਪਾਸਨਾ ਕਰਦਿਆਂ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ।[4]

ਭਗਤੀ ਕਰਨ ਲਈ ਕੀਰਤਨ ਸਰਬੋਤਮ ਸਾਧਨ ਹੈ। ਇਸ ਦੀ ਪ੍ਰੋੜ੍ਹਤਾ ਸੰਗੀਤ ਬਾਰੇ ਦਿੱਤੀਆਂ ਗਈਆਂ ਕੁਝ ਹੋਰ ਟਿੱਪਣੀਆਂ ਤੋਂ ਵੀ ਹੁੰਦੀ ਹੈ। ਹਮਾਯੂੰ ਕਬੀਰ ਅਨੁਸਾਰ ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਵਲ ਖਿੱਚ ਲੈਂਦਾ ਹੈ ਤੇ ਮਨੁੱਖੀ ਮਨ ਸੰਮੋਹਨ ਸ਼ਕਤੀ ਸਦਕਾ ਉਸ ਨਾਦ ਪ੍ਰਵਾਹ ਦੇ ਨਾਲ ਨਾਲ ਤੁਰਿਆ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਆਪਣੇ ਅੰਦਰੂਨੀ ਆਨੰਦ ਵਿਚ ਮਗਨ ਹੋਇਆ ਗੋਚਰ ਸੰਸਾਰ ਤੋਂ ਅਤੀਤ ਮੰਡਲਾਂ ਵਿਚ ਵਿਚਰਦਾ ਹੈ।[5]

ਸੰਗੀਤ ਅਸਲ ਵਿਚ ਮਨੁੱਖ ਦੇ ਹਿਰਦੇ ਦੀ ਭਾਸ਼ਾ ਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵੱਧ ਕੇ ਹੋਰ ਕੋਈ ਸਾਧਨ ਨਹੀਂ ਹੈ।[6] ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ

ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ।[7] ਜਿਹੜੇ ਮਨੁੱਖ ਸੰਗੀਤ ਨਾਲ ਵੀ ਦ੍ਰਵਿਤ ਨਹੀਂ ਹੁੰਦੇ, ਸੇਕਸਪੀਅਰ ਉਹਨਾਂ ਨੂੰ ਖ਼ਤਰਨਾਕ ਦਸਦਾ ਹੈ ਅਤੇ ਕਹਿੰਦਾ ਹੈ ਅਜਿਹੇ ਮਨੁੱਖਾਂ ਉਤੇ ਵਿਸ਼ਵਾਸ ਨਹੀਂ ਕੀਤਾ ਜਾਣਾ ਚਾਹੀਦਾ।[8]

ਯਗਿਆਵਾਲਕ ਨੇ ਤਾਂ ਸੰਗੀਤ ਨੂੰ ਮੁਕਤੀ ਦਾਤਾ ਮੰਨਿਆ ਹੈ। ਉਸ ਅਨੁਸਾਰ, ਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ਼ਰੁਤੀ ਅਤੇ ਜਾਤੀਆਂ ਦਾ ਗਿਆਨ ਰਖਦਾ ਹੈ, ਜਿਹੜਾ ਤਾਲ ਦਾ ਗਿਆਤਾ ਹੈ, ਉਹ ਬਿਨਾਂ ਜਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਜਿਸ ਤਰ੍ਹਾਂ ਮੂੰਹ ਵਿਚ ਸੱਤੂ ਹੋਣ ਤਾਂ ਹੱਸਣਾ ਅਸੰਭਵ ਹੈ ਇਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ ਅਸੰਭਵ ਹੈ।[9] ਇਸ ਲਈ ਗੁਰਮਤਿ ਭਗਤੀ ਵਿਚ ਵੀ ਕੀਰਤਨ ਕਰਨ ਉਤੇ ਬਲ ਦਿਤਾ ਗਿਆ ਹੈ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
(ਪੰ. ੯੨੦)

... ... ...

ਗੁਰਬਾਣੀ ਗਾਵਹ ਭਾਈ ਓਹ ਸਫਲ ਸਦਾ ਸੁਖਦਾਈ ॥ (ਪੰ. ੬੨੮)

ਇਸ ਤਰ੍ਹਾਂ ਗੁਰਮਤਿ ਵਿਚ ਕੀਰਤਨ ਦੇ ਵਿਸ਼ੇਸ਼ ਅਰਥ ਹੋ ਗਏ ਹਨ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਗੁਰਬਾਣੀ ਦੇ ਸੁਰ ਅਤੇ ਲੈਅ ਸਹਿਤ ਗਾਇਨ ਕਰਨ ਨੂੰ ਕੀਰਤਨ ਕਿਹਾ ਜਾਂਦਾ ਹੈ।[10] ਬਾਣੀ ਦੇ ਗਾਇਨ ਨੂੰ ਇਤਨੀ ਮਹੱਤਤਾ ਦੇਣ ਦਾ ਕਾਰਨ ਇਹ ਵੀ ਹੈ ਕਿ ਸੰਗੀਤ ਇਸ ਬਾਣੀ ਦਾ ਰਚਨਾ ਮੂਲਕ ਤੱਤ ਹੈ। ਇਹ ਕੇਵਲ ਸਰੋਤੇ ਨੂੰ ਰੁਚਿਤ ਕਰਨ ਲਈ ਇਕ ਮਾਧਿਅਮ ਹੀ ਨਹੀਂ ਹੈ। ਇਹ ਬਾਣੀ ਕੋਈ ਸਧਾਰਨ ਗੀਤ ਨਹੀਂ ਹੈ। ਭਗਤ ਕਬੀਰ ਜੀ ਦਾ ਬਚਨ ਹੈ:

ਲੋਗ ਜਾਨੈ ਇਹੁ ਗੀਤੁ ਹੈ,
ਇਹੁ ਤਉ ਬ੍ਰਹਮ ਬੀਚਾਰ ॥ (ਪੰ. ੩੩੫)

ਗੁਰੂ ਸਾਹਿਬਾਨ ਵੀ ਇਸ ਬਾਣੀ ਨੂੰ ਆਪਣੇ ਤੱਕ ਹੀ ਸੀਮਤ ਨਹੀਂ ਰਖਦੇ ਸਗੋਂ ਇਸ ਨੂੰ ਪ੍ਰਮਾਤਮਾ ਨਾਲ ਜੋੜਦੇ ਹਨ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
(ਪੰ. ੭੨੨)

... ...

ਧੁਰ ਕੀ ਬਾਣੀ ਆਈ ਤਿਨਿ ਸਗਲੀ ਚਿੰਤ ਮਿਟਾਈ ॥ (ਪੰ. ੬੨੮)

... ...

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥
(ਪੰ. ੭੬੩)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਕਵੀ ਆਪਣੇ ਅਧਿਆਤਮਕ ਅਨੁਭਵ ਦਾ ਪ੍ਰਗਟਾਵਾ ਕਰ ਰਹੇ ਹਨ। ਪਰ ਇਹ ਅਨੁਭਵ ਵੀ

ਅਜਿਹਾ ਹੈ ਜਿਸ ਨੂੰ ਸਧਾਰਨ ਰੂਪ ਵਿਚ ਪ੍ਰਗਟ ਨਹੀਂ ਕੀਤਾ ਜਾ ਸਕਦਾ। ਭਗਤ ਲੋਕ ਇਸ ਨੂੰ 'ਗੂੰਗੇ ਦੀ ਮਠਿਆਈ' ਨਾਲ ਤੁਲਨਾ ਦਿੰਦੇ ਹਨ। ਡਾ. ਪੀਤਾਂਬਰ ਦੱਤ ਬੜਥਵਾਲ ਲਿਖਦੇ ਹਨ : 'ਅਧਿਆਤਮਕ ਅਨੁਭਵ ਨੂੰ ਪ੍ਰਗਟ ਕਰਨ ਲਈ ਭਾਸ਼ਾ ਦਾ ਸਾਧਨ ਭਾਵੇਂ ਨਾਕਾਫ਼ੀ ਹੈ ਅਤੇ ਉਸ ਰੱਬੀ ਅਨੁਭਵ ਦੇ ਪ੍ਰਗਟ ਰੂਪ ਦੇ ਅਰਥ ਨੂੰ ਸਮਝਣਾ ਦੂਜਿਆਂ ਲਈ ਅਤਿਅੰਤ ਔਖਾ ਹੈ, ਫਿਰ ਵੀ ਉਸ 'ਸੱਚ' ਦੇ ਅਨੁਭਵ ਤੋਂ ਉਪਜੇ ਆਨੰਦ ਨੂੰ ਆਪਣੀ ਹਿੱਕ ਵਿਚ ਛਿਪਾ ਕੇ ਨਾ ਰੱਖ ਸਕਣ ਦੇ ਕਾਰਨ 'ਸੱਚ ਦੇ ਸਾਧਕ' ਉਸ ਨੂੰ ਪ੍ਰਗਟ ਕਰਨ ਦੇ ਆਹਰ ਵਿਚ ਜੁੱਟ ਜਾਂਦਾ ਹੈ।'[11] ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਵੀ ਇਸ ਉਕਤੀ ਦਾ ਸਮਰਥਨ ਕਰਦਿਆਂ ਲਿਖਿਆ ਹੈ : 'ਅਧਿਆਤਮਕ ਮੰਡਲਾਂ ਵਿਚ ਲਗਾਤਾਰ ਸਾਧਨਾਂ ਕਰਨ ਤੋਂ ਉਪਰੰਤ ਪ੍ਰਾਪਤ ਕੀਤੇ ਅਧਿਆਤਮਕ ਤਜਰਬਿਆਂ ਨੂੰ ਆਪਣੇ ਸੀਨੇ ਦੀ ਚਾਰਦੀਵਾਰੀ ਵਿਚ ਰੋਕ ਰਖਣਾ ਇਕ ਸਾਧਕ ਲਈ ਬੜਾ ਔਖਾ ਹੈ। ਇਹਨਾਂ ਸੱਚੇ ਅਨੁਭਵਾਂ ਨੂੰ ਪ੍ਰਗਟ ਕਰਨ ਲਈ ਅਨੁਭਵ ਸਾਧਕ ਬਿਹਬਲ ਹੋ ਉਠਦਾ ਹੈ।'[12] ਪਰ ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਅਨੁਭਵ ਸਾਧਾਰਨ ਰੂਪ ਵਿਚ ਪ੍ਰਗਟ ਨਹੀਂ ਕੀਤਾ ਜਾ ਸਕਦਾ, ਸਾਧਾਰਨ ਭਾਸ਼ਾ ਦੇ ਅੱਖਰ ਪ੍ਰਮਾਤਮਾ ਨਾਲ ਸੰਬੰਧਤ ਅਨੁਭਵ ਦਾ ਪ੍ਰਗਟਾਵਾ ਨਹੀਂ ਕਰ ਸਕਦੇ :

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ (ਪੰ. ੫)

ਇਹ ਅਨੁਭਵ ਸ਼ਬਦ ਦੀ ਸਹਾਇਤਾ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ:

ਢਾਢੀ ਕਥੇ ਅਕਥੁ ਸਬਦਿ ਸਵਾਰਿਆ॥ (ਪੰ. ੧੪੯)

ਗੁਰੂ ਸਾਹਿਬ ਵੀ ਆਪਣੇ ਆਪ ਨੂੰ ਢਾਢੀ ਕਹਿੰਦੇ ਹਨ:

ਹਉ ਢਾਢੀ ਵੇਕਾਰੁ ਕਾਰੈ ਲਾਇਆ॥ (ਪੰ. ੧੫੦)

ਸੋ ਸਪੱਸ਼ਟ ਹੈ ਕਿ ਸੰਗੀਤ ਦੀ ਸਹਾਇਤਾ ਨਾਲ ਹੀ ਅਧਿਆਤਮਕ ਅਨੁਭਵ ਪ੍ਰਗਟ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਸੰਗੀਤ ਬਾਣੀ ਦੀ ਸਿਰਜਣਾ ਵੇਲੇ ਤੋਂ ਹੀ ਇਸ ਦੇ ਅੰਗ-ਸੰਗ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵੱਡਾ ਹਿੱਸਾ ਰਾਗ ਬੱਧ ਹੈ। ਲਗਭਗ ਹਰ ਸ਼ਬਦ ਉਪਰ ਰਾਗ ਦਾ ਸੰਕੇਤ ਦਿੱਤਾ ਹੋਇਆ ਹੈ। ਵੱਖ-ਵੱਖ ਰਾਗ ਵੱਖ ਕਾਵਿ ਅਨੁਭਵ ਨੂੰ ਪ੍ਰਗਟ ਕਰਨ ਲਈ ਹਨ। ਭਾਵੇਂ ਸਾਰੀ ਬਾਣੀ ਪ੍ਰਮਾਤਮਾ ਨਾਲ ਸੰਬੰਧਤ ਹੈ ਪਰ ਸਾਧਕ ਆਪਣੇ ਮਨ ਦੀ ਅਵਸਥਾ ਕਾਰਨ ਪ੍ਰਮਾਤਮਾ ਨੂੰ ਕਈ ਰੂਪਾਂ ਵਿਚ ਚਿਤਵਦਾ ਹੈ।[13]

ਬਾਣੀ ਦਾ ਕੀਰਤਨ ਜਿੱਥੇ ਬਾਣੀ ਦੀ ਰਚਨਾ ਵੇਲੇ ਹੋਇਆ ਉਥੇ ਬਾਣੀ ਦੇ ਗਾਇਨ ਕਾਰਨ ਭਾਵ ਸਰੋਤੇ ਨੂੰ ਸੁਨਾਉਣ ਲਈ ਵੀ ਹੋ ਰਿਹਾ ਹੈ। ਗੁਰਮਤਿ ਵਿਚ ਕੀਰਤਨ ਕਰਨਾ ਵੀ ਭਗਤੀ ਦਾ ਅੰਗ ਹੈ ਅਤੇ ਕੀਰਤਨ ਸੁਣਨਾ ਵੀ ਭਗਤੀ ਦਾ ਅੰਗ ਹੈ। ਇਹ ਭਗਤੀ ਅਤੀ ਉਤਮ ਭਗਤੀ ਹੈ। ਇਸ ਬਾਰੇ ਭਾਈ ਮਨੀ ਜੀ ਦਾ ਕਥਨ ਵਾਚਣ ਯੋਗ ਹੈ। ਆਪ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਵਾਰਤਾਲਾਪ ਰੂਪ ਵਿਚ ਕਲਮਬੰਦ ਕਰਦਿਆਂ ਲਿਖਦੇ ਹਨ:

"ਤੁਸਾਂ ਜੋ ਬਚਨ ਕੀਤਾ ਜੁ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫ਼ਲ ਵੱਡਾ ਹੈ, ਇਹ ਅਸਾਡੇ ਸਮਝ ਵਿਚ ਕੈਸੇ ਆਵੇ ? ਤਾਂ ਬਚਨ ਹੋਇਆ ਜੋ ਲਕੜਹਾਰੇ ਲਕੜੀਆਂ ਲਿਆਵਦੇ ਹੈਨਿ ਤੇ ਪਾਂਡੀ ਪੰਡਾਂ ਲਿਆਂਵਦੇ ਹੈ, ਸੋ ਮਜੂਰੀ ਵਡੀ ਕਰਦੇ ਹੈਨਿ ਤੇ ਨਫ਼ਾ ਥੋੜਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫ਼ਾ ਵਧੀਕ ਹੁੰਦਾ ਹੈ ਤੇ ਸਰਾਫ਼ ਤੇ ਬਜਾਜ ਉਨ੍ਹਾਂ ਥੀ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ ਤੇ ਰੁਪਯਾ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲ ਬੈਠੇ ਰਹਿੰਦੇ ਹੈਨਿ, ਪਰ ਨਫ਼ਾ ਬਹੁਤ ਉਹਨਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰ ਜੋ ਤਪ ਹੈਨ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਕਥਾ ਕੀਰਤਨ ਦੇ ਪੜ੍ਹਨ ਸੁਨਣ ਕਰ ਪ੍ਰਿਥਮੇ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ ਪਿਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ...।'[14]

ਗੁਰੂ ਅਰਜਨ ਦੇਵ ਜੀ ਵੀ ਆਪਣੇ ਦੋ ਸਿੱਖਾਂ ਨੂੰ ਰੌਚਕ ਢੰਗ ਨਾਲ ਕੀਰਤਨ ਦੀ ਮਹਿਮਾ ਦਸਦੇ ਹਨ:

'ਬਾਣੀ ਦਾ ਪਾਠ ਏਹੁ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈਦੀ ਹੈ ਅਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ; ਤੈਸੇ ਬਾਣੀ ਦੇ ਪਾਠ ਦਾ ਫਲ ਹੋਤਾ ਹੈ। ਪਰ ਖੂਹ ਦਾ ਪਾਣੀ ਦੂਜੇ ਦੀ ਪੈਲੀ ਨਜ਼ਦੀਕ ਹੋਵੇ ਤਾਂ ਉਸ ਨੂੰ ਭੀ ਪਹੁੰਚਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ।[15]

ਕੀਰਤਨ ਭਗਤੀ ਵਿਚ ਛੇ ਅੰਗਾਂ ਤੇ ਵਿਚਾਰ ਕਰਨੀ ਜ਼ਰੂਰੀ ਹੈ।

1. ਬਾਣੀ 2. ਰਾਗ 3. ਕੀਰਤਨ 4. ਕੀਰਤਨੀਆ 5. ਸਰੋਤਾ 6. ਸੰਗਤ

ਬਾਣੀ:- ਬਾਣੀ ਦੀ ਰਚਨਾ ਬਾਰੇ ਪਹਿਲਾਂ ਵਿਚਾਰ ਕਰ ਚੁੱਕੇ ਹਾਂ ਕਿ ਇਹ ਅਧਿਆਤਮਕ ਅਨੁਭਵ ਵਾਲੀ ਬਾਣੀ ਹੈ ਇਸ ਦੀ ਰਚਨਾ ਸਮੇਂ ਸੰਗੀਤ ਸ਼ਾਮਲ ਹੈ। ਜੇ ਇਸ ਨੂੰ ਮੁੜ ਪੜ੍ਹਨਾ ਹੈ ਤਾਂ ਸਾਧਾਰਨ ਰੂਪ ਵਿਚ ਪੜ੍ਹਿਆਂ ਇਸ ਦੇ ਭਾਵ ਨੂੰ ਅਨੁਭਵ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਦੇ ਗਾਉਣ ਜਾਂ ਕੀਰਤਨ ਕਰਨ ਨਾਲ ਹੀ ਇਸ ਦਾ ਪੂਰਾ ਪ੍ਰਭਾਵ ਪੈ ਸਕਦਾ ਹੈ।

ਰਾਗ:- ਬਾਣੀ ਵੱਖ-ਵੱਖ ਰਾਗਾਂ ਵਿਚ ਦਰਜ ਹੈ। ਗੁਰਬਾਣੀ ਦੇ ਰਚਨਾ ਕਾਲ ਸਮੇਂ ਭਾਰਤੀ ਸੰਗੀਤ ਕਲਾ ਆਪਣੇ ਸਿਖਰ ਤੇ ਸੀ। ਪਰ ਇਸ ਕਲਾ ਨੂੰ ਭਗਤੀ ਲਈ ਘੱਟ ਅਤੇ ਰਾਜਿਆਂ-ਮਹਾਰਾਜਿਆਂ ਦੀਆਂ ਵਿਲਾਸੀ ਰੁਚੀਆਂ ਲਈ ਵਧੇਰੇ ਪ੍ਰਯੋਗ ਕੀਤਾ ਜਾ ਰਿਹਾ ਸੀ। ਗੁਰੂ ਸਾਹਿਬਾਨ ਤੇ ਭਗਤ ਕਵੀਆਂ ਨੇ ਸੰਗੀਤ ਕਲਾ ਦਾ ਪ੍ਰਯੋਗ ਪ੍ਰਮਾਤਮਾ ਦੀ ਭਗਤੀ ਲਈ ਕੀਤਾ। ਇਸ ਸਬੰਧ ਵਿਚ ਉਹਨਾਂ ਨੇ ਰਾਗ ਨੂੰ ਇਕ ਨਿਸ਼ਚਿਤ ਮਨੋਰਥ ਲਈ ਵਰਤਿਆ:

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥(ਪੰ. ੯੫੮)

... ...

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥
(ਪੰ. ੧੪੨੩)

ਇਸ ਤੋਂ ਬਿਨਾਂ ਗੁਰਬਾਣੀ ਵਿਚ ਕੁਝ ਰਾਗਾਂ ਬਾਰੇ ਵਿਸ਼ੇਸ਼ ਟਿਪਣੀਆਂ ਦੇ ਕੇ ਰਾਗ ਦੇ ਅਸਲੀ ਮਨੋਰਥ ਨੂੰ ਦ੍ਰਿੜ ਕਰਵਾਇਆ ਗਿਆ ਹੈ।

ਸਿਰੀ ਰਾਗ

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥ (ਪੰ.੮੩)

ਰਾਗ ਗਉੜੀ

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥
ਭਾਣੈ ਚਲੈ ਸਤਿਗੁਰੂ ਕੇ ਐਸਾ ਸੀਗਾਰੁ ਕਰੇਇ॥ (ਪੰ. ੩੧੧)

ਰਾਗ ਗੂਜਰੀ

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ॥ (ਪੰ. ੫੧੬)

ਰਾਗ ਸੋਰਠਿ

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ॥
(ਪੰ. ੧੪੨੫)

ਰਾਗ ਬਿਲਾਵਲ

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ॥ (ਪੰ. ੮੪੯)

ਰਾਗ ਧਨਾਸਰੀ

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥
ਤਨੁ ਮਨੁ ਸਉਪੈ ਜੀਅ ਸਉ ਭਾਈ ਲਏ ਹੁਕਮਿ ਫਿਰਾਉ॥ (ਪੰ.੧੪੧੯)

ਰਾਗ ਵਡਹੰਸ

ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ॥ (ਪੰ. ੫੮੫)

ਰਾਗ ਰਾਮਕਲੀ

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ॥
(ਪੰ. ੯੫੦)

ਰਾਗ ਮਾਰੂ

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗ ਬੈਰਾਗੁ ॥
ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ॥ (ਪੰ.੧੪੨੫)

ਰਾਗ ਕੇਦਾਰਾ

ਕੇਦਾਰਾ ਰਾਗਾਂ ਵਿਚਿ ਜਾਣੀਐ ਭਾਈ ਜੇ ਸਬਦੇ ਕਰੇ ਪਿਆਰੁ ॥
ਸਤ ਸੰਗਤਿ ਸਿਉ ਮਿਲ ਦੋ ਰਹੈ ਸਚੇ ਧਰੇ ਪਿਆਰੁ ॥ (ਪੰ. ੧੦੮੭)

**ਕੀਰਤਨ**

ਗੁਰਬਾਣੀ ਦੇ ਰਾਗਾਂ ਵਿਚ ਗਾਇਨ ਕਰਨ ਨੂੰ ਕੀਰਤਨ ਕਿਹਾ ਜਾਂਦਾ ਹੈ ਅਤੇ ਇਹ ਵੀ ਅਸੀਂ ਪਹਿਲਾਂ ਦਸ ਚੁਕੇ ਹਾਂ ਕਿ ਕੀਰਤਨ ਨੂੰ ਸਾਰੇ ਤਪਾਂ ਤੋਂ ਉੱਚਾ ਦਸਿਆ ਹੈ। ਹੋਰ ਸਪੱਸ਼ਟ ਕਰਨ ਲਈ ਗੁਰੂ ਅਰਜਨ ਦੇਵ ਜੀ ਦੀਆਂ ਕੁਝ ਤੁਕਾਂ ਹਾਜ਼ਰ ਹਨਃ

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਅਵਤਾਰ ॥
ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ ॥
ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥
ਜੈਸੇ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥ (ਪੰ. ੨੧੪)

ਇਕ ਹੋਰ ਸ਼ਬਦ ਵਿਚ ਗੁਰੂ ਸਾਹਿਬ, ਪਾਠ-ਪੜ੍ਹਨ, ਬੇਦ ਬੀਚਾਰਨ, ਜੋਗ ਆਸਣ ਕਰਨ, ਮੋਨੀ, ਨੰਗੇ, ਬਨਵਾਸੀ ਹੋਣ, ਤੀਰਥਾਂ ਤੇ ਜਾਣ, ਦਾਨ, ਪੂਜਾ ਅਰਚਾ, ਬੰਦਨਾ ਆਦਿ ਸਾਰੇ ਕਰਮਾਂ ਤੋਂ ਕੀਰਤਨ ਨੂੰ ਉਚੇਰਾ ਦਸਦਿਆਂ ਲਿਖਦੇ ਹਨਃ

ਹਰਿ ਕੀਰਤ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸ ਪੁਰਬ ਲਿਖੇ ਦਾ ਲਹਨਾ ॥
ਤੇਰੋ ਸੇਵਕ ਇਹ ਰੰਗਿ ਮਾਤਾ ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ
ਕੀਰਤਨਿ ਇਹੁ ਮਨੁ ਰਾਤਾ ॥ (ਪੰ. ੬੪੨)

**ਕੀਰਤਨੀਆ**

ਗੁਰਮਤ ਕੀਰਤਨ ਭਗਤੀ ਵਿਚ ਕੀਰਤਨ ਕਰਨ ਵਾਲੇ ਕੀਰਤਨੀਏ ਦਾ ਵਿਸ਼ੇਸ਼ ਸਥਾਨ ਹੈ। ਗਾਉਣ ਵਾਲਾ ਹਰ ਵਿਅਕਤੀ ਕੀਰਤਨੀਆ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਹਰ ਬੰਦੇ ਦੇ ਗਾਏ ਸ਼ਬਦਾਂ, ਭਜਨਾਂ ਆਦਿ ਤੇ ਪ੍ਰਮਾਤਮਾ ਪ੍ਰਸੰਨ ਹੋ ਜਾਂਦਾ ਹੈ। ਗੁਰਬਾਣੀ ਵਿਚ ਲਿਖਿਆ ਹੈ :

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥

ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥
(ਪੰ. ੪੫੦)

ਗੁਰਬਾਣੀ ਕੀਰਤਨ ਭਗਤੀ ਵਿਚ ਪ੍ਰੇਮ ਤੋਂ ਬਿਨਾਂ ਜਿਹੜਾ ਕੋਈ ਕਥਾ-ਕੀਰਤਨ ਕਰਦਾ ਹੈ ਉਸ ਨੂੰ ਕੜਛੀਆਂ ਨਾਲ ਤੁਲਨਾ ਕੀਤੀ ਜਾਂਦੀ ਹੈ ਜਿਹੜੀਆਂ ਸਭ ਰਸਾਂ ਵਿਚ ਫਿਰਦੀਆਂ ਵੀ ਰਸ ਨਹੀਂ ਲੈ ਸਕਦੀਆਂ:

ਕੜਛੀਆ ਫਿਰੰਨਿ ਸੁਆਉ ਨ ਜਾਣਨਿ ਸੁਞੀਆਂ ॥
ਸੇਈ ਮੁਖ ਦਿਸੰਨਿ੍ ਨਾਨਕ ਰਤੇ ਪ੍ਰੇਮ ਰਸਿ ॥ (ਪੰ. ੫੨੧)

ਗੁਰਬਾਣੀ ਉਸ ਕੀਰਤਨੀਏ ਨੂੰ ਭਲਾ ਕਹਿੰਦੀ ਹੈ ਜਿਹੜਾ ਲੋਭ ਲਾਲਚ ਤਿਆਗ ਕੇ ਕੀਰਤਨ ਕਰਦਾ ਹੈ:

ਭਲੋ ਭਲੋਰੇ ਕੀਰਤਨੀਆ
ਰਾਮ ਰਮਾ ਰਾਮ ਗੁਨ ਗਾਉ
ਛੋਡਿ ਮਾਇਆ ਕੇ ਧੰਧ ਸੁਆਉ ।।

**ਸਰੋਤਾ**

ਕੀਰਤਨ ਭਗਤੀ ਵਿਚ ਸਰੋਤੇ ਦਾ ਵੀ ਵਿਸ਼ੇਸ਼ ਸਥਾਨ ਹੈ। ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕਾਗ ਭਸੁੰਡ ਦੀ ਸਾਖੀ ਵਿਚ ਲਿਖਿਆ ਹੈ:

ਇਕ ਰਾਗ ਰਾਗਨੀਆ ਸਮਝਦੇ ਹੈਨ। ਇਕ ਸੁਰ ਨੂੰ ਸਮਝਦੇ ਹੈਨ। ਇਕ ਸਾਜ ਨੂੰ ਸਮਝਦੇ ਹੈਨ। ਇਕ ਸ਼ਬਦ ਦੇ ਤਾਤਪਰਜ ਨੂੰ ਸਮਝਦੇ ਹੈਨ। ਤੁਮ ਵੱਡੇ ਸ੍ਰੋਤੇ ਹੋ ਜੋ ਸਬਦ ਦੇ ਤਾਤਪਰਜ ਨੂੰ ਸਮਝਦੇ ਹੋ। ਕਾਗ ਭਸੁੰਡ ਕਹਿਆ ਉਤਮ ਹੈ ਜੋ ਮਹਾਰਾਜ ਦੇ ਤਾਤਪਰਜ ਨੂੰ ਸਮਝਦੇ ਹੈਂ ਸੋ ਰਸ ਪਾਵਤੇ ਹੈ ਜੋ ਰਾਗਾਂ ਨੂੰ ਤਾਰਾਂ ਨੂੰ ਸਮਝਦੇ ਹੈਂ ਸੋ ਛਿਲ ਖਾਤੇ ਹੈਂ।

ਗੁਰੂ ਅਰਜਨ ਦੇਵ ਜੀ ਦੇ ਕਥਨ ਹਨ:

ਗੁਰ ਦੁਆਰੈ ਹਰਿ ਕੀਰਤਨ ਸੁਣੀਐ ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥
ਕਲਿ ਕਲੇਸ ਮਿਟਾਏ ਸਤਿਗੁਰ ਹਰਿ ਦਰਗਹ ਦੇਵੈ ਮਾਨਾ ਹੇ ॥
(ਪੰ. ੧੦੭੫)

**ਸੰਗਤ**

ਕੀਰਤਨ ਭਗਤੀ ਇਕ ਤਰ੍ਹਾਂ ਸਰਬੰਗੀ ਭਗਤੀ ਹੈ। ਇਸ ਭਗਤੀ ਵਿਚ ਸ਼ਾਮਲ ਹੋਣ ਨਾਲ ਵਿਅਕਤੀ ਹਰ ਤਰ੍ਹਾਂ ਦੀ ਭਗਤੀ ਕਰ ਸਕਦਾ ਹੈ। ਕੀਰਤਨ ਕਰਨਾ, ਕੀਰਤਨ ਸੁਣਨਾ, ਕੀਰਤਨ ਲਈ ਜੁੜੀ ਸੰਗਤ ਦੀ ਸੇਵਾ ਕਰਨਾ, ਉਹਨਾਂ ਸਰੋਤਿਆਂ ਨਾਲ ਪ੍ਰੇਮ ਭਾਵ ਨਾਲ ਵਿਚਰਨਾ ਆਦਿ ਕਾਰਜ ਕੀਰਤਨ ਭਗਤੀ ਵਿਚ ਸ਼ਾਮਲ ਹੋ ਜਾਂਦੇ ਹਨ। ਜਿਥੇ ਕੀਰਤਨ ਹੁੰਦਾ ਹੈ ਉਹ ਸਥਾਨ ਪਵਿੱਤਰ ਹੋ ਜਾਂਦਾ ਹੈ:

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥ (ਪੰ.੭੪੫)

ਸੰਗਤ ਵਿਚ ਜਿਥੇ ਕੀਰਤਨ ਹੁੰਦਾ ਹੈ ਉਥੇ ਪਰਮਾਤਮਾ ਆਪ ਵਸਦਾ ਹੈ:

ਸਤ ਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥
(ਪੰ. ੧੩੩੫)

ਇਸੇ ਲਈ ਗੁਰੂ ਸਾਹਿਬ ਉਚਾਰਦੇ ਹਨ:

ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥
(ਪੰ. ੩੮੫)

ਸੋ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਕੀਰਤਨ ਭਗਤੀ, ਗੁਰਬਾਣੀ, ਸੰਗੀਤ, ਕੀਰਤਨ, ਕੀਰਤਨੀਆ, ਸਰੋਤਾ, ਸੰਗਤ ਆਦਿ ਦਾ ਸੁੰਦਰ ਸੁਮੇਲ ਹੈ। ਇਹ ਸਾਰੇ ਅੰਗ ਪ੍ਰੇਮ ਅਤੇ ਵਿਸ਼ਵਾਸ ਦੇ ਧਾਗੇ ਨਾਲ ਪਰੋਤੇ ਹੋਏ ਹਨ।

**ਹਵਾਲੇ:**


1. ਡਾ. ਮਨਮੋਹਨ ਸਿੰਘ, ਗੁਰੂ ਰਵਿਦਾਸ ਅੰਕ, ਪੰਜਾਬੀ ਦੁਨੀਆ, ਜੁਲਾਈ, ਅਗਸਤ, 1971, ਪੰ. 125
2. ਭਗਤਿ ਨਵੈ ਪਰਕਾਰਾ। ਸਿਰੀ ਰਾਗ ਮਹਲਾ ੫, ਆਦਿ ਗ੍ਰੰਥ, ਪੰ. 71
3. ਨ ਨਾਦੇਨ ਵਿਨਾ ਗੀਤੰਨੰ ਨਾਦੇਨ ਵਿਨਾ ਸਵਰ।
   ਨ ਨਾਦੇਨ ਵਿਨ ਨਰਿੰਤੇ ਤਸਮਾਨਾਚਤਮਨੰ ਜਗਤ। 'ਸੰਗੀਤ' (ਪੱਤ੍ਰਿਕਾ), ਅਪਰੈਲ 1967
4. ਵਿਮਲਾ ਕਾਂਤ ਰਾਇ ਚੌਧਰੀ, ਭਾਰਤੀਯ ਸੰਗੀਤ ਕੋਸ਼, ਪੰ. 66
5. Hamayun Kabir, The Indian Heritage, p. 129
6. ਉਮਾ ਮਿਸ਼ਰ, ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰ. 31
7. ਹਰਦੁਆਰੀ ਲਾਲ ਸ਼ਰਮਾ, ਸੌਂਦਰਯ ਸ਼ਾਸਤਰ, ਪੰ. 183
8. Shakespeare, The Marchant of Venice, p. 79-80
9. ਹਵਾਲਾ, ਪੰਡਤ ਓਅੰਕਾਰ ਨਾਥ ਠਾਕੁਰ, ਪ੍ਰਣਵ ਭਾਰਤੀ, (ਪ੍ਰਥਮ ਵੀਣਾ), ਪੰ. 14
10. ਓਅੰਕਾਰ ਨਾਥ ਠਾਕੁਰ, ਉਹੀ, ਪੰ. 6
11. ਗੁਰਮਤਿ ਪ੍ਰਭਾਕਰ, ਪੰ. 616
12. ਹਿੰਦੀ ਕਾਵਯ ਮੇਂ ਨਿਰਗੁਣ ਸੰਪਰਦਾਯ, ਪੰ. 375
13. ਗੁਰੂ ਨਾਨਕ ਅਤੇ ਨਿਰਗੁਣ ਧਾਰਾ, ਪੰ. 271
14. ਭਾਈ ਮਨੀ ਸਿੰਘ, ਸਿੱਖਾ ਦੀ ਭਗਤਮਾਲਾ, ਪੰ. 45-47
15. ਉਹੀ, ਪੰ. 91-92

# ਚੀ.ਫ ਖਾਲਸਾ ਦੀਵਾਨ ਦੀਆਂ
# ਸਿੱਖ ਐਜੂਕੇਸ਼ਨ ਕਾਨਫਰੰਸਾਂ ਦੀ ਗੁਰਮਤਿ ਸੰਗੀਤ ਨੂੰ ਦੇਣ

ਚੀਫ ਖਾਲਸਾ ਦੀਵਾਨ ਵੱਲੋਂ ਜਦੋਂ ਐਜੂਕੇਸ਼ਨ ਕਮੇਟੀ ਦੀ ਸਥਾਪਨਾ ਕੀਤੀ ਗਈ ਤਾਂ ਇਸ ਦੇ ਉਦੇਸ਼ਾਂ ਵਿੱਚ ਧਾਰਮਿਕ ਵਿਦਿਆ ਨੂੰ ਪ੍ਰਫੁੱਲਤ ਕਰਲ ਲਈ ਉਚੇਚੇ ਜਤਨ ਕਰਨ ਦਾ ਉਦੇਸ਼ ਵੀ ਸ਼ਾਮਲ ਕੀਤਾ ਗਿਆ।

ਕਾਨਫਰੰਸਾਂ ਵਿੱਚ ਧਾਰਮਿਕ ਦੀਵਾਨ ਅਤੇ ਕੀਰਤਨ ਦਰਬਾਰ ਸਜਾਉਣ ਦੀ ਪਿਰਤ ਪਾਈ ਗਈ ਸੀ। ਇਸ ਲੇਖ ਵਿੱਚ ਕੀਰਤਨ ਦਰਬਾਰਾਂ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਬਾਰੇ ਜੋ ਜਤਨ ਸਿੱਖ ਵਿਦਿਅਕ ਕਾਨਫ੍ਰੰਸਾਂ ਵਿੱਚ ਹੋਏ ਉਹਨਾਂ ਬਾਰੇ ਵਰਣਨ ਕੀਤਾ ਜਾ ਰਿਹਾ ਹੈ। ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਵੱਲੋਂ 1958 ਵਿੱਚ ਗੋਲਡਨ ਜੁਬਲੀ ਬੁਕ ਪ੍ਰਕਾਸ਼ਿਤ ਕੀਤੀ ਗਈ। ਇਸ ਵਿੱਚ ਵੱਖ-ਵੱਖ ਕਾਨਫ੍ਰਸਾਂ ਦੇ ਵੇਰਵੇ ਦਿੱਤੇ ਗਏ ਹਨ। ਗੁਰਮਤਿ ਸੰਗੀਤ ਅਰਥਾਤ ਗੁਰਬਾਣੀ ਕੀਰਤਨ ਸਮਾਗਮਾਂ ਦਾ ਵੀ ਇਸ ਵਿੱਚ ਵਰਣਨ ਕੀਤਾ ਗਿਆ ਹੈ। ਇਸ ਬਾਰੇ ਗੋਲਡਨ ਜੁਬਲੀ ਬੁੱਕ ਦੇ ਪੰਨਾ 20 ਉਤੇ ਲਿਖਿਆ ਹੈ-

ਸਿੱਖ ਵਿਦਿਅਕ ਪ੍ਰਣਾਲੀ ਵਿੱਚ ਕੀਰਤਨ ਦੀ ਵਿਸ਼ੇਸ਼ ਥਾਂ ਹੈ। ਕੀਰਤਨ ਦਵਾਰਾ ਦਿੱਤੀ ਸਿੱਖਿਆ ਸਾਡੇ ਮਨਾਂ ਤੇ ਵਿਸ਼ੇਸ਼ ਪ੍ਰਭਾਵ ਪਾਂਦੀ ਹੈ। ਇਸ ਤੋਂ ਬਿਨਾਂ ਕੀਰਤਨ ਇਕ ਸ਼ੁੱਧ ਸੂਖਸ਼ਮ ਕਲਾ ਹੈ ਜਿਸ ਦਾ ਜਾਨਣਾ ਹਰ ਇਕ ਦਾ ਫਰਜ਼ ਹੈ। ਗੁਰੂ ਸਾਹਿਬਾਨ ਨੇ ਰਾਗ ਵਿਦਿਆ ਦੀ ਮਹਾਨਤਾ ਨੂੰ ਮੁੱਖ ਰਖਦਿਆਂ ਸਾਰੇ ਗੁਰੂ ਗ੍ਰੰਥ ਸਾਹਿਬ ਨੂੰ ਰਾਗਾਂ ਅਨੁਸਾਰ ਰਚਿਆ ਤੇ ਰਾਗਾਂ ਵਿੱਚ ਬਾਣੀ ਗਾਇਨ ਕਰਨ ਦੀ ਲੀਹ ਤੋਰੀ।

ਰਾਗ ਵਿਦਿਆ ਦੇ ਪਰਚਾਰ ਲਈ ਤੇ ਚੰਗੇ ਚੰਗੇ ਕੀਰਤਨੀ ਜਥਿਆਂ ਨੂੰ ਉਤਸ਼ਾਹ ਦੇਣ ਲਈ ਕਾਨਫ੍ਰੰਸ ਦੇ ਪਹਿਲੇ ਦਿਨ ਕੀਰਤਨ ਦਰਬਾਰ ਹੁੰਦਾ ਸੀ। ਇਸ ਵਿੱਚ ਸ਼੍ਰੋਮਣੀ ਕੀਰਤਨੀ ਜਥੇ ਕੀਰਤਨ ਕਰਦੇ ਸਨ ਤੇ ਪਹਿਲੇ ਦੂਜੇ ਤੇ ਤੀਜੇ ਦਰਜੇ ਤੇ ਆਏ ਜਥਿਆਂ ਨੂੰ ਇਨਾਮ ਮਿਲਦਾ ਸੀ। ਕੀਰਤਨ ਕਰਨ ਲਈ ਰਾਗ ਪਹਿਲਾਂ ਦੱਸਿਆ ਹੁੰਦਾ ਸੀ।

ਕੀਰਤਨ ਨੂੰ ਚਾਰ ਹਿੱਸਿਆਂ ਵਿੱਚ ਵੰਡ ਕੇ ਪਰਖ ਕੀਤੀ ਜਾਂਦੀ ਸੀ-

1. ਰਾਗ (ਸੁਰ, ਤਾਲ ਲੈ ਆਦਿ)
2. ਸ਼ੁੱਧ ਬਾਣੀ
3. ਸਪੱਸ਼ਟ ਅਲਾਪ

4. ਸ਼੍ਰੋਤਿਆਂ ਪਰ ਪ੍ਰਭਾਵ

ਹਰ ਇਕ ਹਿਸੇ ਦੇ ਅੱਡ ਅੱਡ ਨੰਬਰ ਮੁਕਰਰ ਹੁੰਦੇ ਸਨ। ਚਾਰ ਹੀ ਜੱਜ ਹੁੰਦੇ ਸਨ ਜੋ ਆਪਣੇ ਆਪਣੇ ਨੰਬਰ ਦਿੰਦੇ ਹਨ ਫਿਰ ਜੋੜ ਕਰਕੇ ਨਤੀਜਾ ਕੱਢਿਆ ਜਾਂਦਾ ਸੀ।

ਗੁਰਮਤਿ ਸੰਗੀਤ ਦੀ ਸਿਖਲਾਈ ਦਾ ਪ੍ਰਬੰਧ ਕਰਨ ਦੀ ਲੋਚਾ ਵੀ ਸਿੱਖ ਐਜੂਕੇਸ਼ਨ ਦੇ ਪ੍ਰਬੰਧਕਾਂ ਦੇ ਮਨਾਂ ਵਿਚ ਰਹਿੰਦੀ ਸੀ। ਗਿਆਰਵੀਂ ਕਾਨਫ੍ਰੰਸ ਜੋ ਗੁਜਰਾਂਵਾਲੇ ਵਿੱਚ ਹੋਈ ਉਸ ਦੀ ਸਵਾਗਤੀ ਕਮੇਟੀ ਦੇ ਪ੍ਰਧਾਨ ਸ੍ਰ. ਮੰਗਲ ਸਿੰਘ ਮਾਨ ਰਈਸ ਕੋਟ ਸ਼ੇਰਾਂ ਨੇ ਆਪਣੇ ਭਾਸ਼ਣ ਵਿੱਚ ਸਿੱਖ ਵਿਦਿਅਕ ਸੰਸਥਾਵਾਂ ਬਾਰੇ ਕਿਹਾ ਸੀ–

ਨਿਤਾਪ੍ਰਤੀ ਆਸ਼੍ਰਮਾਂ ਵਿੱਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਵੇ ਤੇ ਸ਼ਾਮ ਵੇਲੇ ਸੋਦਰ ਦੇ ਦੀਵਾਨ ਸੱਜਣ ਦੀ ਰੀਤ ਪ੍ਰਚੱਲਤ ਕੀਤੀ ਜਾਵੇ। ਇਸ ਦੇ ਨਾਲ ਰਾਗ ਵਿਦਿਆ ਤੇ ਸਧਾਰਨ ਕੀਰਤਨ ਦੀ ਸਿਖਲਾਈ ਦਾ ਪ੍ਰਬੰਧ ਪੰਥ ਦੇ ਸਾਰੇ ਸਕੂਲਾਂ ਕਾਲਜਾਂ ਵਿੱਚ ਕੀਤਾ ਜਾਵੇ। (ਪੰਨਾ 39)

ਇਹਨਾਂ ਕਾਨਫ੍ਰੰਸਾਂ ਵਿੱਚ ਪ੍ਰਸਿੱਧ ਕੀਰਤਨੀਏ ਸਵੇਰੇ ਸ਼ਾਮ ਕੀਰਤਨ ਕਰਦੇ ਸਨ। ਪੰ੍ਦਰਵੀਂ ਕਾਨਫ੍ਰੰਸ ਜੋ 1924 ਵਿੱਚ ਪਟਿਆਲਾ ਵਿਖੇ ਹੋਈ ਸੀ। ਇਸ ਵਿੱਚ ਹੋਏ ਕੀਰਤਨ ਬਾਰੇ ਲਿਖਿਆ ਹੈ–ਧਾਰਮਿਕ ਦੀਵਾਨ ਸ੍ਰੀ ਗੁਰੂ ਸਿੰਘ ਸਭਾ ਦੀ ਆਲੀਸ਼ਾਨ ਇਮਾਰਤ ਦੇ ਖੁੱਲ੍ਹੇ ਵੇਹੜੇ ਵਿੱਚ ਸਜਦੇ ਰਹੇ। ਕਾਨਫ੍ਰੰਸ ਤੋਂ ਇੱਕ ਸਾਤਾ ਪਹਿਲਾਂ ਚੀਫ ਖਾਲਸਾ ਦੀਵਾਨ ਦੇ ਪ੍ਰਸਿਧ ਪ੍ਰਚਾਰਕ ਭਾਈ ਥਾਵਰ ਸਿੰਘ ਜੀ ਸਿੰਧੀ ਆਪਣੇ ਜਥੇ ਸਮੇਤ ਪੁੱਜੇ ਹੋਏ ਸਨ ਜੋ ਦੋਨੋਂ ਵੇਲੇ ਸ਼ਬਦ ਕੀਰਤਨ ਤੇ ਗੁਰੂ ਘਰ ਦੇ ਇਤਿਹਾਸ ਦਿਲ ਖਿਚਵੇਂ ਢੰਗ ਨਾਲ ਸੁਣਾਉਂਦੇ ਤੇ ਸੰਗਤਾਂ ਨੂੰ ਲਾਭ ਪੁਚਾਉਂਦੇ ਰਹੇ।

20 ਤਰੀਕ ਦੀ ਸਵੇਰ ਨੂੰ ਭਾਈ ਸਾਹਿਬ ਭਾਈ ਹੀਰਾ ਸਿੰਘ ਰਾਗੀ ਦਾ ਸ਼ਬਦ ਕੀਰਤਨ ਹੋਣਾ ਸੀ, ਜਿਸ ਲਈ ਸੰਗਤਾਂ ਭਾਈ ਸਾਹਿਬ ਦੇ ਸਾਹਮਣੇ ਬੈਠਣ ਦੀ ਖਿੱਚ ਨਾਲ ਖਿਚੀਆਂ ਹੋਈਆਂ ਸਾਢੇ ਤਿੰਨ ਵਜੇ ਸਵੇਰੇ ਹੀ ਦੀਵਾਨ ਅਸਥਾਨ ਤੇ ਪੁੱਜ ਗਈਆਂ।

ਭਾਈ ਸਾਹਿਬ ਨੇ ਆਸਾ ਦੀ ਵਾਰ ਲਗਾਈ। 4 ਵਜੇ ਦਾ ਵਕਤ, ਅੰਮ੍ਰਿਤ ਵੇਲੇ ਦਾ ਸਮਾਂ, ਭਾਈ ਸਾਹਿਬ ਦੀ ਰਸੀਲੀ ਮਿੱਠੀ ਮਿੱਠੀ, ਪਿਆਰੀ ਪਿਆਰੀ ਤੇ ਗਰਜਵੀਂ ਆਵਾਜ਼ ਵਿੱਚ ਧੁਰੋਂ ਆਈ ਬਾਣੀ ਦੇ ਉਚਾਰਨ ਨੇ ਸੰਗਤਾਂ ਨੂੰ ਰੱਬੀ ਰੰਗ ਵਿੱਚ ਰੰਗ ਦਿੱਤਾ ਤੇ ਸਾਰੇ ਪਾਸੇ ਮਗਨਤਾ ਦੀ ਹਾਲਤ ਤਾਰੀ ਕਰ ਦਿੱਤੀ। ਭਾਈ ਹੀਰਾ ਸਿੰਘ ਨੇ ਅੱਜ ਦੀ ਵਿਆਖਿਆ ਵਿੱਚ ਇੱਕ ਗੱਲ ਤੇ ਖਾਸ ਕਰਕੇ ਜ਼ੋਰ ਦਿੱਤਾ–

ਜਿਸੁ ਨਾਹੀ ਸੋ ਚੁਣਿ ਕਢੀਐ॥ (ਗੋਲਡਨ ਜੁਬਲੀ ਬੁਕ ਪੰਨਾ 61)

ਭਾਈ ਹੀਰਾ ਸਿੰਘ ਜੀ ਦਾ ਵਿਦਿਅਕ ਕਾਨਫ੍ਰੰਸਾਂ ਵਿੱਚ ਮਹੱਤਵ ਪੂਰਨ ਸਥਾਨ ਰਿਹਾ ਹੈ। ਆਪ ਨੇ ਅਨੇਕਾਂ ਸਕੂਲ ਖੋਲ੍ਹਣ ਵਿੱਚ ਹਿੱਸਾ ਪਾਇਆ। ਉਹਨਾਂ ਦੇ ਅਕਾਲ ਚਲਾਣੇ ਉਪਰ ਵਿਸ਼ੇਸ਼ ਗੁਰਮਤਾ ਪਾਸ ਕੀਤਾ ਗਿਆ।

ਭਾਈ ਹੀਰਾ ਸਿੰਘ ਜੀ ਰਾਗੀ ਦੇ ਅਕਾਲ ਚਲਾਣੇ ਉਪਰ ਗੁਰਮਤਾ ਪਾਸ ਕੀਤਾ ਗਿਆ।

ਆਪ ਦੇ ਵਿਛੋੜੇ ਨਾਲ ਪ੍ਰਚਾਰ ਵਿੱਚ ਭਾਰੀ ਘਾਟਾ ਪਿਆ। ਪ੍ਰਚਾਰ ਲਈ ਆਪ ਦੀ ਲਗਨ ਅਦੁੱਤੀ ਸੀ। ਆਪ ਦਾ ਆਪਣਾ ਜੀਵਨ ਇਸ ਦੀ ਰੌਸ਼ਨ ਮਿਸਾਲ ਸੀ।---ਭਾਈ ਹੀਰਾ ਸਿੰਘ ਵਿੱਚ ਇਹ ਖੂਬੀ ਸੀ। ਵੇਖਣ ਵਾਲੇ ਦੱਸਦੇ ਹਨ ਕਿ ਆਪ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬੈਠਕੇ ਕਰੀਬ ਸਵਾ ਘੰਟਾ ਸਿਮਰਨ ਕਰਦੇ ਤੇ ਫੇਰ ਕੀਰਤਨ ਲਈ ਜਾਂਦੇ ਸਨ। ਕਦੇ ਰਾਤ ਦੇ ਦੋ ਵਜੇ ਉਠ ਕੇ ਵਾਜਾ ਲੈ ਕੇ ਇਕਾਂਤ ਵਿੱਚ ਚਲੇ ਜਾਣਾ ਤੇ ਉਥੇ ਜਾ ਕੇ ਇਕਾਂਤ (ਇਕ ਸਤਿਗੁਰੂ ਤੇ ਵਾਹਿਗੁਰੂ ਦੀ ਅੰਗ ਸੰਗ ਹਜ਼ੂਰੀ ਵਿੱਚ) ਕੀਰਤਨ ਕਰਨਾ। ਆਪ ਦੇ ਵਿਛੋੜੇ ਪਰ ਪ੍ਰੋਫੈਸਰ ਪੂਰਨ ਸਿੰਘ ਜੀ ਨੇ ਇਕ ਕਵਿਤਾ ਲਿਖੀ ਜੋ 30 ਸਤੰਬਰ 1926 ਦੇ ਖਾਲਸਾ ਸਮਾਚਾਰ ਵਿੱਚ ਛਪੀ ਸੀ-

ਕੋਇਲ ਵਾਂਗੂ ਕੂਕਿਆ ਤੂੰ,
ਚਕੋਰ ਵਾਂਗੂ ਕੰਬੇ ਫੰਗ ਤੇਰੇ ਦੇਖ ਚੰਨ ਨੂੰ,----।
ਸਤਾਰ ਸਰੀਰ ਵਾਲੀ ਟੁਟੀ ਢਾਢੀ ਗੁਰੂ ਪਿਆਰੇ ਦੀ,
ਪਰ ਗੀਤ ਫੈਲੇ ਅੱਜ ਦਿਲਾਂ ਦੇ ਸੰਸਾਰ ਵਿੱਚ।

24ਵੀਂ ਕਾਨਫ੍ਰੰਸ ਜਿਹੜੀ ਰਾਵਲਪਿੰਡੀ ਵਿਚ ਹੋਈ ਸੀ ਇਸ ਵਿੱਚ ਹੋਏ ਕੀਰਤਨ ਸਮਾਗਮਾਂ ਬਾਰੇ ਗੋਲਡਨ ਜੁਬਲੀ ਬੁੱਕ ਦੇ ਪੰਨਾ 109 ਤੇ ਕਾਨਫ੍ਰੰਸ ਦੇ ਦੂਜੇ ਦਿਨ ਹੋਏ ਦੀਵਾਨ ਬਾਰੇ ਲਿਖਿਆ ਹੈ - ਗੁਰਪੁਰੀ ਵਾਸੀ ਭਾਈ ਹੀਰਾ ਸਿੰਘ ਜੀ ਰਾਗੀ ਦੇ ਛੋਟੇ ਭਰਾਤਾ ਭਾਈ ਪ੍ਰਧਾਨ ਸਿੰਘ ਤੇ ਉਨ੍ਹਾਂ ਦੇ ਬਿਰਧ ਪਿਤਾ ਭਾਈ ਭਾਗ ਸਿੰਘ ਜੀ ਦੇ ਜਥੇ ਨੇ 4 ਵਜੇ ਆਸਾ ਦੀ ਵਾਰ ਲਾਈ ਭਾਈ ਪ੍ਰਧਾਨ ਸਿੰਘ ਜੀ ਸਿਦਕ ਤੇ ਭਰੋਸੇ ਵਾਲੇ ਸਿੰਘ ਹਨ, ਇਨ੍ਹਾਂ ਦੀ ਰਸਨਾ ਵਿੱਚ ਰਸ ਹੈ, ਤੇ ਵਿਆਖਿਆ ਕਰਨ ਲਗਿਆਂ ਆਪਣੇ ਮਾਨਯੋਗ ਭਰਾਤਾ ਭਾਈ ਹੀਰਾ ਸਿੰਘ ਜੀ ਰਾਗੀ ਵਾਲਾ ਹੀ ਰੰਗ ਬਣਾ ਦੇਂਦੇ ਸਨ, ਆਪ ਦਾ ਕੀਰਤਨ ਬੜਾ ਹੀ ਪ੍ਰਭਾਵਸ਼ਾਲੀ ਸੀ। ਸੰਗਤਾਂ ਸੁਣ ਸੁਣ ਕੇ ਗਦ ਗਦ ਹੋ ਰਹੀਆਂ ਸਨ।

-ਇਸ ਕਾਨਫ੍ਰੰਸ ਵਿੱਚ ਭਾਈ ਤਖਤ ਸਿੰਘ ਫੀਰੋਜ਼ਪੁਰ ਵਾਲਿਆਂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਵਿਚਾਰ ਪ੍ਰਗਟ ਕੀਤੇ ਕਿ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਜੋੜ ਮੇਲਿਆਂ ਨੂੰ ਹਰਮਨ ਪਿਆਰਾ ਬਨਾਉਣ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਵਾਨਾਂ ਪਰ ਬਾਕਾਇਦਾ ਹਾਜ਼ਰੀ ਭਰਨ ਦੀ ਲੋੜ ਨਿਸ਼ਚਿਤ ਕਰਾਉਣੀ ਚਾਹੀਦੀ ਹੈ-ਇਸ ਜੁਗਤ ਨਾਲ ਵਿਦਿਆਰਥੀਆਂ ਵਿੱਚ ਅੰਮ੍ਰਿਤ ਵੇਲੇ ਉਠਣ ਦਾ ਸੁਭਾਉ ਪੈ ਜਾਵੇਗਾ, ਇਹ ਬੱਚੇ ਨੂੰ ਨੇਕ, ਅਰੋਗ ਤੇ ਸ਼ੁੱਭ ਆਚਰਨ ਵਾਲਾ ਬਣਾ ਦੇਵੇਗਾ। ਦੀਵਾਨ ਵਿੱਚ ਪਵਿੱਤਰ ਬਾਣੀ ਜੋ ਕੀਰਤਨ ਦੁਆਰਾ ਪਵਿੱਤਰਤਾ ਨਾਲ ਗਾਵੀਂ ਜਾਵੇਗੀ, ਆਪਣਾ ਪਵਿੱਤਰ ਅਸਰ ਪਾਉਣੋ ਨਹੀਂ ਰਹੇਗੀ ਤੇ ਵਿਦਿਆਰਥੀਆਂ ਦੇ ਮਨਾਂ ਪਰ ਗੁਰੂ ਜੀ ਦੀ ਸਿੱਖਿਆ ਦਾ ਸੁੱਤੇ ਪ੍ਰਭਾਵ ਪਵੇਗਾ। ਇਹ ਬੜੇ ਸ਼ੋਕ ਦੀ ਗੱਲ ਹੈ ਜੋ ਅੰਮ੍ਰਿਤ ਵੇਲੇ

ਉਠਣ ਦੀ ਵਾਦੀ, ਜੋ ਸਿੱਖ ਦੀ ਜ਼ਿੰਦਗੀ ਦਾ ਇਕ ਜ਼ਰੂਰੀ ਹਿੱਸਾ ਹੈ ਨੌਜਵਾਨਾਂ ਵਿਚੋਂ ਲੋਪ ਹੋ ਰਹੀ ਹੈ।

ਇਸ ਕਾਨਫ੍ਰੰਸ ਵਿੱਚ ਜਿਹੜਾ ਇਨਾਮੀ ਕੀਰਤਨ ਦਰਬਾਰ ਹੋਇਆ ਉਸ ਵਿੱਚ ਕੀਰਤਨ ਕਰਨ ਵਾਲੇ 8 ਸਿੰਘਾਂ ਨੇ ਹਿੱਸਾ ਲਿਆ। ਸ੍ਰ. ਸੁਜਾਨ ਸਿੰਘ ਸਾਹਿਬ, ਸ੍ਰ. ਬਹਾਦਰ ਭਾਈ ਕਾਨ੍ਹ ਸਿੰਘ ਜੀ ਤੇ ਸੰਤ ਹੀਰਾ ਸਿੰਘ ਜੀ ਜੱਜ ਨੀਯਤ ਕੀਤੇ ਗਏ ਸਨ। ਦਰਬਾਰ ਆਰੰਭ ਹੋਣ ਤੋਂ ਪਹਿਲਾਂ ਭਾਈ ਸੁਧ ਸਿੰਘ ਜੀ ਦੇ ਰਾਗੀ ਜਥੇ ਨੇ ਰਾਗ ਕਾਨੜਾ ਵਿੱਚ **ਐਸੀ ਲਾਲ ਤੁਝ ਬਿਨ ਕਉਨੁ ਕਰੈ** ਸ਼ਬਦ ਦਾ ਕੀਰਤਨ ਕੀਤਾ, ਜਿਸ ਨੂੰ ਸੰਗਤਾਂ ਨੇ ਪ੍ਰੇਮ ਨਾਲ ਸੁਣਿਆ।

ਫਿਰ ਸ੍ਰ. ਬਃ ਕਾਹਨ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੀਆਂ ਕਈ ਰਮਜ਼ਾਂ ਸਮਝਾਈਆਂ। ਉਹਨਾਂ ਕਿਹਾ–ਖਾਲਸਾ ਜੀ ਵਾਹਿਗੁਰੂ ਦੀ ਕ੍ਰਿਪਾ ਨਾਲ ਸਾਡੇ ਵਿੱਚ ਚੰਗੇ ਰਾਗੀ ਹੋ ਗਏ ਹਨ। ਜੋ ਪਰੇਮ ਮਈ ਕੀਰਤਨ ਕਰਦੇ ਹਨ, ਪਰੰਤੂ ਕਈ ਥਾਵਾਂ 'ਤੇ ਇਹ ਦੇਖਣ ਵਿੱਚ ਆਇਆ ਹੈ ਕਿ ਰਾਗੀ ਤੇ ਰਬਾਬੀ ਸਿਨੇਮਾ ਤੇ ਨਾਟਕਾਂ ਦੀਆਂ ਚੰਚਲ ਧਾਰਨਾਂ ਬਹੁਤੀਆਂ ਵਰਤਦੇ ਹਨ ਜਿਸ ਤੋਂ ਉਹ ਭਾਵ ਤੇ ਅਸਰ ਨਹੀਂ ਹੋ ਰਿਹਾ ਜੋ ਕੀਰਤਨ ਤੋਂ ਹੋਣਾ ਚਾਹੀਦਾ ਸੀ। ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਨੇ ਰਾਗ ਦੀ ਉਹ ਮਰਯਾਦਾ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਥਾਪੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪ੍ਰਣੀਤ ਕੀਤੀ, ਨੂੰ ਫਿਰ ਪ੍ਰਚੱਲਤ ਕਰਨ ਦਾ ਸ਼ਲਾਘਾਯੋਗ ਉਦਮ ਆਰੰਭਿਆ ਹੈ। ਜਿਹੜੇ ਰਾਗੀ ਇਸ ਕੀਰਤਨ ਦਰਬਾਰ ਵਿੱਚ ਹਿੱਸਾ ਲੈਣ ਵਾਲੇ ਹਨ, ਉਹਨਾਂ ਨੂੰ ਇਨ੍ਹਾਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਬਾਣੀ ਦਾ ਸ਼ੁੱਧ ਤੇ ਸਪੱਸ਼ਟ ਉਚਾਰਨ ਹੋਵੇ। ਸ਼ੁੱਧ ਪਾਠ ਤੋਂ ਭਾਵ ਇਹ ਹੈ ਸਿਆਰੀ ਬਿਹਾਰੀ ਆਦਿ ਲਗਾਂ ਮਾਤਰਾਂ ਦਾ ਪੂਰਨ ਉਚਾਰਨ ਹੋਵੇ ਜਿਹਾ ਕਿ– **ਕਾਮਿ ਕ੍ਰੋਧਿ ਨਗਰੁ ਬਹੁ ਭਰਿਆ**

ਕਾਮ ਕ੍ਰੋਧ ਦੀ ਸਿਆਰੀ ਨਾਲ ਇਸ ਪਾਠ ਦੇ ਅਰਥ ਇਹ ਬਣਦੇ ਹਨ **ਕਾਮਿ ਕੋ੍ਧਿ ਦੇ** ਨਾਲ– ਇਸੇ ਤਰ੍ਹਾਂ ਪਾਠ ਹੈ– **ਤਿਸਦੈ ਚਾਨਣਿ ਸਭ ਮਹਿ ਚਾਨਣਿ ਹੋਇ।।**

ਪਹਿਲੇ **ਚਾਨਣਿ** ਵਿਚ ਸਿਆਰੀ ਹੈ ਜਿਸਦੇ ਅਰਥ ਹਨ **ਨਾਲ** ਦੂਜੇ ਪਾਠ ਵਿੱਚ ਚਾਨਣੁ ਹੈ ਜੋ ਨਾਉਨ ਹੈ ਇਹਦੇ ਅਰਥ ਹਨ **ਚਾਨਣਾ।**

ਸਪੱਸ਼ਟ ਤੋਂ ਭਾਵ ਇਹ ਹੈ ਕਿ ਜਿਹੜੀ ਤੁਕ ਉਚਾਰਨ ਕੀਤੀ ਜਾਏ ਸਰੋਤੇ ਉਸ ਨੂੰ ਚੰਗੀ ਤਰ੍ਹਾਂ ਸੁਣ ਸਕਣ, ਉਹਨਾਂ ਨੂੰ ਪਤਾ ਲੱਗ ਜਾਇ ਕਿ ਕਿਹੜੀ ਪੰਗਤੀ ਪੜ੍ਹੀ ਜਾ ਰਹੀ ਹੈ। ਕਿਉਂਕਿ ਕਈ ਵਾਰ ਵੇਖਿਆ ਗਿਆ ਹੈ ਕਿ ਇਹ ਪਤਾ ਨਹੀਂ ਲਗਦਾ ਕਿ ਰਾਗੀ ਕਿਹੜੀ ਤੁਕ ਉਚਾਰਨ ਕਰ ਰਿਹਾ ਹੈ।

ਕਈ ਰਾਗੀ ਗਾਉਣ ਲੱਗਿਆਂ ਮੂੰਹ ਵਿੰਗਾ ਟੇਡਾ ਕਰ ਲੈਂਦੇ ਹਨ, ਜੋ ਨਹੀਂ ਕਰਨਾ ਚਾਹੀਦਾ। ਕਈ ਵੇਰ ਹੱਥਾਂ ਨੂੰ ਹਿਲਾਉਣ ਉੱਤੇ ਬਹੁਤਾ ਜ਼ੋਰ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਕੀਰਤਨ ਵਿੱਚ ਇਹ ਗੱਲ ਨਹੀਂ ਸੋਭਦੀ।

ਲੋੜ ਅਨੁਸਾਰ ਕੁਝ ਦੱਸਣ ਲਈ ਹੱਥ ਹਿਲਾਇਆ ਜਾਂ ਟਕੋਰ ਲਗਾਈ ਜਾਣੀ ਚਾਹੀਦੀ ਹੈ, ਪਰ ਲੋੜ ਤੋਂ ਵਧੀਕ ਨਹੀਂ।

ਕੀਰਤਨ ਕਰਨ ਲੱਗਿਆਂ ਸੁਰ, ਤਾਲ ਅਤੇ ਲੈਅ ਆਦਿਕ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਕੀਰਤਨ ਦਾ ਇਕ ਜ਼ਰੂਰੀ ਅੰਗ ਇਹ ਹੁੰਦਾ ਹੈ ਕਿ ਕੀਰਤਨ ਦਾ ਸੰਗਤਾਂ 'ਤੇ ਕੀ ਅਸਰ ਪਿਆ? ਕੀਰਤਨ ਉਸੇ ਰਾਗੀ ਦਾ ਪ੍ਰਸ਼ੰਸਨੀਯ ਸਮਝਣਾ ਚਾਹੀਦਾ ਹੈ। ਜਿਸ ਦਾ ਸ੍ਰੋਤਿਆਂ 'ਤੇ ਚੰਗਾ ਅਸਰ ਪਿਆ ਹੋਵੇ। ਜਿਸਦਾ ਸ੍ਰੋਤਿਆਂ 'ਤੇ ਅਸਰ ਚੰਗਾ ਨਾ ਪਿਆ, ਉਸ ਰਾਗੀ ਨੂੰ ਯੋਗ ਨਹੀਂ ਸਮਝਣਾ ਚਾਹੀਦਾ।

ਢਾਈ ਘੰਟੇ ਦੇ ਕਰੀਬ ਇਹ ਦਰਬਾਰ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਣੀ ਨੂੰ ਪੁਰਾਤਨ ਧਾਰਨਾ, ਜਿਹਨਾਂ ਰਾਗਾਂ ਵਿੱਚ ਸ਼ਬਦ ਉਚਾਰਨ ਹੋਏ ਹਨ, ਉਹਨਾਂ ਵਿੱਚ ਹੀ ਗਾਇਨ ਕਰਨਾ, ਸ਼ੁੱਧ ਤੇ ਸਪੱਸ਼ਟਤਾ ਨਾਲ ਪੜ੍ਹੇ ਜਾਣ ਸਬੰਧੀ ਚੀਫ ਖਾਲਸਾ ਦੀਵਾਨ ਦੇ ਇਸ ਉੱਦਮ ਨੂੰ ਸਾਰਿਆਂ ਪਾਸਿਆਂ ਤੋਂ ਸਲਾਹਿਆ ਗਿਆ ਤੇ ਦੀਵਾਨ ਦੇ ਇਸ ਕੰਮ ਨੂੰ ਪੰਥ ਦੀ ਨਿੱਗਰ ਉਸਾਰੀ ਤੇ ਭਾਰੀ ਪੰਥ ਸੇਵਾ ਕਹਿਆ ਜਾਂਦਾ ਰਿਹਾ। ਇਸ ਕੀਰਤਨ ਦਰਬਾਰ ਵਿੱਚ ਜੱਜਾਂ ਦੇ ਫੈਸਲੇ ਅਨੁਸਾਰ ਭਾਈ ਸਮੁੰਦ ਸਿੰਘ ਜੀ ਨੂੰ ਪਹਿਲਾ ਇਨਾਮ 125 ਰੁਪਏ ਦਾ ਦਿੱਤਾ ਗਿਆ। ਦੂਜੇ ਇਨਾਮ 'ਤੇ ਰਹਿਣ ਵਾਲੇ ਭਾਈ ਪਿਆਰਾ ਸਿੰਘ, ਪੰ. ਨੱਥੂ ਰਾਮ, ਤੇ ਪ੍ਰੋ. ਸੁੰਦਰ ਸਿੰਘ ਜੀ ਸਨ, ਜਿਹਨਾਂ ਤਿੰਨਾਂ ਨੂੰ ਇਕੋ ਜਿਹਾ ਇਨਾਮ ਦਿੱਤਾ ਗਿਆ।

ਕਾਨਫ੍ਰੰਸ ਦੇ ਇਹਨਾਂ ਦੀਵਾਨਾਂ ਵਿੱਚ ਆਸਾ ਦੀ ਵਾਰ ਦੇ ਕੀਰਤਨ ਨੂੰ ਬਹੁਤ ਮਹੱਤਤਾ ਦਿੱਤੀ ਜਾਂਦੀ ਸੀ। 24ਵੀਂ ਕਾਨਫ੍ਰੰਸ ਦੇ ਇੱਕ ਦਿਨ ਆਸਾ ਦੀ ਵਾਰ ਦੇ ਕੀਰਤਨ ਬਾਰੇ ਪੰਨਾ 112 'ਤੇ ਲਿਖਿਆ ਹੈ-

ਸਵੇਰੇ ਚਾਰ ਵਜੇ ਭਾਈ ਸਾਹਿਬ ਭਾਈ ਸੁਧ ਸਿੰਘ ਜੀ ਰਾਗੀ ਨੇ ਆਸਾ ਦੀ ਵਾਰ ਲਾਈ। ਆਪ ਦਾ ਕੀਰਤਨ ਇਸ ਤਰ੍ਹਾਂ ਦਾ ਔਜਸਵੀ ਪੁਰ ਅਸਰ ਦਿਲ ਹਿਲਾ ਦੇਣ ਵਾਲਾ ਤੇ ਪਰੇਮ ਦੇ ਲਹਿਰਾਉ ਵਿੱਚ ਲਿਆਉਣ ਵਾਲਾ ਸੀ ਕਿ-

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਣ।।

ਇਸ ਤਰ੍ਹਾਂ ਇਸ ਵੇਲੇ ਦਾ ਕੀਰਤਨ ਜਿਹਨਾਂ ਨੇ ਸਾਖਿਆਤ ਸੁਣਿਆ ਹੈ ਉਨ੍ਹਾਂ ਨੇ ਹੀ ਰਸ ਮਾਣਿਆ ਹੈ। ਆਪ ਨੇ ਕੀਰਤਨ ਕਰਦਿਆਂ ਅਰਸ਼ੀ ਰੰਗ ਜਮਾ ਦਿੱਤਾ, ਸੰਗਤਾਂ ਖੀਵੀਆਂ ਹੋ ਚਲੂਲ ਰੰਗ ਵਿੱਚ ਰੰਗੀਜ ਗਈਆਂ, ਹਰ ਪਾਸੇ ਵਿਸਮਾਦੀ ਨਜ਼ਾਰਾ ਦਿਸ ਰਿਹਾ ਸੀ।

ਇਨ੍ਹਾਂ ਕਾਨਫ੍ਰੰਸਾਂ ਵਿੱਚ ਤੰਤੀ ਸਾਜ਼ਾਂ ਨਾਲ ਵੀ ਕੀਰਤਨ ਨੂੰ ਉਤਸਾਹਿਤ ਕੀਤਾ ਜਾਂਦਾ ਸੀ। 24ਵੀਂ ਕਾਨਫ੍ਰੰਸ ਦਾ ਜ਼ਿਕਰ ਹੈ-

ਭਾਈ ਤੇਜਿੰਦਰ ਸਿੰਘ ਰਾਗੀ ਨੇ ਵਾਇਲਨ ਨਾਲ

ਗੁਰ ਸੇਵਾ ਤੇ ਭਗਤਿ ਕਮਾਈ।।
ਤਬ ਇਹ ਮਾਨਸ ਦੇਹੀ ਪਾਈ।।

ਗਾਂਵਿਆਂ। ਸੰਗਤਾਂ ਤੇ ਚੰਗਾ ਅਸਰ ਪਿਆ।

ਕਾਨਫ੍ਰੰਸਾਂ ਵਿੱਚ ਸੰਤ ਗੁਰਮੁਖ ਸਿੰਘ ਪਟਿਆਲੇ ਵਾਲੇ ਵੀ ਕੀਰਤਨ ਕਰਦੇ ਸਨ। ਪੰਝੀਵੀਂ ਕਾਨਫ੍ਰੰਸ ਜੋ ਗੁਜਰਾਂਵਾਲਾ ਵਿੱਚ 1935 ਈ. ਨੂੰ 19 ਅਪ੍ਰੈਲ ਵਾਲੇ ਦਿਨ ਆਰੰਭ ਹੋਈ ਇਸ ਦਿਨ ਅੰਮ੍ਰਿਤ ਵੇਲੇ ਸੰਤ ਜੀ ਨੇ ਕੀਰਤਨ ਕੀਤਾ ਜਿਸ ਬਾਰੇ ਪੰਨਾ-116 'ਤੇ ਲਿਖਿਆ ਹੈ-ਸੰਤ ਗੁਰਮੁਖ ਸਿੰਘ ਪਟਿਆਲੇ ਵਾਲਿਆਂ ਨੇ ਤ੍ਰਿਪਹਿਰੇ ਦੀ ਚੌਂਕੀ ਲਾਈ, ਸੰਗਤਾਂ ਇੱਕ ਖਾਸ ਤਰ੍ਹਾਂ ਦੇ ਰਸ ਵਿੱਚ ਆ ਕੇ ਝੂਮ ਰਹੀਆਂ ਸਨ। ਆਪ ਦੀ ਕੋਇਲ ਵਰਗੀ ਆਵਾਜ਼ ਹਜ਼ਾਰਾਂ ਦੀ ਗਿਣਤੀ ਵਿੱਚ ਬੈਠੇ ਸਿੱਖਾਂ ਦੇ ਹਿਰਦਿਆਂ ਦੀਆਂ ਗਹਿਰਾਈਆਂ ਵਿੱਚ ਪੁੱਜ **ਧੰਨ ਗੁਰੂ ਨਾਨਕ** ਦੀ ਗੁੰਜਾਰ ਪੈਦਾ ਕਰ ਰਹੀ ਸੀ। ਇਸੇ ਤਰ੍ਹਾਂ 25ਵੀਂ ਕਾਨਫ੍ਰੰਸ ਵਿੱਚ ਸੰਤ ਜੀ ਦੇ ਕੀਰਤਨ ਬਾਰੇ ਲਿਖਿਆ ਹੈ-ਅੱਜ ਸਵੇਰੇ ਢਾਈ ਵਜੇ ਧਾਰਮਕ ਪੰਡਾਲ ਵਿੱਚ ਸ੍ਰੀ ਮਾਨ ਸੰਤ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ ਦੇ ਜਥੇ ਨੇ ਕੀਰਤਨ ਸ਼ੁਰੂ ਕੀਤਾ, ਅੰਮ੍ਰਿਤ ਵੇਲੇ, ਨਿਰਮਲ ਆਕਾਸ਼ ਵਿੱਚ ਅਣਗਿਣਤ ਤਾਰੇ ਤੇ ਧਰਤੀ ਤੇ ਹਜ਼ਾਰਾਂ ਗੁਰੂ ਦੁਲਾਰੇ ਸ਼ਰਧਾ ਭਰੇ ਦਿਲਾਂ ਤੇ ਚਾਉ ਭਰੇ ਕੰਨਾਂ ਨਾਲ ਅਰਸ਼ੀ ਬਾਣੀ ਸੁਣ ਗਦ ਗਦ ਹੋ ਰਹੇ ਸਨ।

ਕਾਨਫ੍ਰੰਸਾਂ ਵਿੱਚ ਭਾਈ ਸੁਧ ਸਿੰਘ ਜੀ ਦਾ ਰਾਗੀ ਜਥਾ ਵਿਸ਼ੇਸ਼ ਤੌਰ 'ਤੇ ਹਿੱਸਾ ਲੈਂਦਾ ਸੀ। ਆਪ ਵੱਲੋਂ ਕੀਤੇ ਆਸਾ ਦੀ ਵਾਰ ਦੇ ਕੀਰਤਨ ਦਾ ਵਰਣਨ ਜੁਬਲੀ ਬੁੱਕ ਵਿੱਚ ਕਈ ਥਾਂ ਕੀਤਾ ਗਿਆ ਹੈ-

25ਵੀਂ ਕਾਨਫ੍ਰੰਸ ਵਿੱਚ ਕੀਤੇ ਕੀਰਤਨ ਬਾਰੇ ਲਿਖਿਆ ਹੈ-ਫੇਰ ਭਾਈ ਸੁਧ ਸਿੰਘ ਜੀ ਨੇ ਆਸਾ ਦੀ ਵਾਰ ਦੀ ਚੌਂਕੀ ਲਾਈ, ਆਪ ਦੇ ਜਥੇ ਦਾ ਕੀਰਤਨ ਡਾਢੀ ਖਿੱਚ ਪਾ ਰਿਹਾ ਸੀ ਤੇ ਸੰਗਤ ਸ਼ਾਂਤੇ ਕਰੁਣਾ ਰਸ ਨਾਲ ਝੂਮ ਰਹੀ ਸੀ।

25ਵੀਂ ਕਾਨਫਰੰਸ ਗੁਰਮਤਿ ਸੰਗੀਤ ਪੱਖੋਂ ਵਿਸ਼ੇਸ਼ ਮਹੱਤਵ ਵਾਲੀ ਸੀ। ਇਸ ਕਾਨਫ੍ਰੰਸ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਾਂਗ ਕੀਰਤਨ ਦਾ ਪ੍ਰਵਾਹ ਚੌਂਕੀਆਂ ਵਾਲਾ ਸ਼ੁਰੂ ਕੀਤਾ ਗਿਆ। ਸਿਵਾਇ 12 ਤੋਂ 2 ਵਜੇ ਰਾਤ ਤੱਕ ਬਾਕੀ ਦੇ 22 ਘੰਟੇ ਲਗਾਤਾਰ ਅਨੰਦਮਈ ਕੀਰਤਨ ਹੋਇਆ।

ਇਸ ਕਾਨਫ੍ਰੰਸ ਦੇ ਕੀਰਤਨ ਦਰਬਾਰ ਬਾਰੇ ਲਿਖਿਆ ਹੈ-

ਕੀਰਤਨ ਦਰਬਾਰ ਦੇ ਚਾਰ ਜੱਜ ਸਨ, ਸਰਦਾਰ ਬਹਾਦਰ ਕਾਹਨ ਸਿੰਘ, ਪ੍ਰੋਫੈਸਰ ਸਾਹਿਬ ਸਿੰਘ, ਸਰਦਾਰ ਨਰਿੰਦਰ ਸਿੰਘ ਸੁਪਰਡੈਂਟ ਪੋਸਟ ਆਫਸ ਆਰ. ਐਮ. ਲਾਹੌਰ, ਸਰਦਾਰ ਸੁਜਾਨ ਸਿੰਘ ਰੀਟਾਇਰਡ ਅਸਿਸਟੈਂਟ ਕੰਟਰੋਲਰ ਮਿਲਟਰੀ ਰਾਵਲਪਿੰਡੀ।

**ਕੀਰਤਨ ਦੇ ਚਾਰ ਹਿੱਸੇ**

1. ਰਾਗ ਦੀ ਪਛਾਣ ਵਾਸਤੇ ਸਰਦਾਰ ਸੁਜਾਨ ਸਿੰਘ ਜੀ ਰਾਵਲਪਿੰਡੀ
2. ਕੀਰਤਨ ਦੀ ਤਾਸੀਰ ਵੇਖਣ ਲਈ ਸਰਦਾਰ ਨਰਿੰਦਰ ਸਿੰਘ
3. ਸਾਂਗੋਪਾਂਗ ਸਾਫ ਸਪੱਸ਼ਟ ਸੁਣੇ ਜਾਣ ਦੀ ਜਾਣ ਪਛਾਣ ਵਾਸਤੇ ਸ੍ਰ. ਕਾਹਨ ਸਿੰਘ ਜੀ।

4. ਸ਼ੁੱਧ ਪਾਠ ਲਈ ਪ੍ਰੋਫੈਸਰ ਸਾਹਿਬ ਸਿੰਘ ਜੀ ਸਨ।

ਰਾਤ ਦੇ 12 ਵਜੇ ਇਹ ਸ਼ਾਨਦਾਰ ਕੀਰਤਨ ਦਰਬਾਰ ਸਮਾਪਤ ਹੋਇਆ ਸੰਗਤਾਂ ਕੀਰਤਨ ਦਰਬਾਰ ਰਾਹੀਂ ਗੁਰਬਾਣੀ ਸ਼ੁੱਧ ਉਚਾਰਨ ਤੇ ਰਾਗਾਂ ਦੀ ਰਾਗੀਆਂ ਵਿੱਚ ਗਯਾਤ ਵਧਾਣ ਦੀ ਕਾਰਵਾਈ ਤੋਂ ਚੀਫ ਖਾਲਸਾ ਦੀਵਾਨ ਦੀ ਪ੍ਰਸ਼ੰਸ਼ਾ ਕਰ ਰਹੀਆਂ ਸਨ।

ਐਤਕੀਂ ਦੇ ਕੀਰਤਨ ਦਰਬਾਰ ਨੇ ਦਸ ਦਿੱਤਾ ਕਿ ਇਸ ਪੱਖ ਵਿੱਚ ਅਗਲੇ ਸਾਲਾਂ ਨਾਲੋਂ ਤਰੱਕੀ ਹੋਈ ਹੈ। ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਦਾ ਮਹੱਤਵ ਇਹ ਹੈ ਕਿ ਸਾਡਾ ਕੀਰਤਨ ਰਸ ਮਈ ਤੇ ਪ੍ਰਭਾਵਸ਼ਾਲੀ ਹੋਵੇ ਜੈਸਾ ਕਿ ਸਤਿਗੁਰਾਂ ਦੇ ਸਮੇਂ ਸੀ। ਅਕਸਰ ਰਾਗੀ ਸਿੰਘ ਇਹ ਸਮਝਦੇ ਹਨ ਕਿ ਕਿਹੜੇ ਰਾਗ ਦੀ ਪ੍ਰੀਖਿਆ ਹੋਣੀ ਹੈ। ਰਾਗ ਸਮੁੱਚਾ ਕੀਰਤਨ ਨਹੀਂ ਪਰ ਕੀਰਤਨ ਦਾ ਇੱਕ ਅੰਗ ਤੇ ਜ਼ਰੂਰੀ ਅੰਗ ਹੈ। ਸੁਰ ਤਾਲ ਲੈਅ ਦੀ ਸਫਾਈ ਸ਼ੁਧਤਾਈ ਕਮਾਲ ਤੇ ਚਾਹੀਏ। ਇਸੇ ਤਰ੍ਹਾਂ ਬਾਣੀ ਦਾ ਸ਼ੁੱਧ ਉਚਾਰਨ, ਸਪੱਸ਼ਟ ਉਚਾਰਨ, ਤੇ ਰਾਗੀ ਸਿੰਘਾਂ ਦੀ ਬੈਠਕ ਵੀ ਕੀਰਤਨ ਦੇ ਅੰਗ ਹਨ। ਸਾਰੇ ਅੰਗਾਂ ਦਾ ਸਮੁੱਚਾ ਫਲ ਤਾਸੀਰ ਚਾਹੀਏ ਕਿ ਸੁਣਨ ਵਾਲਿਆਂ ਪਰ ਗਾਇਨ ਕੀਤੇ ਗਏ ਸ਼ਬਦਾਂ ਭਾਵ ਅੰਕਿਤ ਹੋ ਕੇ ਬ੍ਰਿਤੀ ਨੂੰ ਸਤੋਗੁਣੀ ਕਰੇ, ਪ੍ਰਾਰਾਲਭ ਹੋਵੇ ਤਾਂ ਲਿਵ ਵਿਚ ਲੈ ਜਾਵੇ। ਇਹ ਸਾਰਾ ਕੁਝ ਕੀਰਤਨੀ ਸੱਜਣਾਂ ਨੂੰ ਸਮਝ ਲੈਣਾ ਚਾਹੀਏ ਜੋ ਅਗਲੇ ਸਾਲ ਕੰਮ ਆਵੇ।(117)

25ਵੀਂ ਕਾਨਫ੍ਰੰਸ ਵਿੱਚ ਭਾਈ ਪ੍ਰਧਾਨ ਸਿੰਘ ਭਾਗ ਸਿੰਘ ਦੇ ਜਥੇ ਦੇ ਆਸਾ ਦੀ ਵਾਰ ਦੇ ਕੀਰਤਨ ਬਾਰੇ ਜਿਕਰ ਕੀਤਾ ਗਿਆ ਗਿਆ ਹੈ- 4 ਤੋਂ 6 ਵਜੇ ਤੱਕ ਸ੍ਰੀ ਮਾਨ ਭਾਈ ਪ੍ਰਧਾਨ ਸਿੰਘ ਭਾਗ ਸਿੰਘ ਜੀ ਰਾਗੀ ਨੇ ਆਸਾ ਦੀ ਵਾਰ ਲਾਈ ਤੇ ਆਨੰਦ ਦਾ ਦਰਿਆ ਉਛਾਲੇ ਮਾਰ ਰਿਹਾ ਸੀ, ਸੰਗਤਾਂ ਕ੍ਰਿਤ ਕ੍ਰਿਤ ਹੋ ਰਹੀਆਂ ਸਨ।

ਸ੍ਰ. ਮੰਗਲ ਸਿੰਘ ਪ੍ਰਧਾਨ ਰੀਸੈਪਸ਼ਨ ਕਮੇਟੀ ਨੇ ਕਿਹਾ ਰਾਗ ਵਿਦਿਆ ਤੇ ਸਧਾਰਨ ਕੀਰਤਨ ਵਿੱਚ ਪ੍ਰੇਮ ਤੇ ਰਸ ਵਧਾਉਣ ਵੱਲ ਉਚੇਚਾ ਯਤਨ ਕਰਨਾ ਚਾਹੀਦਾ ਹੈ।

ਸਤਾਈਵੀਂ ਕਾਨਫ੍ਰੰਸ ਵਿੱਚ ਹੋਏ ਕੀਰਤਨ ਦਰਬਾਰ ਰਾਗ ਜੈਜੈਵੰਤੀ ਨੀਯਤ ਕੀਤਾ ਗਿਆ ਸੀ। ਇਸ ਕੀਰਤਨ ਦਰਬਾਰ ਵਿੱਚ ਬੀਬੀ ਜਸਵੰਤ ਕੌਰ ਅੰਮ੍ਰਿਤਸਰ ਨੂੰ ਪਹਿਲਾ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਰਾਗੀ ਸਰਗੋਧੇ ਵਾਲਿਆਂ ਨੂੰ ਦੂਜਾ ਇਨਾਮ ਪ੍ਰਾਪਤ ਹੋਇਆ।

28ਵੀਂ ਕਾਨਫ੍ਰੰਸ ਵਿੱਚ ਰਾਗ ਸੋਰਠ ਨੀਯਤ ਹੋਇਆ ਸੀ। ਇਸ ਕੀਰਤਨ ਦਰਬਾਰ ਵਿੱਚ ਬੀਬੀ ਜਸਵੰਤ ਕੌਰ ਨੂੰ ਪਹਿਲਾ ਤੇ ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਨੂੰ ਦੂਜਾ ਤੇ ਭਾਈ ਸੁਧ ਸਿੰਘ ਪ੍ਰਧਾਨ ਨੂੰ ਤੀਜਾ ਇਨਾਮ ਪ੍ਰਾਪਤ ਹੋਇਆ।

29ਵੀਂ ਕਾਨਫ੍ਰੰਸ ਵਿੱਚ ਰਾਗ ਕਾਨੜਾ ਅਡਾਣਾ ਨੀਯਤ ਹੋਇਆ ਸੀ। ਮੁਕਾਬਲਾ ਕਾਫੀ ਜ਼ੋਰਦਾਰ ਸੀ ਜਿਸ ਵਿੱਚ ਜੱਜਾਂ ਦੇ ਫੈਸਲੇ ਅਨੁਸਾਰ ਭਾਈ ਸਮੁੰਦ

ਸਿੰਘ ਨੂੰ ਪਹਿਲਾ ਇਨਾਮ, ਬੀਬੀ ਜਸਵੰਤ ਕੌਰ ਨੂੰ ਦੂਜਾ ਤੇ ਬੀਬੀ ਜੋਗਿੰਦਰ ਕੌਰ ਨੂੰ ਤੀਜਾ ਇਨਾਮ ਮਿਲਿਆ। ਇਸ ਦੇ ਨਾਲ ਹੀ ਪੰਡਤ ਨਥੂ ਰਾਮ ਤੇ ਭਾਈ ਦੇਵਤਾ ਸਿੰਘ ਨੂੰ ਸਪੈਸ਼ਲ ਇਨਾਮ ਦਿੱਤਾ ਗਿਆ।

30ਵੀਂ ਕਾਨਫ੍ਰੰਸ ਵਿੱਚ ਸਿਰੀ ਰਾਗ ਨੀਯਤ ਕੀਤਾ ਗਿਆ ਸੀ। ਇਸ ਵਿੱਚ ਪਹਿਲਾ ਇਨਾਮ ਭਾਈ ਹਰਨਾਮ ਸਿੰਘ ਜਸਵੰਤ ਸਿੰਘ ਦੇ ਰਾਗੀ ਜਥੇ ਨੂੰ, ਦੂਜੇ ਅਤੇ ਤੀਜੇ ਦਰਜੇ ਦੇ ਇਨਾਮਾਂ ਨੂੰ ਮਿਲਾ ਕੇ ਬੀਬੀ ਜੋਗਿੰਦਰ ਕੌਰ ਰੇਡੀਓ ਆਰਟਿਸਟ ਤੇ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਸਰਗੋਧੇ ਵਾਲਿਆਂ ਨੂੰ ਦਿੱਤਾ ਗਿਆ।

31ਵੀਂ ਕਾਨਫ੍ਰੰਸ ਵਿੱਚ ਆਸਾ ਰਾਗ ਨੀਯਤ ਕੀਤਾ ਗਿਆ। ਇਸ ਕੀਰਤਨ ਦਰਬਾਰ ਵਿੱਚ ਸ੍ਰ. ਹਰਭਜਨ ਸਿੰਘ ਬੀ.ਏ. ਸਰਗੋਧਾ ਨੂੰ ਪਹਿਲਾ ਇਨਾਮ, ਸ੍ਰ. ਹਰਨਾਮ ਸਿੰਘ ਰਾਗੀ ਮਿੰਟਗੁਮੀਰ ਨੂੰ ਦੂਜਾ ਅਤੇ ਸ੍ਰ. ਨਿਹਾਲ ਸਿੰਘ ਫਿਰੋਜ਼ਪੁਰ ਨੂੰ ਤੀਜਾ ਇਨਾਮ ਦਿੱਤਾ ਗਿਆ।

32ਵੀਂ ਕਾਨਫ੍ਰੰਸ ਵਿੱਚ ਪਹਿਲੇ ਦਿਨ ਸਵੇਰੇ ਅੰਮ੍ਰਿਤਵੇਲੇ ਨਿਯਮ ਅਨੁਸਾਰ ਸ਼ਾਮਿਯਾਨਿਆਂ ਹੇਠ ਧਾਰਮਿਕ ਦੀਵਾਨ ਸਜਿਆ। ਭਾਈ ਸਾਹਿਬ ਸੁਧ ਸਿੰਘ ਪ੍ਰਧਾਨ ਸਿੰਘ ਜੀ ਸਰਗੋਧੇ ਵਾਲਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਆਰੇ ਆਸਾ ਦੀ ਵਾਰ ਦਾ ਰਸਮਈ ਕੀਰਤਨ ਕੀਤਾ। ਹਜ਼ਾਰਾਂ ਗੁਰਸਿੱਖਾਂ ਦਾ ਭਰਿਆ ਦੀਵਾਨ ਤਿੰਨ ਘੰਟੇ ਕੀਰਤਨ ਨਿਰਮੋਲਕ ਹੀਰਾ ਦੇ ਰਸ ਨੂੰ ਮਾਣਦਾ ਇਕਾਗਰ ਚਿਤ ਵਿਸਮਾਦ ਵਿੱਚ ਝੂਮਦਾ ਰਿਹਾ।

ਇਸ ਕਾਨਫ੍ਰੰਸ ਦੇ ਇਨਾਮੀ ਕੀਰਤਨ ਦਰਬਾਰ ਵਿੱਚ ਰਾਗ ਬਿਹਾਗੜਾ ਨਿਸਚਿਤ ਕੀਤਾ ਗਿਆ। ਇਸ ਵਿੱਚ ਪਹਿਲਾ ਇਨਾਮ ਭਾਈ ਸਮੁੰਦ ਸਿੰਘ, ਦੂਜਾ ਇਨਾਮ ਕਾਕਾ ਬੇਅੰਤ ਸਿੰਘ ਨੌਂ ਨਿਹਾਲ ਸਿੰਘ ਅਤੇ ਪ੍ਰਧਾਨ ਸਿੰਘ ਨੂੰ ਤੀਜਾ ਇਨਾਮ ਮਿਲਿਆ।

33ਵੀਂ ਕਾਨਫ੍ਰੰਸ ਵਿੱਚ ਰਾਗ ਬਸੰਤ ਨੀਯਤ ਕੀਤਾ ਗਿਆ ਸੀ। ਇਸ ਵਿੱਚ ਪਹਿਲਾ ਇਨਾਮ ਪਰਧਾਨ ਸਿੰਘ, ਦੂਜਾ ਇਨਾਮ ਬੀਬੀ ਮਨਸ਼ਾ ਕੌਰ ਅਤੇ ਤੀਜਾ ਇਨਾਮ ਲਾਲਾ ਮੇਘਰਾਜ ਨੂੰ ਪ੍ਰਾਪਤ ਹੋਇਆ।

ਪਟਿਆਲਾ ਵਿਖੇ ਹੋਈ 34ਵੀਂ ਕਾਨਫ੍ਰੰਸ ਵਿੱਚ 22 ਅਕਤੂਬਰ ਨੂੰ ਅੰਮ੍ਰਿਤ ਵੇਲੇ ਸਜੇ ਦੀਵਾਨ ਵਿੱਚ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਦੇ ਰਾਗੀ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕਰਕੇ ਸਾਈ ਨਾਮ ਅਮੋਲ ਦੀ ਮਹਿਮਾ ਤੇ ਗੌਰਵਤਾ ਗੁਰੂ ਹੁਕਮਾਂ ਅਨੁਸਾਰ ਦਰਸਾ ਕੇ ਸ਼੍ਰੋਤਾ ਸੁਰਤਾਂ ਨੂੰ ਅੰਮ੍ਰਿਤ ਰਸ ਨਾਲ ਤ੍ਰਿਪਤ ਕੀਤਾ।

ਇਸ ਕਾਨਫ੍ਰੰਸ ਵਿੱਚ ਕੀਰਤਨ ਮੁਕਾਬਲੇ ਲਈ ਚਾਰ ਜੱਜ ਥਾਪੇ ਗਏ ਕੰਵਰ ਪਦਮਜੀਤ ਸਿੰਘ, ਬਾਵਾ ਉਜਾਗਰ ਸਿੰਘ, ਟਿਕਾ ਸੁਰਿੰਦਰ ਸਿੰਘ ਜੀ ਬੇਦੀ, ਤੇ ਭਾਈ ਸਾਹਿਬ ਭਾਈ ਅਰਿਦਮਨ ਸਿੰਘ ਬਾਗੜੀਆਂ।

ਇਸ ਕਾਨਫ੍ਰੰਸ ਵਿੱਚ ਦੋ ਤਰ੍ਹਾਂ ਦੇ ਮੁਕਾਬਲੇ ਹੋਏ। ਸੁਸਿਖਿਅਤ ਰਾਗੀਆਂ ਲਈ ਦਰਬਾਰੀ ਕਾਨੜਾ ਰਾਗ ਨਿਯਤ ਹੋਇਆ ਅਤੇ ਸਿਖਾਂਦਰੂਆਂ ਲਈ ਰਾਗ ਸੋਰਠ

ਨਿਯਤ ਕੀਤਾ ਗਿਆ। ਰਾਗ ਦਰਬਾਰੀ ਕਾਨੜਾ ਦੇ ਮੁਕਾਬਲੇ ਵਿੱਚ ਪਹਿਲਾ ਇਨਾਮ ਪ੍ਰੋਫੈਸਰ ਰਵੇਲ ਸਿੰਘ ਕੰਵਲ ਨੂੰ, ਦੂਜਾ ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਨੂੰ ਤੀਜਾ ਭਾਈ ਪ੍ਰਤਾਪ ਸਿੰਘ ਅੰਮ੍ਰਿਤਸਰ ਵਾਲਿਆਂ ਨੂੰ ਪ੍ਰਾਪਤ ਹੋਇਆ। ਰਾਗ ਸੋਰਠ ਦੇ ਮੁਕਾਬਲੇ ਵਿੱਚ ਪਹਿਲਾ ਇਨਾਮ ਬੀਬੀ ਰਾਜਵੰਸ਼ ਕੌਰ ਨੂੰ, ਦੂਜੇ ਗਿਆਨੀ ਹਰਭਜਨ ਸਿੰਘ ਰਤਨ ਤੇ ਤੀਜਾ ਸ੍ਰ. ਸੁਰਜੀਤ ਸਿੰਘ ਨੂੰ ਦਿੱਤਾ ਗਿਆ। ਸਪੈਸ਼ਲ ਇਨਾਮ ਬੀਬੀ ਦਰਸ਼ਨ ਕੌਰ ਨੂੰ ਵੀ ਦਿੱਤਾ ਗਿਆ।

35ਵੀਂ ਕਾਨਫ੍ਰੰਸ 23-24-25 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਹੋਈ। ਇਸ ਹੋਏ ਇਨਾਮੀ ਕੀਰਤਨ ਦਰਬਾਰ ਰਾਗੀ ਗਉੜੀ (ਭੈਰਉ ਅੰਗ) ਨੀਯਤ ਕੀਤਾ ਗਿਆ। ਗਾਇਕਾਂ ਵਿੱਚੋਂ ਪਹਿਲਾ ਇਨਾਮ ਬੀਬੀ ਰਾਜਬੰਸ ਕੌਰ, ਦੂਜਾ ਇਨਾਮ ਸ੍ਰ. ਹਰਭਜਨ ਸਿੰਘ ਰਤਨ ਤੇ ਤੀਜਾ ਬੀਬੀ ਦਲਜੀਤ ਕੌਰ ਨੂੰ ਦਿੱਤਾ ਗਿਆ। ਰਾਗੀਆਂ ਵਿੱਚੋ ਪਹਿਲਾ ਇਨਾਮ ਪ੍ਰੋ. ਰਵੇਲ ਸਿੰਘ ਪਟਿਆਲਾ ਅਤੇ ਦੂਜਾ ਇਨਾਮ ਭਾਈ ਹਰਨਾਮ ਸਿੰਘ ਜੋਗੀ ਨੂੰ ਦਿੱਤਾ ਗਿਆ। 36ਵੀਂ ਕਾਨਫ੍ਰੰਸ 11-12-13 ਅਪ੍ਰੈਲ ਨੂੰ ਨਵੀਂ ਦਿੱਲੀ ਗੁਰਦੁਆਰਾ ਰਕਾਬਗੰਜ ਸਾਹਿਬ ਵਿੱਚ ਹੋਈ। ਇਸ ਵਿੱਚ ਹੋਏ ਕੀਰਤਨ ਦਰਬਾਰ ਵਿੱਚ ਰਾਗ ਦਰਬਾਰੀ ਕਾਨੜਾ ਨੀਯਤ ਕੀਤਾ ਗਿਆ ਸੀ। ਪਹਿਲਾ ਇਨਾਮ ਬੀਬੀ ਮਨਸਾ ਕੌਰ ਜੀ ਨੂੰ, ਦੂਜਾ ਇਨਾਮ ਸ੍ਰ. ਪ੍ਰਤਾਪ ਸਿੰਘ ਅਤੇ ਭਾਈ ਮਨਮੋਹਨ ਸਿੰਘ ਰਾਗੀ ਬੰਬਈ ਵਾਲਿਆਂ ਨੂੰ ਦਿੱਤਾ ਗਿਆ।

37ਵੀਂ ਕਾਨਫ੍ਰੰਸ ਕਾਨਪੁਰ ਵਿਖੇ ਹੋਈ ਸੀ। ਇਸ ਵਿੱਚ ਸੁਸਿਖਿਅਤ ਰਾਗੀਆਂ ਲਈ ਰਾਗ ਸ਼ਾਮ ਕੇਦਾਰਾ ਅਤੇ ਸਿਖਾਂਦਰੂਆਂ ਲਈ ਕਾਨੜਾ ਬਾਗੇਸ਼ਰੀ ਨੀਯਤ ਕੀਤਾ ਗਿਆ ਸੀ। ਸੁਸਿਖਿਅਤ ਰਾਗੀਆਂ ਵਿੱਚੋਂ ਪਹਿਲਾ ਇਨਾਮ ਭਾਈ ਸੁਧ ਸਿੰਘ ਪ੍ਰਧਾਨ ਸਿੰਘ, ਦੂਜਾ ਇਨਾਮ ਭਾਈ ਮੋਹਨ ਸਿੰਘ ਜੀ ਬੰਬਈ ਅਤੇ ਤੀਜਾ ਇਨਾਮ ਪ੍ਰੋ. ਰਵੇਲ ਸਿੰਘ ਪਟਿਆਲਾ ਨੂੰ ਪ੍ਰਾਪਤ ਹੋਇਆ। ਸਿਖਾਂਦਰੂਆਂ ਵਿੱਚੋਂ ਪਹਿਲਾ ਇਨਾਮ ਬੀਬੀ ਸਤੀ ਗੋਪੀ, ਦੂਜਾ ਬੀਬੀ ਜਸਬੀਰ ਕੌਰ ਦਲਜੀਤ ਕੌਰ ਪਟਿਆਲਾ ਅਤੇ ਤੀਜਾ ਇਨਾਮ ਬੀਬੀ ਅਵਤਾਰ ਕੌਰ ਸਹਾਰਨ ਪੁਰ ਨੂੰ ਪ੍ਰਾਪਤ ਹੋਇਆ।

38ਵੀਂ ਕਾਨਫ੍ਰੰਸ ਬੰਬਈ ਵਿਖੇ ਹੋਈ ਸੀ। ਇਸ ਰਾਗ ਦੇ ਇਨਾਮੀ ਕੀਰਤਨ ਦਰਬਾਰ ਵਿੱਚ ਰਾਗੀ ਸ੍ਰੀ ਨੀਯਤ ਕੀਤਾ ਗਿਆ ਸੀ। ਪਹਿਲਾ ਇਨਾਮ ਭਾਈ ਮੋਹਨ ਸਿੰਘ ਰੇਡੀਓ ਆਰਟਿਸਟ, ਦੂਜਾ ਇਨਾਮ ਸ੍ਰੀ ਡਬਲਿਯੂ ਐਮ. ਵਾਡਾਨੀ ਜੀ ਨੂੰ ਤੇ ਤੀਜਾ ਇਨਾਮ ਬੀਬਾ ਜਸਵੰਤ ਕੌਰ ਜੀ ਨੂੰ ਦਿੱਤਾ ਗਿਆ।

39ਵੀਂ ਕਾਨਫ੍ਰੰਸ ਲੁਧਿਆਣਾ ਵਿਖੇ ਹੋਈ ਸੀ। ਇਸ ਦੇ ਕੀਰਤਨ ਦਰਬਾਰ ਵਿੱਚ ਰਾਗ ਜੈਜੈਵੰਤੀ ਨੀਯਤ ਕੀਤਾ ਗਿਆ ਸੀ। ਪਹਿਲਾ ਇਨਾਮ ਭਾਈ ਵਰਿਆਮ ਸਿੰਘ, ਦੂਜਾ ਇਨਾਮ ਪ੍ਰੋ. ਹਰਚਰਨ ਸਿੰਘ ਅਤੇ ਤੀਜਾ ਇਨਾਮ ਭਾਈ ਜਸਵੰਤ ਸਿੰਘ ਨੂੰ ਪ੍ਰਾਪਤ ਹੋਇਆ।

40ਵੀਂ ਕਾਨਫ੍ਰੰਸ ਜਲੰਧਰ ਵਿਖੇ ਹੋਈ। ਇਸ ਦੇ ਇਨਾਮੀ ਕੀਰਤਨ ਦਰਬਾਰ ਵਿੱਚ ਰਾਗ ਸੋਰਠ ਨੀਯਤ ਕੀਤਾ ਗਿਆ ਸੀ। ਪਹਿਲਾ ਇਨਾਮ ਕਿਸੇ ਨੂੰ ਨਹੀਂ ਦਿੱਤਾ ਗਿਆ ਦੂਜਾ ਇਨਾਮ ਭਾਈ ਪ੍ਰਧਾਨ ਸਿੰਘ ਸਰਗੋਧੇ ਵਾਲਿਆਂ ਨੂੰ ਅਤੇ ਤੀਜਾ ਇਨਾਮ ਸ੍ਰੀ ਗੁਰੂ ਰਾਮ ਦਾਸ ਵਿਦਿਆਲਾ ਦੇ ਵਿਦਿਆਰਥੀਆਂ ਨੂੰ ਤੇ ਚੌਥਾ ਇਨਾਮ ਸ੍. ਰਵੇਲ ਸਿੰਘ ਪਟਿਆਲੇ ਵਾਲੇ ਨੂੰ ਅਤੇ ਇੱਕ ਸਪੈਸ਼ਲ ਇਨਾਮ ਬੀਬੀ ਸੱਤੀ ਤੇ ਗੋਪੀ ਸਿੰਧੀ ਭੈਣਾਂ ਨੂੰ ਦਿੱਤਾ ਗਿਆ।

ਇਸ ਤੋਂ ਇਲਾਵਾ ਚੀਫ ਖਾਲਸਾ ਦੀਵਾਨ ਨੇ ਕੀਰਤਨੀਆਂ ਨੂੰ ਸਨਮਾਨਿਤ ਕਰਨ ਦੀ ਰੀਤ ਚਲਾਈ ਇਸ ਵਿੱਚ ਉੱਘੇ ਕੀਰਤਨੀਆਂ ਦੇ ਨਾਮ ਤੇ ਐਵਾਰਡ ਆਰੰਭ ਕੀਤੇ ਗਏ। ਜਿਵੇਂ ਭਾਈ ਹੀਰਾ ਸਿੰਘ ਐਵਾਰਡ, ਭਾਈ ਸੰਤਾ ਸਿੰਘ ਐਵਾਰਡ ਆਦਿ। ਇਹਨਾਂ ਕਾਨਫ੍ਰੰਸਾਂ ਰਾਹੀਂ ਅਜੇ ਵੀ ਗੁਰਮਤਿ ਸੰਗੀਤ ਨੂੰ ਪ੍ਰਫੁੱਲਤ ਕਰਨ ਦੇ ਜਤਨ ਕੀਤੇ ਜਾ ਰਹੇ ਹਨ। ਇਹਨਾਂ ਭਾਵਨਾਵਾਂ ਦਾ ਹੀ ਪ੍ਰਤਾਪ ਹੈ ਕਿ ਅੱਜ ਗੁਰਮਤਿ ਸੰਗੀਤ ਸਕੂਲਾਂ ਤੋਂ ਲੈ ਕੇ ਯੂਨੀਵਰਸਟੀਆਂ ਤੱਕ ਇੱਕ ਵੱਖਰੇ ਸਬਜੈਕਟ ਦੇ ਤੌਰ ਲਾਗੂ ਹੋ ਗਿਆ ਹੈ। ਇਸ ਨੂੰ ਸੰਸਾਰ ਪੱਧਰ 'ਤੇ ਵੀ ਮਾਨਤਾ ਪ੍ਰਾਪਤ ਹੋ ਗਈ ਹੈ।

# ਭਾਈ ਮਨੀ ਸਿੰਘ ਜੀ ਦੀਆਂ ਲਿਖਤਾਂ ਵਿੱਚ ਕੀਰਤਨ ਦੀ ਮਹੱਤਤਾ

ਭਾਈ ਮਨੀ ਸਿੰਘ ਜੀ ਜੀ ਦਾ ਨਾਮ ਸਿੱਖ ਇਤਿਹਾਸ ਵਿੱਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਆਪ ਜੀ ਦੀ ਸ਼ਹੀਦੀ ਬੇਮਿਸਾਲ ਹੈ। ਇਸ ਲਈ ਜਦੋਂ ਵੀ ਉਹਨਾਂ ਨੂੰ ਯਾਦ ਕੀਤਾ ਜਾਂਦਾ ਹੈ ਤਾਂ ਉਹਨਾਂ ਦੀ ਲਾਸਾਨੀ ਸ਼ਹੀਦੀ ਕਰਕੇ ਹੀ ਯਾਦ ਕੀਤਾ ਜਾਂਦਾ ਹੈ। ਕਿਵੇਂ ਉਹਨਾਂ ਨੇ ਬੇਖੌਫ ਹੋ ਕੇ ਬੰਦ ਬੰਦ ਕਟਵਾਏ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਆਪ ਇੱਕ ਕੁਸ਼ਲ ਪ੍ਰਬੰਧਕ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਅਤੇ ਕੀਰਤਨ ਮਰਿਆਦਾ ਨੂੰ ਸੁਚਾਰੂ ਰੂਪ ਨਾਲ ਚਲਾਉਣ ਹਿਤ ਮਾਤਾ ਸੁੰਦਰੀ ਜੀ ਨੇ ਸੰਨ 1721 ਵਿਚ ਭਾਈ ਮਨੀ ਸਿੰਘ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਕਿਰਪਾਲ ਸਿੰਘ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਭੇਜਿਆ।[1] ਭਾਈ ਮਨੀ ਸਿੰਘ ਜੀ ਨੂੰ ਮਾਤਾ ਸੁੰਦਰੀ ਨੇ ਹਰਿਮੰਦਿਰ (ਅੰਮ੍ਰਿਤਸਰ) ਦਾ ਗ੍ਰੰਥੀ ਥਾਪ ਕੇ ਭੇਜਿਆ ਸੀ।[2] ਭਾਈ ਮਨੀ ਸਿੰਘ ਦੇ ਅੰਮ੍ਰਿਤਸਰ ਆਉਣ ਨਾਲ ਭਾਰੀ ਗਿਣਤੀ ਵਿਚ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰਿਆਂ ਲਈ ਆਉਣ ਲੱਗੀਆਂ ਅਤੇ ਭਾਈ ਮਨੀ ਸਿੰਘ ਨੇ ਸਥਾਨਕ ਸੰਗਤਾਂ ਦੀ ਸਹਾਇਤਾ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਮਰਿਆਦਾ ਮੁੜ ਤੋਂ ਬਹਾਲ ਕੀਤੀ।[3]

ਇਸ ਦੇ ਨਾਲ-ਨਾਲ ਭਾਈ ਸਾਹਿਬ ਨੇ ਸਿੱਖ ਸਾਹਿਤ ਦੀ ਸੰਭਾਲ ਲਈ ਵੀ ਜਤਨ ਆਰੰਭ ਕੀਤੇ ਆਪ ਨੇ ਦਸਮ ਗ੍ਰੰਥ ਨਾਲ ਸਬੰਧਤ ਰਚਨਾਵਾਂ ਦਾ ਅਧਿਐਨ ਕਰਨਾ ਆਰੰਭ ਕੀਤਾ ਤਾਂ ਜੋ ਇਹ ਨਿਰਨਾ ਕੀਤਾ ਜਾ ਸਕੇ ਕਿ ਕਿਹੜੀਆਂ ਬਾਣੀਆਂ ਸ੍ਰੀ ਗੁਰੂ ਗੋਬਿਦ ਸਿੰਘ ਜੀ ਦੀਆਂ ਰਚਨਾਵਾਂ ਹਨ। ਆਪ ਨੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਵਿਸਥਾਰ ਸਹਿਤ ਅਰਥ ਅਤੇ ਉਹਨਾਂ ਦਾ ਇਤਿਹਾਸਕ ਪਰਿਪੇਖ ਤਲਾਸ਼ਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਦੇ ਵਿਸ਼ੇਸ਼ ਸਿੱਖਾਂ ਦੀਆਂ ਜੀਵਨੀਆਂ ਤੇ ਅਧਾਰਿਤ ਸਿੱਖਾਂ ਦੀ ਭਗਤਮਾਲਾ ਤਿਆਰ ਕੀਤੀ। ਆਪ ਦੇ ਨਾਮ ਹੇਠ ਗਿਆਨ ਰਤਨਾਵਲੀ, ਸਿੱਖਾਂ ਦੀ ਭਗਤਮਾਲ ਅਤੇ ਜਨਮ ਸਾਖੀ ਨਾਮਕ ਪੁਸਤਕਾਂ ਮਿਲਦੀਆਂ ਹਨ। ਆਪ ਦੀ ਵਾਰਤਕ ਬੜੀ ਰੌਚਿਕ ਹੈ। ਇਸ ਵਿੱਚ ਕਮਾਲ ਦੀ ਰਵਾਨੀ ਅਤੇ ਰੌਚਕਤਾ ਹੈ।

ਆਪ ਦੀਆਂ ਇਹਨਾਂ ਰਚਨਾਵਾਂ ਦਾ ਜ਼ਰਾ ਡੂੰਘਾ ਅਧਿਐਨ ਕਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਨੂੰ ਗੁਰਬਾਣੀ ਕੀਰਤਨ ਅਰਥਾਤ ਗੁਰਮਤਿ ਸੰਗੀਤ ਦਾ ਭਰਪੂਰ ਗਿਆਨ ਸੀ। ਗੁਰੂ ਸਾਹਿਬਾਨ ਨਾਲ ਸਬੰਧਤ ਸਾਖੀਆਂ ਬਿਆਨ ਕਰਦੇ ਸਮੇਂ ਆਪ

ਗੁਰਮਤਿ ਸੰਗੀਤ ਦੇ ਰਹੱਸਾਂ ਬਾਰੇ ਟਿੱਪਣੀਆਂ ਕਰ ਜਾਂਦੇ ਹਨ।

ਭਾਈ ਮਰਦਾਨਾ ਦੇ ਗੁਰੂ ਨਾਨਕ ਦੇਵ ਜੀ ਨਾਲ ਮੇਲ ਬਾਰੇ ਸਾਖੀ ਵਿੱਚ ਗੁਰਬਾਣੀ, ਰਾਗ ਅਤੇ ਕੀਰਤਨੀਆਂ ਬਾਰੇ ਪਤਾ ਚਲਦਾ ਹੈ। ਜਦੋਂ ਮਰਦਾਨਾ ਗੁਰੂ ਨਾਨਕ ਦੇਵ ਜੀ ਨੂੰ ਮਿਲਦਾ ਹੈ ਤਾਂ ਗੁਰੂ ਸਾਹਿਬ ਉਸ ਸਮੇਂ ਜੋ ਬਚਨ ਉਚਾਰਦੇ ਹਨ ਉਹ ਕੇਵਲ ਮਰਦਾਨੇ ਲਈ ਨਹੀਂ ਹਨ ਸਗੋਂ ਉਸ ਤੋਂ ਅਜੋਕੇ ਰਾਗੀਆਂ ਰਬਾਬੀਆਂ ਅਤੇ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਇੱਕ ਸੇਧ ਮਿਲਦੀ ਹੈ – ***ਅਰ ਇਕ ਦਿਨ ਮਰਦਾਨਾ ਮਿਰਾਸੀ ਬਾਬੇ ਨੂੰ ਆਣ ਮਿਲਿਆ ਸੋ ਤਦ ਲੋਕ ਫਰੀਦ ਜੀ ਦੀ ਜਾਰਤ ਨੂੰ ਜਾਂਦੇ ਸਨ ਤਾਂ ਮਰਦਾਨੇ ਕਹਿਆ, ਬਾਬਾ ਜੀ ਜੇ ਤੂ ਚਲੇ ਅਸੀਂ ਵੀ ਜਾਤ੍ਰਾ ਵਾਲਿਆਂ ਨਾਲ ਜਾਰਤ ਕਰ ਆਈਏ। ਤਾਂ ਬਾਬੇ ਆਖਿਆ ਜੇ ਤੂੰ ਅਸਾਡੇ ਨਾਲ ਪੱਕੀ ਰਿਫਾਕਤ ਕਰੇ ਤਾਂ ਅਸੀਂ ਜਾਈਏ, ਤਾਂ ਉਸ ਆਖਿਆ ਜਿ ਜੇ ਤੂੰ ਮੇਰੀ ਅਤੇ ਮੇਰੇ ਕੁਟੰਬੀਆਂ ਦੀ ਖਬਰ ਲਵੇ ਤਾਂ ਮੈਂ ਕਿਉਂ ਨਹੀਂ ਰਿਫਾਕਤ ਕਰਦਾ। ਤਾਂ ਬਾਬੇ ਕਹਿਆ ਰਾਗ ਤੂੰ ਜਿਹੜਾ ਜਾਣਦਾ ਹੈਂ ਸੋ ਇਹੋ ਸਬਦ ਰਾਗ ਪਾਇਕੇ ਨਿਹਕਾਮ ਹੋ ਕੇ ਗਾਵੇਗਾ ਤਾਂ ਤੇਰਾ ਪਰਲੋਕ ਸਿੱਧ ਹੋਵੇਗਾ ਤੇ ਜੇ ਇਹੋ ਸਬਦ ਤੇਰੇ ਵੰਸ ਵਾਲੇ ਗਾਵਨਗੇ ਤਾਂ ਉਨਕਾ ਵਿਵਹਾਰ ਸਿਧ ਹੋਵੇਗਾ।***[4]

ਭਾਈ ਮਾਲੋ ਅਤੇ ਮਾਂਗਾ ਦੋ ਸਿੱਖਾਂ ਨਾਲ ਸਬੰਧਤ ਇੱਕ ਸਾਖੀ ਵਿੱਚ ਭਾਈ ਸਾਹਿਬ ਨੇ ਜਿਥੇ ਕੀਰਤਨ ਦੀ ਮਹੱਤਤਾ ਦਰਸਾਈ ਉਥੇ ਇਸ ਵਾਰਤਾਲਾਪ ਵਿੱਚ ਉਸ ਵੇਲੇ ਪ੍ਰਚਲਿਤ ਵੱਖ ਕਿੱਤਿਆਂ ਦੀ ਮਹੱਤਤਾ ਵੀ ਪਤਾ ਚਲਦਾ ਹੈ। ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ ਫਲ ਦੀ ਮਹਿਮਾਂ ਨੂੰ ਬੜੇ ਸੁੰਦਰ ਦ੍ਰਿਸ਼ਟਾਂਤਾਂ ਨਾਲ ਪ੍ਰਭਾਵਸ਼ਾਲੀ ਵਾਰਤਕ ਵਿੱਚ ਵਾਰਤਲਾਪ ਸਿਰਜਦਿਆਂ ਇਉਂ ਦਰਸਾਇਆ ਗਿਆ ਹੈ:

***'ਤੁਸਾਂ ਬਚਨ ਕੀਤਾ ਹੈ ਜੋ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫਲੁ ਵਡਾ ਹੈ, ਏਹ ਅਸਾਡੇ ਸਮਝ ਵਿਚ ਕੈਸੇ ਆਵੇ ? ਬਚਨ ਹੋਇਆ ਜੋ ਲਕੜਹਾਰੇ ਲੱਕੜੀਆਂ ਲਿਆਉਂਦੇ ਹਨ ਤੇ ਪਾਂਡੀ ਪੰਡਾਂ ਲਿਆਉਂਦੇ ਹਨ, ਸੋ ਮਜੂਰੀ ਵੱਡੀ ਕਰਦੇ ਹਨ ਤੇ ਨਫਾ ਥੋੜ੍ਹਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹਨ, ਮਜੂਰੀ ਓਨ੍ਹਾਂ ਦੀ ਥੋੜ੍ਹੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਓਨ੍ਹਾਂ ਭੀ ਮਜੂਰੀ ਘੱਟ ਕਰਦੇ ਹਨ, ਭੁਖਣਾ ਤੇ ਰੁਪਯਾਂ ਦਾ ਸੌਦਾ ਕਰਦੇ ਹਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹਨ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਨ੍ਹਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿੱਖਦਾ ਹੈ। ਤੈਸੇ ਹੋਰ ਜੋ ਤਪ ਹਨ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ, ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਕਥਾ ਕੀਰਤਨ ਦੇ ਪੜ੍ਹਨ ਸੁਣਨ ਕਰ ਪ੍ਰਿਥਮੈ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿੱਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ ਤਾਂ ਏਹੁ ਬਚਨੁ ਸੁਣਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁੱਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੈ ਸੁਣੈ, ਤੇ ਦੋਨੋ ਮਿਲ ਕੇ ਫੇਰ ਕੀਰਤਨ ਕਰਨਿ, ਤਾਂ ਓਨ੍ਹਾਂ***

*ਦੀ ਰਸਨਾ ਥੀਂ ਐਸਾ ਸਭ ਸਿੱਖਾਂ ਨੂੰ ਰਸ ਆਵੈ ਕਿ ਜੋ ਕੋਈ ਸੁਣੇ, ਸਭ ਪਾਪਾਂ ਦਾ ਤਿਆਗੁ ਕਰਨਿ।'*[5]

ਗੁਰੂ ਅਰਜਨ ਦੇਵ ਜੀ ਸਮੇਂ ਦੇ ਦੋ ਸਿੱਖਾਂ ਭਾਈ ਝਾਝੂ ਅਤੇ ਮੁਕੰਦ ਬਾਰੇ ਲਿਖਦਿਆਂ ਗੁਰਬਾਣੀ ਦੇ ਪਾਠ ਅਤੇ ਗੁਰਬਾਣੀ ਦੇ ਕੀਰਤਨ ਦੀ ਮਹੱਤਤਾ ਨੂੰ ਬੜੇ ਸੁੰਦਰ ਢੰਗ ਨਾਲ ਬਿਆਨ ਕਰਦੇ ਹਨ- '***ਬਾਣੀ ਦਾ ਪਾਠ ਏਹੁ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈ ਦੀ ਹੈ ਅਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ। ਤੈਸੇ ਬਾਣੀ ਦੇ ਪਾਠ ਦਾ ਫਲ ਹੋਤਾ ਹੈ। ਪਰ ਖੂਹ ਦਾ ਪਾਣੀ ਦੂਜੇ ਦੀ ਪੈਲੀ ਨਜਦੀਕ ਹੋਵੇ ਤਾਂ ਉਸ ਨੂੰ ਭੀ ਪਹੁੰਚਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੈ ਬਰਖਾ ਕਰਦਾ ਹੈ ਤਾਂ ਸਭੈ ਪੈਲੀਆਂ ਹਰੀਆਂ ਹੁੰਦੀਆਂ ਹਨ।***[6]

ਇਕ ਹੋਰ ਸਾਖੀ ਵਿਚ ਜਿਥੇ ਸਰੋਤੇ ਦਾ ਸਥਾਨ ਨਿਸ਼ਚਿਤ ਕੀਤਾ ਗਿਆ ਹੈ ਉਥੇ ਇਹ ਵੀ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਬਾਣੀ ਦੇ ਅਧੀਨ ਰੱਖਿਆ ਹੈ ਜੋ ਗੁਰਮਤਿ ਸੰਗੀਤ ਦੀ ਇੱਕ ਵਿਸ਼ੇਸ਼ਤਾ ਹੈ।

***ਇਕ ਰਾਗ ਰਾਗਨੀਆਂ ਸਮਝਦੇ ਹੈਨ।। ਇਕ ਸੁਰ ਨੂੰ ਸਮਝਦੇ ਹੈਨ।। ਇਕ ਸਾਜ ਨੂੰ ਸਮਝਦੇ ਹੈਨ।। ਇਕ ਸਬਦ ਦੇ ਤਾਤਪਰਜ ਨੂੰ ਸਮਝਦੇ ਹੈਨ।। ਤੁਮ ਵਡੇ ਸੂੱਤੇ ਹੈ ਜੋ ਸਬਦ ਦੇ ਤਾਤਪਰਜ ਨੂੰ ਸਮਝਦੇ ਹੋ। ਕਾਗ ਭਸੁੰਡ ਕਹਿਆ ਉਤਮ ਹੈ ਕਿ ਮਹਾਰਾਜ ਦੇ ਕੀਰਤਨ ਦੇ ਤਾਤਪਰਜ ਨੂੰ ਸਮਝਦੇ ਹੈਂ, ਸੋ ਰਸ ਪਾਵਤੇ ਹੈਂ। ਜੋ ਰਾਗਾਂ ਨੂੰ ਤਾਰਾਂ ਸਮਝਦੇ ਹੈਂ ਸੋ ਛਿਲ ਖਾਤੇ ਹੈਂ।***[7]

ਸ਼ੇਖ ਬ੍ਰਹਮ ਨਾਲ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਨੂੰ ਦਰਸਾਉਂਦਿਆਂ ਭਾਈ ਮਨੀ ਸਿੰਘ ਜੀ ਸਾਖੀ ਰਚਨਾ ਕਰਦੇ ਹਨ ਇੱਥੇ ਜੋ ਵਾਰਤਾਲਾਪ ਹੁੰਦਾ ਉਸ ਤੋਂ ਵਾਰ ਦੀ ਮਹੱਤਤਾ, ਵਾਰ ਗਾਇਨ ਦਾ ਪ੍ਰਭਾਵ, ਅਧਿਆਤਮਕ ਵਾਰ ਦੀ ਮਹੱਤਤਾ, ਰਾਗ ਗਉੜੀ ਅਤੇ ਰਾਮਕਲੀ ਸਬੰਧੀ ਕਥਨ ਅਤੇ ਆਸਾ ਦੀ ਵਾਰ ਦੇ ਗਾਇਨ ਬਾਰੇ ਵੇਰਵੇ ਮਿਲਦੇ ਹਨ। ਭਾਈ ਸਾਹਿਬ ਲਿਖਦੇ ਹਨ- ***ਫਿਰ ਸੇਖ ਬ੍ਰਹਮ ਕਹਿਆ ਕਿ ਜੋ ਜੀ ਢਾਢੀ ਰਾਜਿਓਂ ਕੀ ਵਾਰ ਗਾਵਤੇ ਹੈਂ ਸੋ ਰਾਜੇ ਭੀ ਪ੍ਰਸੰਨ ਹੋਵਤੇ ਹੈਂ ਅਰ ਸੂਰਮੇ ਭੀ ਪ੍ਰਸੰਨ ਹੋ ਕੇ ਜੁਧ ਕਰਤੇ ਹੈਂ ਅਰ ਕਾਇਰਾਂ ਦੇ ਮਨ ਮੈਂ ਭੀ ਜੁੱਧ ਕਾ ਉਦਮ ਹੋਇ ਆਵਤਾ ਹੈ। ਤੈਸੇ ਹੀ ਜੋ ਮਹਾਰਾਜ ਕੀ ਵਾਰ ਗਾਵਤੇ ਹੈਂ ਤਾਂ ਮਹਾਰਾਜ ਭੀ ਪ੍ਰਸੰਨ ਹੋਤੇ ਹੈਂ ਅਤੇ ਸੰਤ ਭੀ ਪ੍ਰਸੰਨ ਹੋਤੇ ਹੈਂ, ਅਰ ਜੋਨਿ ਸੋ ਜਗਯਾਂਸੀ ਹੈਂ ਤਿਨੋਂ ਕੋਂ ਭੀ ਮਨ ਅਰ ਇੰਦ੍ਰੀਅਹੁ ਕੇ ਜੀਤਨੇ ਕਾ ਉਦਮ ਹੋਇ ਆਵਤਾ ਹੈ। ਤਾਂ ਤੇ ਤੁਸੀ ਮੇਰੇ ਤਾਂਈ ਕਾਈ ਪਰਮੇਸਰ ਕੀ ਵਾਰ ਸੁਣਾਵਹੁ। ਤਾਂ ਬਾਬੇ ਕਹਿਆ ਮਰਦਾਨਿਆ ਕਬੀਰ ਜੀ ਗਉੜੀ ਕਾ ਰਾਗ ਅੰਗੀਕਾਰ ਕੀਆ ਹੈ ਅਰ ਸਿਧਹੁ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆ ਹੈ ਅਰ ਹਮਾਰੇ ਸਭੀ ਰਾਗ ਹੈਂ ਅਰ ਇਹ ਪੀਰ ਆਸਾਵੰਤ ਆਇਆ ਹੈ ਸੋ ਆਸਾ ਕੇ ਰਾਗ ਵਿਚ ਵਾਰ ਸੁਣਾਵਹੁ।***[8]

ਭਾਈ ਸਾਹਿਬ ਦੀ ਲਿਖਤਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਕਰਤਾਰ ਪੁਰ ਵਿੱਚ ਸਵੇਰੇ ਸ਼ਾਮ ਕੀਰਤਨ ਦੀ ਮਰਯਾਦਾ ਸਥਾਪਤ ਹੋ ਗਈ ਸੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਸੀ। ਭਾਈ ਗੁਰਦਾਸ ਜੀ ਦੀ ਵਾਰ ਦੀ ਇੱਕ ਪਉੜੀ ਦੀ ਵਿਆਖਿਆ ਕਰਦਿਆਂ ਆਪ ਲਿਖਦੇ ਹਨ–***ਕਰਤਾਪੁਰ ਵਿਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ ਅਰ ਉਪਰੰਤ ਕੀਰਤਨ ਹੋਵੇ ਅਰ ਫੇਰ ਆਰਤੀ ਪੜੀਏ ਅਰ ਫੇਰ ਕੀਰਤਨ ਕਰੀਏ। ਅਰ ਸੰਧਿਆ ਨੂੰ ਰਹੁਰਾਸ ਪੜ੍ਹੀਏ ਅਰ ਫੇਰ ਕੀਰਤਨ ਗਾਵੀਏ ਅਤੇ ਪਹਰ ਰਾਤ ਗਈ ਸੋਹਿਲਾ ਪੜੀਏ ਅਰ ਫੇਰ ਪਿਛਲੀ ਰਾਤ ਜਪ ਪੜੀਏ ਅਰ ਆਸਾ ਦੀ ਵਾਰ ਪੜੀਏ।***[9]

ਇਸ ਤਰ੍ਹਾਂ ਭਾਈ ਮਨੀ ਸਿੰਘ ਦੀਆਂ ਲਿਖਤਾਂ ਬਾਕੀ ਗੁਰਮਤਿ ਸਿਧਾਂਤਾਂ ਨੂੰ ਦ੍ਰਿੜ ਕਰਵਾਉਣ ਦੇ ਨਾਲ ਨਾਲ ਗੁਰਮਤਿ ਸੰਗੀਤ ਅਰਥਾਤ ਗੁਰਬਾਣੀ ਕੀਰਤਨ ਦੇ ਸਿਧਾਂਤਾਂ ਨੂੰ ਭਲੀ ਭਾਂਤ ਉਜਾਗਰ ਕਰਦੀਆਂ ਹਨ।

ਹਵਾਲੇ


1. Finding the affaris at Amritsar in mess Mata Sundari, who was living at Delhi, deputed Bhai Mani Singh along with Guru Gobind Singh's maternal uncle Kirpal to take control of the Harimandir in 1721. With the coming of Bhai Mani Singh to Amritsar the centre of gravity of the Sikh activities shifed to majha.
2. *Bhagat Singh (Dr.), Golden Temple, p.8.*
3. ਕਾਨ ਸਿੰਘ ਨਾਭਾ (ਭਾਈ), ਮਹਾਨ ਕੋਸ਼ ਪੰਨਾ 213.
4. ਮਦਨ ਜੀਤ ਕੌਰ, ਦਾ ਗੋਲਡਨ ਟੈਂਪਲ ਪਾਸਟ ਐਂਡ ਪਰੈਜੈਂਟ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983, ਪੰਨਾ 212.
5. ਜਨਮ ਸਾਖੀ ਪਰੰਪਰਾ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਪੰਨਾ 332–333
6. ਸਿੱਖਾਂ ਦੀ ਭਗਤ ਮਾਲ, ਪੰਨਾ 45–੶47
7. ਸਿੱਖਾਂ ਦੀ ਭਗਤ ਮਾਲ, ਪੰਨਾ 91੶92
8. ਗਿਆਨ ਰਤਨਾਵਲੀ ਹਵਾਲਾ ਨਿਰਬਾਣ ਕੀਰਤਨ ਗਿਆਨੀ ਹਰਬੰਸ ਸਿੰਘ ਪੰਨਾ 31੶32
9. ਜਨਮ ਸਾਖੀ ਪਰੰਪਰਾ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ,ਪੰਨਾ 333
10. ਗਿਆਨ ਰਤਨਾਵਲੀ ਹਵਾਲਾ ਨਿਰਬਾਣ ਕੀਰਤਨ ਗਿਆਨੀ ਹਰਬੰਸ ਸਿੰਘ ਪੰਨਾ 32

# ਭਾਈ ਰਣਧੀਰ ਸਿੰਘ ਜੀ ਦਾ
# ਕੀਰਤਨ ਮਨੋਰਥ ਅਤੇ ਕੀਰਤਨ ਜੁਗਤ

ਸਿੱਖ ਜਗਤ ਵਿੱਚ ਭਾਈ ਰਣਧੀਰ ਸਿੰਘ ਜੀ ਦਾ ਨਾਮ ਅਖੰਡ ਕੀਰਤਨੀ ਜਥੇ ਦੇ ਸੰਸਥਾਪਕ ਵਜੋਂ ਪ੍ਰਸਿੱਧ ਹੈ। ਭਾਈ ਸਾਹਿਬ ਨੇ ਇਸ ਤਰ੍ਹਾਂ ਕੀਰਤਨ ਕੀਤਾ ਕਿ ਆਪ ਦਾ ਕੀਰਤਨ ਕਰਨ ਦਾ ਢੰਗ-ਤਰੀਕਾ ਇੱਕ ਵਖਰੀ ਕੀਰਤਨ ਪ੍ਰਣਾਲੀ ਵਜੋਂ ਪ੍ਰਸਿੱਧ ਹੋ ਗਿਆ।

ਭਾਈ ਰਣਧੀਰ ਸਿੰਘ ਜੀ ਦੇ ਉਦੈ ਹੋਣ ਸਮੇਂ ਸਿੱਖ ਸਮਾਜ ਇੱਕ ਸੰਕ੍ਰਾਂਤੀ ਕਾਲ ਵਿੱਚੋਂ ਲੰਘ ਰਿਹਾ ਸੀ। ਦੇਸ ਵਿੱਚ ਉਦੋਂ ਅਜ਼ਾਦੀ ਦੀ ਲਹਿਰ ਜ਼ੋਰਾਂ ਤੇ ਸੀ। ਇਸ ਦੇ ਨਾਲ-ਨਾਲ ਗੁਰਦੁਆਰਾ ਸੁਧਾਰ ਲਹਿਰ, ਸਿੰਘ ਸਭਾ ਲਹਿਰ ਦਾ ਵੀ ਬੋਲ ਬਾਲਾ ਸੀ। ਭਾਈ ਸਾਹਿਬ ਸਿੱਖੀ ਸਿਧਾਂਤਾਂ ਨਾਲ ਓਤਪੋਤ ਸਨ। ਉਹਨਾਂ ਵਿੱਚ ਇਹਨਾਂ ਸਿਧਾਂਤਾਂ ਅਤੇ ਸਿੱਖ ਜੀਵਨ ਰਹਿਣੀ ਬਹਿਣੀ ਦੀ ਪ੍ਰਪੱਕਤਾ ਕਾਇਮ ਰੱਖਣ ਲਈ ਜਨੂੰਨ ਦੀ ਹੱਦ ਤੱਕ ਦਾ ਜਜਬਾ ਸੀ। ਉਹਨਾਂ ਨੇ ਇਸ ਜਜ਼ਬੇ ਅਤੇ ਸਿੱਖ ਰਹਿਣੀ ਬਹਿਣੀ ਦੀ ਵਿਲੱਖਣਤਾ ਨੂੰ ਇੱਕ ਸ਼ਸਤਰ ਵਜੋਂ ਪ੍ਰਯੋਗ ਕੀਤਾ। ਜੇਲ੍ਹ ਚਿੱਠੀਆਂ ਵਿੱਚ ਉਹਨਾਂ ਦੇ ਸੰਘਰਸ਼ ਤੋਂ ਇੱਸ ਗੱਲ ਦਾ ਭਲੀਭਾਂਤ ਪਤਾ ਲੱਗਦਾ ਹੈ।

ਉਸ ਸਮੇਂ ਸਥਾਪਤ ਗੁਰਦੁਆਰਾ ਸਾਹਿਬਾਨ ਵਿੱਚ ਕੀਰਤਨ ਹੁੰਦਾ ਸੀ। ਕੀਰਤਨ ਕਰਨ ਵਾਲੇ ਕੀਰਤਨੀਆਂ ਦੀ ਉਪਜੀਵਕਾ ਦਾ ਸਾਧਨ ਵੀ ਕੀਰਤਨ ਸੀ। ਇਸ ਲਈ ਇਹ ਕੀਰਤਨ ਗੁਰਦੁਆਰਾ ਸਾਹਿਬਾਨ ਦੇ ਪ੍ਰਬਧਕਾਂ ਨੂੰ ਹੀ ਕਾਇਮ ਰੱਖਣ ਵਿੱਚ ਸਹਾਈ ਹੋ ਰਿਹਾ ਸੀ। ਗੁਰਦੁਆਰਾ ਸਾਹਿਬਾਨ ਵਿੱਚ ਉਸ ਸਮੇਂ ਸਿੱਖ ਮਰਯਾਦਾ ਦਾ ਉਲੰਘਣ ਹੋ ਰਿਹਾ ਸੀ ਜਿਸ ਦੇ ਵਿਰੁੱਧ ਗੁਰਦੁਆਰਾ ਸੁਧਾਰ ਲਹਿਰ ਚਲਾਈ ਜਾ ਰਹੀ ਸੀ। ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਮਰਯਾਦਾ--

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ

ਅਨੁਸਾਰ ਪਿੰਡ ਪਿੰਡ ਅਤੇ ਘਰਿ ਘਰਿ ਵਿੱਚ ਕੀਰਤਨ ਪ੍ਰਵਾਹ ਚਲਾ ਦਿੱਤਾ। ਇਸ ਲਹਿਰ ਵਿੱਚ ਸ਼ਾਮਲ ਕੀਰਤਨੀਏ ਭਾਵੇਂ ਸੰਗੀਤ ਕਲਾ ਵਿੱਚ ਪ੍ਰਪੱਕ ਨਹੀਂ ਸੀ ਪਰ ਉਹ ਗੁਰਮਤਿ ਰਹਿਣੀ ਵਿੱਚ ਪ੍ਰਪੱਕ ਸਨ। ਫਿਰ ਉਹਨਾਂ ਦਾ ਮਨੋਰਥ ਦੇਸ਼ ਦੀ ਅਜ਼ਾਦੀ ਅਤੇ ਸਮਾਜ ਦਾ ਸੁਧਾਰ ਸੀ। ਉਹ ਕੀਰਤਨ ਨੂੰ ਇਨਕਲਾਬ ਦੀ ਇਕ ਜੁਗਤ ਵਜੋਂ ਪ੍ਰਯੋਗ ਕਰਦੇ ਸਨ।

ਭਾਈ ਰਣਧੀਰ ਸਿੰਘ ਨੇ ਗੁਰਮਤਿ ਦੇ ਅਧਿਐਨ ਰਾਹੀਂ ਜਦੋਂ ਕੀਰਤਨ ਦੀ ਮਹੱਤਤਾ ਅਨੁਭਵ ਕੀਤੀ ਤਾਂ ਆਪ ਨੇ ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ

ਗੁਰਬਾਣੀ ਦਾ ਕੀਰਤਨ ਕਰਨਾ ਅਰੰਭ ਕਰ ਦਿੱਤਾ। ਸਮਾਂ ਪਾ ਕੇ ਕੀਰਤਨ ਆਪ ਦਾ ਜੀਵਨ ਆਧਾਰ ਬਣ ਗਿਆ ਅਤੇ ਆਪ ਦਿਨ ਰਾਤ ਕੀਰਤਨ ਦੇ ਅਨੰਦਮਈ ਵਾਯੂਮੰਡਲ ਵਿੱਚ ਵਿਚਰਨ ਲੱਗੇ। ਕੀਰਤਨ ਦੇ ਪ੍ਰਭਾਵ ਕਾਰਨ ਕਈ ਸਰੋਤੇ ਆਪ ਦੇ ਅਨਿੰਨ ਪ੍ਰੇਮੀ ਬਣ ਗਏ। ਸਹਿਜੇ ਸਹਿਜੇ ਇੱਕ ਕੀਰਤਨੀ ਜਥਾ ਤਿਆਰ ਹੋ ਗਿਆ ਜੋ ਪਿੱਛੋਂ ਆ ਕੇ ਅਖੰਡ ਕੀਰਤਨੀ ਜਥੇ ਦੇ ਨਾਮ ਨਾਲ ਪ੍ਰਸਿੱਧ ਹੋਇਆ। ਬਾਅਦ ਵਿੱਚ ਇਹ ਜਥਾ ਇੱਕ ਸੁਚੱਜੀ ਸੰਸਥਾ ਦਾ ਰੂਪ ਧਾਰਨ ਕਰ ਗਿਆ।

ਭਾਈ ਸਾਹਿਬ ਨੇ ਅੰਮ੍ਰਿਤ ਛਕਣ ਤੋਂ ਬਾਅਦ ਲਗਭਗ 1901 ਵਿੱਚ ਆਪਣਾ ਕੀਰਤਨੀ ਜਥਾ ਬਣਾ ਕੇ ਕੀਰਤਨ ਕਰਨਾ ਆਰੰਭ ਕਰ ਦਿੱਤਾ ਸੀ। ਆਪ ਜੇਲ੍ਹ ਚਿੱਠੀਆਂ ਵਿੱਚ ਲਿਖਦੇ ਹਨ-

ਪਿੰਡ ਨਾਰੰਗਵਾਲ ਵਿੱਚ ਹੀ ਸ਼ਬਦੀ ਜਥਾ ਸੋਹਣੇ ਰੰਗ ਵਿੱਜ ਸਜ ਗਿਆ ਸੀ। ਚਾਹੇ ਪਿੰਡ ਵਿੱਚ ਕਈ ਸਿੰਘ ਸਜ ਗਏ ਸਨ ਅਤੇ ਕਈ ਘਰਾਣੇ ਖਾਲਸਾ ਧਰਮ ਦੇ ਧਾਰਨੀ ਹੋ ਗਏ ਸਨ, ਪਰੰਤੂ ਪੂਰੀ ਰਹਿਤ ਅਨੁਸਾਰ ਬਿਬੇਕੀ ਜੀਵਨ ਵਾਲੇ ਵਿਰਲੇ ਹੀ ਸਨ। ਇਹਨਾਂ ਦੇ ਸੰਗ ਸਾਥ ਮਿਲਕੇ ਹੀ ਪਿੰਡ ਵਿੱਚ ਕੀਰਤਨ ਦਾ ਅੰਨਦ ਲੈਂਦੇ ਅਤੇ ਬਾਹਰ ਦੀਵਾਨਾਂ ਉੱਪਰ ਵੀ ਜਾਂਦੇ ਸਾਂ। ਪਿੰਡ ਨਾਰੰਗਵਾਲ ਵਿੱਚ ਉਪਰੋਂ ਥਲੀ ਕਈ ਦੀਵਾਨ ਕੀਤੇ ਅਤੇ ਸ਼ਬਦੀ ਜਥਾ ਤਕੜੀਆਂ ਲਹਿਰਾਂ ਵਿੱਚ ਹੋ ਗਿਆ। (ਜੇਲ੍ਹ ਚਿੱਠੀਆਂ, ਪੰਨਾ 40)

ਭਾਈ ਸਾਹਿਬ ਜਦ ਕੀਰਤਨ ਕਰਦੇ ਤਾਂ ਇੱਕੋ ਚੌਕੜੇ ਵਿੱਚ ਪੰਜ-ਪੰਜ ਛੇ-ਛੇ ਘੰਟੇ ਨਿਰੋਲ ਗੁਰਬਾਣੀ ਦਾ ਕੀਰਤਨ ਕਰਦੇ ਖੁਦ ਕੀਰਤਨ ਵਿੱਚ ਕੀਰਤਨ ਰੂਪ ਹੋ ਜਾਂਦੇ ਸਨ। ਇਸ ਨਾਲ ਸੰਗਤ ਵਿੱਚ ਬੈਠੀਆਂ ਪ੍ਰੇਮੀ ਰੂਹਾਂ ਦੀ ਸੁਰਤਿ ਕੀਲੀ ਜਾਂਦੀ ਸੀ।---

ਆਪ ਪੂਰਾ ਤਾਣ ਲਾ ਕੇ ਕੀਰਤਨ ਕਰਦੇ ਸਨ। ਇੱਕ ਇਕ ਤੁਕ ਨੂੰ ਬੜੇ ਪਿਆਰ ਨਾਲ ਕਈ ਕਈ ਵਾਰ ਉਚਾਰਦੇ ਸਨ ਇਸ ਨਾਲ ਸਰੋਤਿਆਂ ਉੱਪਰ ਵਿਸਮਾਦੀ ਪ੍ਰਭਾਵ ਪੈਂਦਾ ਸੀ। ਕਈ ਸਰੋਤਿਆਂ ਦੇ ਤਾਂ ਵੈਰਾਗ ਵਿੱਚ ਨੇਤ੍ਰ ਸੇਜਲ ਹੋ ਜਾਂਦੇ ਸਨ।

ਉਸ ਵੇਲੇ ਦੇ ਕਈ ਰਾਗੀ ਜਿਹੜੇ ਸੰਗੀਤ ਕਲਾ ਦੇ ਮਾਹਿਰ ਸਨ ਉਹ ਆਪਣੀ ਸੰਗੀਤ ਕਲਾ ਦੇ ਵਿਖਾਵੇ ਲਈ ਗੁਰਬਾਣੀ ਕੀਰਤਨ ਕਰਦੇ ਸਨ। ਐਸੇ ਕੀਰਤਨ ਬਾਰੇ ਗੁਰਬਾਣੀ ਵਿੱਚ ਫਰਮਾਨ ਹੈ-

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ
ਨਹੀਂ ਹਰਿ ਹਰਿ ਭੀਜੈ ਰਾਮ ਰਾਜੇ।।
ਜਿਨਾ ਅੰਦਰਿ ਕਪਟ ਵਿਕਾਰ ਹੈ ਤਿਨਾ ਰੋਇ ਕਿਆ ਕੀਜੈ।।

ਪਰ ਭਾਈ ਸਾਹਿਬ ਨੇ ਕੀਰਤਨ ਨੂੰ ਨਾਮ ਅਭਿਆਸ ਕਮਾਈ ਦਾ ਇੱਕ ਸਾਧਨ ਸਮਝਿਆ। ਉਸ ਸਮੇਂ ਗੁਰਸਿੱਖੀ ਨਾਲ ਪ੍ਰੇਮ ਤੇ ਲਗਾਉ ਤੋਂ ਬਿਨਾ ਪਸਰ ਰਹੀ ਕੀਰਤਨ ਅਤੇ ਰਾਗ ਵਿੱਦਿਆ ਬਾਰੇ ਆਪ ਦਾ ਵਿਚਾਰ ਸੀ-

ਹਰਿ ਕੀਰਤਨ ਦੀ ਪ੍ਰੇਮਾ ਭਗਤੀ ਛੱਡ ਕੇ ਕੇਵਲ ਰਾਗਾਂ ਪਿੱਛੇ ਹੀ ਰੀਝਣਾ ਗੁਰਮਤਿ ਦੇ ਪ੍ਰਤੀਕੂਲ ਹੈ। ਰਾਗ ਪ੍ਰਬੀਨਤਾ ਜਿਸਨੇ ਪ੍ਰਾਪਤ ਕਰਨੀ ਹੋਵੇ, ਸੋ ਪਿਆ ਕਰੇ ਪਰ ਹਰਿ ਕੀਰਤਨ ਦੇ ਜਨ ਨਿਰੇ ਰਾਗਾਂ ਦੇ ਖਲਜਗਣ ਵਿੱਚ ਖਚਤ ਹੋਣਾ ਐਸਾ ਹੀ ਹਾਨੀਕਾਰਕ ਜਾਣਦੇ ਹਨ, ਜੈਸਾ ਕਿ ਵਿੱਦਿਆ ਦੇ ਸ਼ੌਕੀਨ ਨੂੰ ਪ੍ਰਾਚੀਨ ਸਮੇਂ ਅਨਮਤ ਵਿੱਦਿਆ ਘੋਖਣ ਨਮਿਤ ਕਾਸ਼ੀ ਜਾ ਕੇ ਵਿੱਦਿਆ ਅਤਿ ਮਹਿੰਗੀ ਪਈ। ਵਿੱਦਿਆ ਘੋਖਣ ਗਏ ਵਿੱਦਿਆ ਨੇ ਹੀ ਗ੍ਰਸ ਲਏ ਅਤੇ ਸੰਸਕ੍ਰਿਤ ਆਦਿਕ ਵਿੱਦਿਆ ਦੇ ਅਭਿਮਾਨੀ ਹੋ ਕੇ ਕੁਪੀ ਵਿੱਚ ਰੋੜ ਖੜਕਾਉਣ ਜੋਗੇ ਰਹਿ ਗਏ। ਗੁਰਮਤਿ ਦੇ ਤਤਸਾਰ ਅਭਿਆਸ ਤੋਂ ਨਿਰੋਲ ਸੱਖਣੇ ਰਹਿ ਗਏ, ਮਾਨੋ ਉਕਤ ਵਿੱਦਿਆ ਅਵਿੱਦਿਆ ਹੋ ਕੇ ਚਿਮੜ ਗਈ। ਏਸੇ ਪ੍ਰਕਾਰ ਪ੍ਰੇਮਾ ਭਗਤੀ ਤੋਂ ਸੱਖਣੀ ਨਿਰੀ ਰਾਗ ਵਿੱਦਿਆ ਰੋਗ ਰੂਪ ਹੈ ਜੋ ਰਾਗ ਅਭਿਮਾਨੀ ਬਣਾ ਦਿੰਦੀ ਹੈ ਅਤੇ ਰਾਗ ਅਨੁਰਾਗੀ ਰੋਗੀਆਂ ਨੂੰ ਕਲਿਆਣ ਮਾਰਗ ਤੋਂ ਬਹੁਤ ਪਰੇਡੇ ਰਖਦੀ ਹੈ। (ਗੁਰਮਤਿ ਲੇਖ ਪੰਨਾ 120)

ਆਮ ਕਰਕੇ ਭਾਈ ਸਾਹਿਬ ਦਾ ਕੀਰਤਨ ਪ੍ਰੇਮਾ ਭਗਤੀ ਨਾਲ ਭਰਪੂਰ ਹੁੰਦਾ ਸੀ। ਉਹ ਅਜਿਹੇ ਵਲਵਲਿਆਂ ਦਾ ਸੰਚਾਰ ਸਰੋਤਿਆਂ ਅੰਦਰ ਬਾਖ਼ੂਬੀ ਕਰ ਦਿੰਦੇ ਸਨ। ਉਹਨਾਂ ਦੇ ਕੀਰਤਨ ਦੀ ਸ਼ੈਲੀ ਸੁਗਮ ਹੋਣ ਕਾਰਨ ਸਾਰੀਆਂ ਸੰਗਤਾਂ ਅਜਿਹਾ ਕੀਰਤਨ ਕਰਨ ਵਿੱਚ ਸ਼ਾਮਲ ਹੋ ਜਾਂਦੀਆਂ ਸਨ। ਆਪ ਰਾਗ ਨਾਲੋਂ ਗੁਰਬਾਣੀ ਨੂੰ ਵਧੇਰੇ ਤਰਜੀਹ ਦਿੰਦੇ ਸਨ ਆਪ ਦਾ ਵਿਚਾਰ ਸੀ- -

ਪ੍ਰੇਮਾ ਭਗਤੀ ਦੇ ਰੰਗਾਂ ਵਿੱਚ ਵਾਹਿਗੁਰੂ ਨਿਰੰਕਾਰ ਦੇ ਗੁਣ ਗਾਉਣਹਾਰੇ ਗੁਰੂ ਨਿਵਾਜੇ ਗੁਰਮੁਖਾਂ ਦੇ ਅੱਗੇ ਪਿੱਛੇ ਰਾਗ ਨਾਦ ਹੱਥ ਬੰਨੀ ਫਿਰਦੇ ਹਨ। ਜਦ ਰੱਬੀ ਰੰਗਾਂ ਵਿੱਚ ਆਉਂਦਾ ਹੈ ਤਾਂ ਅਜਗੈਬੀ ਰਾਗ ਆਪੇ ਹੀ ਸਫਰਨ ਹੁੰਦੇ ਹਨ। (ਗੁਰਮਤਿ ਲੇਖ, ਪੰਨਾ 117) ਆਪ ਦੀਆਂ ਕੀਰਤਨ ਰੀਤਾਂ ਸ਼ਬਦ ਦੇ ਭਾਵ ਅਨੁਸਾਰ ਹੁੰਦੀਆਂ ਸਨ ਜੇ ਸ਼ਬਦ ਵੈਰਾਗ ਦਾ ਹੁੰਦਾ ਤਾਂ ਗਾਇਨ ਰੀਤ ਵੈਰਾਗ ਭਰਪੂਰ ਹੁੰਦੀ ਸੀ। ਇਹ ਰੀਤਾਂ ਭਾਵੇਂ ਨਿਰਧਾਰਿਤ ਰਾਗ ਤੇ ਨਹੀਂ ਸੀ ਹੁੰਦੀਆਂ ਪਰ ਕਿਸੇ ਨਾ ਕਿਸੇ ਰਾਗ ਦੀ ਝਲਕ ਆਪਣੇ ਆਪ ਹੀ ਮਿਲਣ ਲਗਦੀ ਸੀ। ਆਪ ਸਮਝਦੇ ਸਨ ਕਿ ਸ਼ਬਦ-ਤਰੰਗੀ ਰਸ ਜੋਤਿ ਵਿਗਾਸੀ ਮਨਾਂ ਦੇ ਰੋਮ ਰੋਮ ਅੰਦਰ ਹੀ ਹਰਿ ਕੀਰਤਨ ਦਾ ਸੋਮਾ ਫੁੱਟ ਪੈਂਦਾ ਹੈ। ਜਦ ਕੀਰਤਨ ਧੁਰ ਅੰਦਰੋਂ ਨਿਕਲਦਾ ਹੈ ਤਾਂ ਇਹ ਆਪਣੇ ਆਪ ਹੀ ਰਾਗ ਬੱਧ ਹੋ ਜਾਂਦਾ ਹੈ। ਆਪ **ਹਰਿ ਕੀਰਤਨ** ਨਿਬੰਧ ਵਿੱਚ ਇੱਕ ਹੱਡ ਬੀਤੀ ਬਿਆਨ ਕਰਦੇ ਹਨ-

----ਇੱਕ ਵਾਰ ਦਾ ਜ਼ਿਕਰ ਹੈ ਅਸੀਂ ਪਿੰਡ ਧਾਂਦਰੇ ਜ਼ਿਲ੍ਹਾ ਲੁਧਿਆਣਾ ਵਿਖੇ ਕੀਰਤਨ ਵਿਚ ਮਸਤ ਹੋਏ ਪਏ ਸਾਂ ਕਿ ਇਕ ਸੂਰਮਾਂ ਸਿੰਘ ਕਿਧਰੋਂ ਆ ਕੇ ਜੋੜੀ ਵਜਾਉਣ ਲੱਗ ਪਿਆ। ਅਸੀਂ ਉਸ ਵੇਲੇ ਢੋਲਕੀ ਨਾਲ ਹੀ ਕੰਮ ਸਾਰ ਲੈਂਦੇ ਸਾਂ ਅਤੇ ਹੁਣ ਵੀ ਇਵੇਂ ਹੀ ਸਾਰਦੇ ਹਾਂ। ਰਾਗ ਦੇ ਘਰ ਦੀ ਸਾਨੂੰ ਕੋਈ ਸੂਝ ਨਹੀਂ ਸੀ। ਕੀਰਤਨ ਦੇ ਬਾਲ ਸੁਭਾਵੀ ਚਾਵ ਵਿੱਚ ਗੁਰਬਾਣੀ ਗਾਵਣੀ ਆਪਣਾ ਸੁਭਾਗ ਸਮਝਦੇ ਸਾਂ। ਗੁਰੂ

ਦੀ ਕਿਰਪਾ ਦੁਆਰਾ ਇਹ ਜ਼ਰੂਰ ਮਹਿਸੂਸ ਹੋ ਜਾਂਦਾ ਕਿ ਕੀਰਤਨ ਦਾ ਰਸ ਬਝ ਗਿਆ ਹੈ। ਜਦ ਰਾਗ ਪ੍ਰਬੀਨ ਜੋੜੀ ਵਜਾਉਣ ਵਾਲਾ ਸੂਰਮਾ ਆਇਆ ਤਾਂ ਖ਼ੂਬ ਕੀਰਤਨ ਹੋਇਆ। ਉਸ ਦੀ ਹੈਰਾਨੀ ਦੀ ਕੋਈ ਹਦ ਨਾ ਰਹੀ ਜਦ ਉਸ ਨੇ ਜਥੇ ਨੂੰ ਸੁਰਤਾਲ ਦੇ ਪੂਰੇ ਦੇਖਿਆ। ਕੀਰਤਨ ਸਮਾਪਤ ਹੋਣ ਉਪਰੰਤ ਉਸ ਨੇ ਇਕ ਰਾਗ ਦੇ ਜਾਣੂ ਸਰੋਤੇ ਨਾਲ ਕੀਰਤਨ ਦੀ ਸ਼ਲਾਘਾ ਕਰਨੀ ਅਰੰਭੀ। ਬੜੀ ਹੈਰਾਨ ਕਰਨ ਵਾਲੀ ਗੱਲ ਉਸ ਨੇ ਇਹ ਕਹੀ ਕਿ ਰਾਗ ਵਿੱਦਿਆ ਦੇ ਹੰਕਾਰੀ ਕਈ ਰਾਗੀਆਂ ਤੋਂ ਇਹ ਸੁਣਿਆ ਸੀ ਕਿ ਇਹ ਜਥਾ ਸੰਘ ਪਾੜਨਾ ਹੀ ਜਾਣਦਾ ਹੈ, ਰਾਗ ਦੇ ਘਰ ਦੀ ਇਹਨਾਂ ਨੂੰ ਕੋਈ ਸੂਝ ਬੂਝ ਨਹੀਂ। ਪਰ ਅੱਜ ਬਿਲਾਵਲ ਰਾਗ ਦੇ ਸ਼ਬਦ ਬਿਲਾਵਲ ਰਾਗ ਦੇ ਤ੍ਰੰਗ-ਤਰਾਨਿਆਂ ਵਿੱਚ ਇਸ ਜਥੇ ਨੂੰ ਸੁਣ ਕੇ ਉਹ ਅਨੰਦ ਆਇਆ, ਜਿਹੜਾ ਅੱਗੇ ਕਦੇ ਨਹੀਂ ਆਇਆ। ਇਹ ਸੁਣ ਕੇ ਅਸੀਂ ਮਨ ਹੀ ਮਨ ਅੰਦਰ ਹੱਸੇ ਕਿ ਸਾਨੂੰ ਤਾਂ ਇਹ ਵੀ ਪਤਾ ਨਹੀਂ ਕਿ ਰਾਗ ਬਿਲਾਵਲ ਕਿਹੜਾ ਹੈ, ਕਿਵੇਂ ਤੇ ਕਿਸ ਵੇਲੇ ਗਾਈਦਾ ਹੈ। (ਗੁਰਮਤਿ ਲੇਖ-ਪੰਨਾ 118)

ਅੱਜ ਕਲ੍ਹ ਇਸ ਕੀਰਤਨੀ ਜਥੇ ਨਾਲ ਸਬੰਧਤ ਬਹੁਤੇ ਜਥੇ ਕੀਰਤਨ ਕਰਦਿਆਂ ਗੁਰ ਮੰਤਰ ਵਾਹਿਗੁਰੂ ਦਾ ਜਾਪ ਕੁਝ ਵਧੇਰੇ ਹੀ ਕਰਾਉਂਦੇ ਹਨ। ਕਈ ਜਥੇ ਪ੍ਰਮਾਣਾਂ ਤੇ ਬਹੁਤਾ ਜ਼ੋਰ ਲਗਾਉਂਦੇ ਹਨ। ਪਰ ਭਾਈ ਰਣਧੀਰ ਸਿੰਘ ਕੀਰਤਨ ਕਰਦਿਆਂ ਇੱਕ ਹੀ ਤੁੱਕ ਨੂੰ ਬੜੇ ਪਿਆਰ ਨਾਲ ਕਈ ਕਈ ਵਾਰ ਦੁਹਰਾਉਂਦੇ ਸਨ। ਉਹਨਾਂ ਦੀ ਕੀਰਤਨ ਵਿਧੀ ਬਾਰੇ ਪ੍ਰਿੰਸੀਪਲ ਗੁਰਮੁਖ ਸਿੰਘ ਦਾ ਵਿਚਾਰ ਹੈ ਕਿ ਨਾਮ ਸਿਮਰਨ ਅਤੇ ਪ੍ਰਮਾਣਾਂ ਵਾਲੀ ਵਿਧੀ ਭਾਈ ਮਹਿੰਦਰ ਸਿੰਘ ਐਸ.ਡੀ.ਓ. ਨੇ ਵਧੇਰੇ ਕਰਕੇ ਅਪਣਾਈ। ਆਪ ਅੰਖਡ ਕੀਰਤਨੀ ਜਥੇ ਦੇ ਮਾਸਿਕ ਪੱਤਰ ਸੂਰਾ ਵਿੱਚ ਲਿਖਦੇ ਹਨ- ਆਪ (ਭਾਈ ਰਣਧੀਰ ਸਿੰਘ ਜੀ) ਦੇ ਕੀਰਤਨ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਗੁਰਬਾਣੀ ਨੂੰ ਰਸਕ ਰਸਕ, ਰਸਾਅ ਰਸਾਅ ਕੇ ਪ੍ਰੇਮ ਨਾਲ ਗਾਇਨ ਕਰਦੇ ਸਨ। ਆਪ ਅਤੇ ਉਹਨਾਂ ਦੇ ਸਾਥੀ ਕੀਰਤਨ ਵਿੱਚ ਗੁਰਮੰਤ੍ਰ ਦੀ ਧੁਨੀ ਨਹੀਂ ਸੀ ਲਾਉਂਦੇ। ਕਿਤੇ ਕਿਤੇ ਉਹਨਾਂ ਦੇ ਮੁਖਾਰਬਿੰਦ ਤੋਂ ਗੁਰੂ ਗੁਰੂ ਦੀ ਆਵਾਜ਼ ਆਉਂਦੀ ਸੀ, ਪਰ ਉਹ ਕੀਰਤਨ ਅਖੰਡ ਕਰਦੇ ਸਨ। ਅੱਜ ਅਖੰਡ ਕੀਰਤਨੀ ਜਥੇ ਵਿੱਚ ਉਹਨਾਂ ਵੱਲੋਂ ਦਰਸਾਈ ਕੀਰਤਨ ਸ਼ੈਲੀ ਦਾ ਰੂਪ ਬਦਲ ਗਿਆ ਹੈ। ਅਜੋਕੇ ਕੀਰਤਨੀਏ ਇਹ ਸਮਝਦੇ ਹਨ ਕਿ ਕੀਰਤਨ ਭਾਵੇਂ ਅਖੰਡ ਹੋਵੇ ਜਾਂ ਨਾ, ਪਰ ਗੁਰਮੰਤ੍ਰ ਦਾ ਸੰਗਤੀ ਅਭਿਆਸ ਅਖੰਡ ਰੱਖਿਆ ਜਾਵੇ। ਉਹ ਆਪਣੇ ਕੀਰਤਨ ਵਿੱਚ ਅੱਧਾ ਸਮਾਂ ਵਾਹਿਗੁਰੂ ਵਾਹਿਗੁਰੂ ਦੇ ਜਾਪ ਉਪਰ ਹੀ ਲਾ ਦਿੰਦੇ ਹਨ। ਇਉਂ ਇਹ ਨਾ ਅਖੰਡ ਕੀਰਤਨ ਰਹਿੰਦਾ ਹੈ ਤੇ ਨਾ ਹੀ ਅਖੰਡ ਅਭਿਆਸ। ਭਾਈ ਸਾਹਿਬ ਨਿਰੋਲ ਗੁਰਬਾਣੀ ਦਾ ਅਖੰਡ ਕੀਰਤਨ ਹੀ ਕਰਦੇ ਸਨ। ਸੰਗਤੀ ਅਭਿਆਸ ਦਾ ਰਿਵਾਜ 1960 ਤੋਂ ਬਾਅਦ ਅਰੰਭ ਹੋਇਆ ਜੋ ਅੱਗੇ ਤੋਂ ਜ਼ੋਰ ਫੜ ਗਿਆ। (ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਕੀਰਤਨ ਸ਼ੈਲੀ, ਸੂਰਾ, ਜੁਲਾਈ 1996 ਪੰਨਾ 38)

ਇਸ ਤਰ੍ਹਾਂ ਭਾਈ ਸਾਹਿਬ ਨੇ ਸਾਰੀ ਉਮਰ ਗੁਰਬਾਣੀ ਦੇ ਨਾਮ ਰੰਗ ਵਿੱਚ ਆਪਣੇ ਆਪ ਨੂੰ ਰੰਗ ਕੇ ਕੀਰਤਨ ਇਲਾਹੀ ਬਾਣੀ ਦਾ ਨਿਰਬਾਣ ਕੀਰਤਨ ਕੀਤਾ। ਡਾ. ਗੁਲਜਾਰ ਸਿੰਘ ਕੰਗ ਲਿਖਦੇ ਹਨ– ਸਮੁੱਚੇ ਰੂਪ ਵਿੱਚ ਵੇਖਿਆ ਜਾਵੇ ਤਾਂ ਭਾਈ ਸਾਹਿਬ ਕੀਰਤਨ ਨੂੰ ਪ੍ਰਭੂ ਮਿਲਾਪ ਦਾ ਸਾਧਨ ਅਤੇ ਰੂਹ ਦੀ ਖੁਰਾਕ ਸਮਝਦੇ ਸਨ। ਅਖੰਡ ਕੀਰਤਨ ਦੀ ਇਸ ਪਰੰਪਰਾ ਰਾਹੀਂ ਹੀ ਆਪ ਨੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਕੀਤਾ। ਆਪ ਵੱਲੋਂ ਸਥਾਪਿਤ ਕੀਤੀ ਗਈ ਅਖੰਡ ਕੀਰਤਨੀ ਜਥੇ ਦੀ ਸੰਸਥਾ ਨੇ ਸਿੱਖੀ ਪ੍ਰਚਾਰ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਦਾ ਇੱਕੋ ਇੱਕ ਮਨੋਰਥ ਗੁਰਸਿੱਖ ਪਰਿਵਾਰਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾ ਕੇ ਨਾਮ ਜਪਣ ਲਈ ਪ੍ਰੇਰਿਤ ਕਰਨਾ ਹੈ। ----ਇਹ ਜਥਾ ਅਜੋਕੇ ਸਮੇਂ ਵਿੱਚ ਭਾਵੇਂ ਫੁੱਟ ਦਾ ਸ਼ਿਕਾਰ ਹੋ ਗਿਆ ਹੈ, ਪਰ ਸਿੱਖੀ ਦੇ ਪ੍ਰਚਾਰ ਪਾਸਾਰ ਲਈ ਇਹ ਹੁਣ ਵੀ ਤਤਪਰ ਹੈ ਅਤੇ ਦੇਸ਼ ਪਰਦੇਸ ਵਿੱਚ ਸਿੱਖ ਸੰਗਤਾਂ ਨੂੰ ਸਿੱਖੀ ਨਾਲ ਜੋੜਨ ਦੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ। (ਭਾਈ ਰਣਧੀਰ ਸਿੰਘ ਜੀਵਨ ਤੇ ਰਚਨਾ ਪੰਨਾ–123)

ਹੁਣ ਵੀ ਇਸ ਜਥੇ ਨਾਲ ਸਬੰਧਤ ਕਈ ਸਿੰਘ ਵਿੱਚ ਗੁਰਮਤਿ ਸੰਗੀਤ ਦੀ ਟਕਸਾਲੀ ਪ੍ਰੰਪਰਾ ਦੀ ਸਾਂਭ ਸੰਭਾਲ ਲਈ ਜਤਨਸ਼ੀਲ ਹਨ। ਡਾ. ਗੁਰਨਾਮ ਸਿੰਘ ਮੁਖੀ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਿਸਟੀ ਪਟਿਆਲ ਦੀ ਪ੍ਰੇਰਨਾ ਨਾਲ ਕਨੇਡਾ ਵਿਖੇ ਰਹਿ ਰਹੇ ਮਾਸਟਰ ਉਜਾਗਰ ਸਿੰਘ ਅਤੇ ਉਹਨਾਂ ਦੇ ਸਹਿਯੋਗੀਆਂ ਨੇ ਪੰਜਾਬੀ ਯੂਨੀਵਰਿਸਟੀ ਵਿੱਚ ਭਾਈ ਰਣਧੀਰ ਸਿੰਘ ਔਨ ਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ ਸਥਾਪਤ ਕਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਲਾਇਬ੍ਰੇਰੀ ਵਿੱਚ ਜਿਥੇ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਨੂੰ ਔਨ ਲਾਈਨ ਕੀਤਾ ਗਿਆ ਹੈ, ਉੱਥੇ ਗੁਰਮਤਿ ਸੰਗੀਤ ਨਾਲ ਸਬੰਧਤ ਪੁਸਤਕਾਂ ਵੀ ਹੁਣ ਘਰ ਬੈਠਿਆਂ ਕੰਪਿਊਟਰ ਰਾਹੀਂ ਵਾਚੀਆਂ ਜਾ ਸਕਦੀਆਂ ਹਨ।

# ਸਿੱਖ ਧਰਮ ਵਿਚ ਸੇਵਾ

ਸਮਾਜ ਵਿਚ ਸੇਵਾ ਇਕ ਮਹੱਤਵਪੂਰਨ ਕਰਮ ਹੈ। ਅੱਜ ਦੇ ਸਮਾਜ ਵਿਚ ਇਸ ਜਜ਼ਬੇ ਭਰੇ ਕੰਮ ਦੀ ਮਹੱਤਤਾ ਘਟ ਰਹੀ ਹੈ, ਪਰ ਪੁਰਾਤਨ ਸਮਾਜ ਵਿਚ ਇਸ ਦੀ ਬਹੁਤ ਮਹੱਤਤਾ ਰਹੀ ਹੈ। ਪੁਰਾਤਨ ਸਮਾਜ ਵਿਚ ਅਤੇ ਅੱਜ ਵੀ ਇਹ ਸ਼ਬਦ ਕਿਰਤੀ ਵਰਗ ਦੇ ਲੋਕਾਂ ਲਈ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਹਾਕਮ ਵਰਗ ਕਿਰਤੀ ਵਰਗ ਦੇ ਲੋਕਾਂ ਕੋਲੋਂ ਸੇਵਾ ਕਰਵਾਉਣਾ ਆਪਣਾ ਹੱਕ ਸਮਝਦਾ ਸੀ। ਇਸੇ ਆਧਾਰ 'ਤੇ ਬ੍ਰਾਹਮਣਾਂ ਨੇ ਵਰਗ ਵੰਡ ਕਰ ਦਿੱਤੀ ਅਤੇ ਸ਼ੂਦਰਾਂ ਨੂੰ ਹੋਰ ਕੁਝ ਨਾ ਮਿਲਿਆ, ਸਿਵਾਇ ਸੇਵਾ ਕਰਨ ਦੇ 'ਹੱਕ' ਦੇ।

ਵੇਦਾਂ ਦਾ ਅਧਿਐਨ ਅਤੇ ਅਧਿਆਪਨ, ਧਾਰਮਿਕ ਰਸਮਾਂ ਅਤੇ ਕਰਮਕਾਂਡਾਂ ਨੂੰ ਕਰਾਉਣਾ, ਯੱਗ ਕਰਾਉਣਾ, ਇਨਾਮ ਅਤੇ ਭੇਟਾਵਾਂ ਪਰਵਾਨ ਕਰਨਾ ਬ੍ਰਾਹਮਣਾਂ ਦਾ ਕੰਮ ਸੀ। ਉਹ ਧਰਤੀ ਉੱਤੇ ਰਹਿਣ ਵਾਲੇ ਦੇਵਤਾ ਸਨ। ਉਨ੍ਹਾਂ ਦੇ ਅਧਿਕਾਰ ਇੰਨੇ ਪਵਿੱਤਰ ਸਨ ਕਿ ਸਮਾਂ ਪਾ ਕੇ ਉਹ, ਦੂਜਿਆਂ ਨੂੰ ਲੁੱਟਣ, ਐਸ਼ ਆਰਾਮ ਦੀ ਜ਼ਿੰਦਗੀ ਬਤੀਤ ਕਰਨ ਅਤੇ ਆਪਣੇ ਆਪ ਨੂੰ ਮਾਲਾ ਮਾਲ ਕਰਨ ਲਈ ਆਜ਼ਾਦ ਹੋ ਗਏ ਅਤੇ ਉਹ ਵੀ ਧਰਮ ਦੇ ਨਾਂ 'ਤੇ। ਖ਼ੱਤਰੀਆਂ ਨੂੰ ਆਪਣੇ ਰਾਜ-ਭਾਗ ਦੀ ਰਖਵਾਲੀ ਕਰਨੀ ਪੈਂਦੀ ਸੀ। ਵਪਾਰ ਆਦਿ ਦਾ ਕੰਮ ਵੈਸ਼ਾਂ ਦਾ ਸੀ। ਇਨ੍ਹਾਂ ਤਿੰਨਾਂ ਵਰਗਾਂ ਦੀ ਸੇਵਾ ਕਰਨਾ ਅਤੇ ਉਹ ਵੀ ਬਿਨਾਂ ਕਿਸੇ ਤਰ੍ਹਾਂ ਦੀ ਹਿਚਕਚਾਹਟ ਦੇ ਸ਼ੂਦਰਾਂ ਦਾ ਕੰਮ ਸੀ।[1]

ਉਪਰ ਵਾਲੇ ਤਿੰਨੇ ਵਰਗ ਇਹ ਨਹੀਂ ਸੀ ਚਾਹੁੰਦੇ ਕਿ ਸ਼ੂਦਰਾਂ ਨੂੰ ਕੋਈ ਗਿਆਨ ਹਾਸਲ ਹੋਵੇ। ਬ੍ਰਿਹਦਾਰਣਿਕ ਉਪਨਿਸ਼ਦ[2] ਵਿਚ ਲਿਖਿਆ ਹੋਇਆ ਹੈ :

ਜਿਹੜਾ ਇਹ ਸਮਝ ਲੈਂਦਾ ਹੈ ਕਿ 'ਮੈਂ ਹੀ ਬ੍ਰਹਮ ਹਾਂ' ਉਹ ਆਪ (ਬ੍ਰਹਮ) ਬਣ ਜਾਂਦਾ ਹੈ। ਫਿਰ ਦੇਵਤੇ ਵੀ ਉਸਨੂੰ ਨਹੀਂ ਰੋਕ ਸਕਦੇ, ਕਿਉਂਕਿ ਉਹ ਉਹਨਾਂ ਦੀ ਵੀ ਆਤਮਾ ਬਣ ਜਾਂਦਾ ਹੈ। ਜਿਹੜਾ ਕੋਈ ਇਹ ਸੋਚ ਕੇ ਕਿ ਉਹ ਹੋਰ ਹੈ ਅਤੇ ਬ੍ਰਹਮ ਹੋਰ ਹੈ, ਕਿਸੇ ਹੋਰ ਦੇਵਤੇ (ਆਪਣੇ ਤੋਂ ਬਿਨਾਂ) ਦੀ ਪੂਜਾ ਕਰਦਾ ਹੈ ਉਹ ਅਗਿਆਨੀ ਹੈ। ਦੇਵਤਿਆਂ ਲਈ ਉਹ ਪਸ਼ੂ ਵਾਂਗ ਹੈ। ਜਿਸ ਤਰ੍ਹਾਂ ਕਈ ਪਸ਼ੂ ਇਕ ਮਨੁੱਖ ਦੀ ਸੇਵਾ ਕਰਦੇ ਹਨ, ਉਸੇ ਤਰ੍ਹਾਂ ਹਰ ਮਨੁੱਖ ਦੇਵਤਿਆਂ ਦੀ ਸੇਵਾ ਕਰਦਾ ਹੈ। ਜੇ ਇਕ ਵੀ ਪਸ਼ੂ ਸੇਵਾ ਕਰਨ ਤੋਂ ਹਟਾ ਲਿਆ ਜਾਵੇ ਤਾਂ ਮਨੁੱਖ ਨੂੰ ਬੜਾ ਕ੍ਰੋਧ ਆਉਂਦਾ ਹੈ। ਇਸੇ ਤਰ੍ਹਾਂ ਦੇਵਤਿਆਂ ਨੂੰ ਇਹ ਪਸੰਦ ਨਹੀਂ ਸੀ ਕਿ ਕੋਈ ਮਨੁੱਖ ਬ੍ਰਹਮ ਦਾ ਰਹੱਸ ਜਾਣੇ ਅਤੇ ਉਹਨਾਂ ਦੀ ਸੇਵਾ ਕਰਨੀ ਛੱਡ ਦੇਵੇ।

ਡਾਕਟਰ ਰਾਧਾਕ੍ਰਿਸ਼ਨਨ[3] ਨੇ ਇਸ ਉੱਤੇ ਟਿੱਪਣੀ ਕਰਦਿਆਂ ਲਿਖਿਆ ਹੈ :

ਦੇਵਤਿਆਂ ਨੂੰ ਇਹ ਪਸੰਦ ਨਹੀਂ ਕਿ ਮਨੁੱਖ ਪਰਮ ਸੱਚ ਨੂੰ ਜਾਣ ਲੈਣ ਕਿਉਂਕਿ

ਫਿਰ ਉਹ ਦੇਵਤਿਆਂ ਦੀ ਪਤਲੀ ਹਾਲਤ ਨੂੰ ਜਾਣ ਲੈਣਗੇ, ਅਤੇ ਉਹਨਾਂ ਦੀ ਪੂਜਾ ਕਰਨੀ ਅਤੇ ਭੇਟਾ ਚੜ੍ਹਾਉਣੀ ਬੰਦ ਕਰ ਦੇਣਗੇ।

ਸੰਸਕ੍ਰਿਤ ਸਾਹਿਤ ਵਿਚ ਤਾਂ ਇਹ ਵੀ ਲਿਖਿਆ ਮਿਲਦਾ ਹੈ ਕਿ ਜੋ ਕੋਈ ਸੂਦਰ ਵੇਦ ਪੜ੍ਹਣ ਦੀ ਕੋਸ਼ਿਸ਼ ਕਰਦਾ ਸੀ ਤਾਂ ਉਹਨੂੰ ਬੜੀ ਭਿਆਨਕ ਸਜ਼ਾ ਦਿੱਤੀ ਜਾਂਦੀ ਸੀ।

ਧਰਮ ਦੇ ਖੇਤਰ ਵਿਚ ਸੇਵਾ ਨਾਲ ਮਿਲਦੇ ਜੁਲਦੇ ਕੁਝ ਹੋਰ ਸੰਕਲਪ ਵੀ ਵਾਚਣ ਯੋਗ ਹਨ ਜਿਵੇਂ ਉਪਕਾਰ, ਦਇਆ ਅਤੇ ਦਾਨ ਆਦਿ। ਇਹ ਸੰਕਲਪ ਹਾਕਮ ਸ਼੍ਰੇਣੀ ਦੇ ਲੋਕਾਂ ਨਾਲ ਸੰਬੰਧਿਤ ਹਨ। ਇਹਨਾਂ ਸੰਕਲਪਾਂ ਦੀ ਹੋਂਦ ਹਾਕਮ ਅਤੇ ਹਕੂਮਤ ਦੇ ਆਸਰੇ ਖੜ੍ਹੀ ਹੈ। ਹਾਕਮ ਲਈ ਕੁਝ ਹੋਰ ਲੋੜਵੰਦ ਅਜਿਹੇ ਹੋਣੇ ਚਾਹੀਦੇ ਹਨ ਜਿਨ੍ਹਾਂ ਉੱਤੇ ਉਪਕਾਰ ਕੀਤਾ ਜਾ ਸਕੇ ਅਤੇ ਜਿਹੜੇ ਦਇਆ ਦੇ ਪਾਤਰ ਹੋਣ ਅਤੇ ਜਿਹਨਾਂ ਨੂੰ ਦਾਨ ਦਿੱਤਾ ਜਾ ਸਕੇ।

ਗੁਰੂ ਸਾਹਿਬਾਨ ਨੇ ਇਹਨਾਂ ਪੁਰਾਣੇ ਸੰਕਲਪਾਂ ਨੂੰ ਪ੍ਰਯੋਗ ਜ਼ਰੂਰ ਕੀਤਾ ਪਰ ਇਹਨਾਂ ਦਾ ਪ੍ਰਸੰਗ ਬਦਲ ਦਿੱਤਾ। ਉਹ ਸ਼ੂਦਰਾਂ ਨੂੰ ਨੀਚ ਨਹੀਂ ਸਨ ਸਮਝਦੇ; ਸਗੋਂ ਪ੍ਰਮਾਤਮਾ ਦਾ ਰੂਪ ਸਮਝਦੇ ਸਨ। ਜਿਹੜਾ ਰਹੱਸ ਬ੍ਰਾਹਮਣਾਂ ਨੇ ਆਮ ਲੋਕਾਂ ਤੋਂ ਛਿਪਾਈ ਰੱਖਿਆ, ਗੁਰੂ ਸਾਹਿਬਾਨ ਅਤੇ ਭਗਤੀ ਲਹਿਰ ਦੇ ਹੋਰ ਮਹਾਂਪੁਰਖਾਂ ਨੇ ਉਸਨੂੰ ਪ੍ਰਗਟ ਕਰ ਦਿੱਤਾ। ਉਹਨਾਂ ਸਾਫ਼ ਕਹਿ ਦਿੱਤਾ:

ਕਾਹੇ ਰ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸਹਿ ਨਿਰੰਤਰਿ ਘਟ ਹੀ ਖੋਜਹੁ ਭਾਈ॥ (ਪੰ: 684)

......

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ (ਪੰ: 1378)

ਉਹਨਾਂ ਦਸ ਦਿੱਤਾ ਕਿ ਸਾਰੇ ਮਨੁੱਖ ਰਾਮ ਦੀ ਅੰਸ਼ ਹਨ, ਇਸ ਲਈ ਸਾਰੇ ਬਰਾਬਰ ਹਨ। ਉਹਨਾਂ ਨੇ ਮਨੁੱਖ ਨੂੰ ਕਿਸੇ ਉਸ ਬੰਦੇ ਦੀ ਸੇਵਾ ਕਰਨ ਤੋਂ ਵਰਜਿਆ, ਜਿਹੜਾ ਬੰਦੇ-ਬੰਦੇ ਵਿਚ ਫਰਕ ਕਰਦਾ ਹੈ। ਜਿਹੜਾ ਆਪਣੇ ਆਪ ਨੂੰ 'ਉੱਚ' ਅਤੇ ਦੂਜਿਆਂ ਨੂੰ 'ਨੀਵਾਂ' ਸਮਝਦਾ ਹੈ। ਬਾਣੀਕਾਰਾਂ ਨੇ ਆਪਣੇ ਆਪ ਨੂੰ 'ਨੀਚਾਂ' ਵਾਲੇ ਪਾਸੇ ਦਸਦਿਆ ਲਿਖਿਆ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (ਪੰ: 15)

ਸਗੋਂ ਉਹਨਾਂ ਇਹ ਕਿਹਾ ਕਿ ਪਰਮਾਤਮਾ ਦੀ ਮਿਹਰ ਵੀ ਉਥੇ ਹੁੰਦੀ ਹੈ ਜਿਥੇ 'ਨੀਚ' ਲੋਕਾਂ ਦਾ ਵਾਸ ਹੁੰਦਾ ਹੈ:

ਜਿਥੈ ਨੀਚ ਸਮਾਲੀਅਨਿ ਤਿਥੇ ਨਦਰਿ ਤੇਰੀ ਬਖਸੀਸ॥ (ਪੰ: 15)

ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਕੇਵਲ ਪਰਮਾਤਮਾ ਜਾਂ ਗੁਰੂ ਦੀ ਕਰਨੀ ਲਿਖੀ ਹੈ:

ਕਰਿ ਸੇਵਾ ਪਾਰਬ੍ਰਹਮ ਗੁਰ ਭੂਖ ਰਹੈ ਨ ਕਾਈ॥ (ਪੰ: 318)

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪਰਮਾਤਮਾ ਪਾਰਬ੍ਰਹਮ ਦੀ ਸੇਵਾ ਕਿਵੇਂ ਕੀਤੀ ਜਾਵੇ? ਪਰਮਾਤਮਾ ਤਾਂ ਨਿਰਾਕਾਰ ਹੈ:

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ (ਪੰ: 283)
ਚਕ੍ਰ ਚਿਹਨ ਅਰ ਬਰਨ ਜਾਤ ਅਰ ਪਾਤ ਨਹਿਨ ਜਿਹ॥
ਰੂਪ ਰੰਗਿ ਅਰ ਰੇਖ ਭੇਖ ਕੋਊ ਕਹਿ ਨਾ ਸਕਤ ਕਹਿ॥ (ਜਾਪੁ ਸਾਹਿਬ)

ਪਰ ਗੁਰਬਾਣੀ ਵਿਚ ਇਹ ਵੀ ਲਿਖਿਆ ਹੈ:

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥ (ਪੰ: 1381)

ਇਸ ਲਈ ਖਲਕਤ ਦੀ ਸੇਵਾ ਕਰਨੀ ਹੀ ਪਰਮਾਤਮਾ ਦੀ ਸੇਵਾ ਕਰਨੀ ਹੈ। ਗੁਰੂ ਸਾਹਿਬਾਨ ਨੇ ਸਿੱਖ ਧਰਮ ਨੂੰ ਸੰਗਤੀ ਧਰਮ ਬਣਾਇਆ ਹੈ। ਇਸ ਧਰਮ ਵਿਚ ਸੰਗਤ ਦਾ ਵਿਸ਼ੇਸ਼ ਸਥਾਨ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸੰਗਤ ਦੇ ਜੁੜਨ ਲਈ ਧਰਮਸ਼ਾਲਾਵਾਂ ਦੀ ਸਥਾਪਨਾ ਆਰੰਭ ਹੋ ਗਈ ਸੀ। ਭਾਈ ਗੁਰਦਾਸ ਜੀ ਦਾ ਕਥਨ ਹੈ:

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥
(ਵਾਰ 1, ਪ: 27)

ਜਿਥੇ ਧਰਮਸਾਲਾ ਬਣੀ ਉਥੇ ਸੇਵਾ ਦਾ ਮੌਕਾ ਮਿਲਿਆ। ਇਸ ਸੇਵਾ ਨਾਲ ਕਿਸੇ ਨੂੰ ਹੰਕਾਰ ਨਹੀਂ ਸੀ ਆਉਂਦਾ। ਇਹ ਸੇਵਾ ਕਿਸੇ ਮਜਬੂਰੀ ਅਧੀਨ ਵੀ ਨਹੀਂ ਕੀਤੀ ਜਾਂਦੀ ਸੀ। ਇਹ ਪ੍ਰੇਮ ਨਾਲ ਕੀਤੀ ਜਾਂਦੀ ਸੀ।

ਮੈ ਬਧੀ ਸਚੁ ਧਰਮਸਾਲ ਹੈ॥
ਗੁਰ ਸਿਖਾਂ ਲਹਦਾ ਭਾਲਿ ਕੈ॥
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥
(ਪੰ: 23)

ਇੱਥੇ ਸੰਗਤ ਵਿਚ ਆਉਣ ਵਾਲਿਆਂ ਦੀ ਸੇਵਾ ਕੀਤੀ ਜਾਂਦੀ ਸੀ। ਸੰਗਤ ਵਿਚ ਆਉਣ ਵਾਲਾ ਹਰ ਮਨੁੱਖ ਇਕ ਸਿੱਖ ਸੀ। ਗੁਰੂ ਦੇ ਰਾਹ ਉੱਤੇ ਚਲਣ ਵਾਲਾ ਸੀ। ਕੋਈ ਊਚ ਨਹੀਂ ਸੀ, ਕੋਈ ਨੀਚ ਨਹੀਂ ਸੀ ਅਤੇ ਇਥੇ ਕਰਨ ਵਾਲੇ ਕੰਮ ਵੀ ਇਹੋ ਜਿਹੇ ਨਹੀਂ ਸਨ, ਜਿਨ੍ਹਾਂ ਨੂੰ ਕੋਈ ਅਮੀਰ ਹੀ ਕਰ ਸਕੇ। ਧਰਮਸਾਲਾ ਅਤੇ ਸੇਵਾ ਬਾਰੇ ਪੁਰਾਤਨ ਸਾਖੀਆਂ ਵਿਚ ਵੀ ਜ਼ਿਕਰ ਮਿਲਦਾ ਹੈ। ਇਕ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ:

ਹਰ ਇਕ ਧਰਮਸਾਲਾ ਮੈ ਜੋ ਕੋਈ ਮਨੁੱਖ ਸੇਵਾ ਕਰੇਗਾ, ਜਲ ਭਰੇਗਾ, ਧਰਮਸਾਲਾ ਮੈ ਦੀਪ ਜਗਾਵੇਗਾ, ਝਾੜੂ ਕਰਗਾ, ਉਸ ਕਾ ਮਨ ਨਿਰਮਲ ਹੋਵੇਗਾ, ਪਾਪ ਦੂਰ ਹੋਵਨਗੇ, ਅੰਤ ਸਮੇਂ ਸਦਗਤਿ ਦਾ ਅਧਿਕਾਰੀ ਹੋਵੇਗਾ।[4]

ਧਰਮਸਾਲਾ ਅੰਦਰ ਸੇਵਾ ਕਰਨ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ:

ਕਮਾਵਾਂ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥
ਪਖਾ ਪਾਣੀ ਪੀਸ ਬਿਗਸਾਂ ਪੈਰ ਧੋਇ ॥
ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥
ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ ॥ (ਪੰ: 518)

ਬਾਅਦ ਵਿਚ ਧਰਮਸਾਲਾ ਨੂੰ ਗੁਰਦੁਆਰੇ ਕਿਹਾ ਜਾਣ ਲੱਗ ਪਿਆ। ਇਕ ਆਦਰਸ਼ਕ ਧਰਮਸਾਲਾ ਅਤੇ ਗੁਰਦੁਆਰੇ ਬਾਰੇ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ:

"ਸੱਚੀ ਧਰਮਸਾਲਾ ਉਹ ਹੈ ਜਿਥੇ ਸਭ ਨੂੰ ਸਵਾਗਤ ਅਤੇ ਧਰਮ ਦਾ ਪ੍ਰਚਾਰ ਹੁੰਦਾ ਹੈ। ਇਸ ਤੋਂ ਵਿਰੁੱਧ ਜਿਸ ਥਾਂ ਈਰਖਾ, ਦਵੈਸ਼, ਧੜੇਬੰਦੀ ਅਰ ਖੱਟੀ ਲਈ ਦੁਕਾਨ ਜਮਾਈ ਜਾਂਦੀ ਹੈ, ਅਰ ਆਪਣੀ ਮਲਕੀਅਤ ਥਾਪ ਕੇ ਪੰਥ ਨੂੰ ਜਵਾਬ ਦਿੱਤਾ ਹੈ, ਉਹ ਪਾਪਸ਼ਾਲਾ ਹੈ।"[5]

"ਸਿੱਖਾਂ ਦਾ ਗੁਰਦੁਆਰਾ, ਵਿਦਿਆਰਥੀਆਂ ਲਈ ਸਕੂਲ, ਆਤਮਾ ਜਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ਕ ਅਚਾਰੀਆ, ਰੋਗੀਆਂ ਲਈ ਸਫ਼ਾਖਾਨਾ, ਭੁੱਖਿਆਂ ਲਈ ਅੰਨ ਪੂਰਨਾ, ਇਸਤ੍ਰੀ ਜਾਤ ਦੀ ਪਤ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।"[6]

ਇਸ ਤਰ੍ਹਾਂ ਗੁਰਦੁਆਰੇ ਵਿਚ ਵਿਦਿਆ ਕੇਂਦਰ, ਗਿਆਨ ਭੰਡਾਰ, ਹਸਪਤਾਲ, ਲੰਗਰ, ਨਿਤਾਣਿਆਂ ਦੀ ਰੱਖਿਆ ਦਾ ਪ੍ਰਬੰਧ ਅਤੇ ਸਰਾਂ ਹੋਣੀ ਜ਼ਰੂਰੀ ਹੈ। ਇਥੇ ਸੇਵਾ ਦੇ ਅਨੇਕਾਂ ਮੌਕੇ ਹਨ। ਹੁਣ ਤੱਕ ਸਿੱਖਾਂ ਦੇ ਗੁਰਦੁਆਰਿਆਂ ਵਿਚ ਇਹ ਸਾਰਾ ਕੁਝ ਹੁੰਦਾ ਵੀ ਆਇਆ ਹੈ।

ਲੰਗਰ ਦੀ ਪ੍ਰਥਾ ਗੁਰੂ ਸਾਹਿਬਾਨ ਦੇ ਵੇਲੇ ਤੋਂ ਹੀ ਪ੍ਰਚੱਲਿਤ ਹੈ। ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ ਦੀ ਸੇਵਾ ਬਾਰੇ ਬਲਵੰਡ ਰਬਾਬੀ ਲਿਖਦਾ ਹੈ:

ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥
... ... ...
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ (ਪੰ: 967)

ਉਸ ਵੇਲੇ ਆਟਾ ਹੱਥ-ਚੱਕੀਆਂ ਨਾਲ ਪੀਸਿਆ ਜਾਂਦਾ ਸੀ, ਪਾਣੀ ਦੀ ਕਿੱਲਤ ਹੁੰਦੀ ਸੀ। ਗਰਮੀ ਵਿਚ ਪੱਖੇ ਦੀ ਲੋੜ ਹੁੰਦੀ ਸੀ। ਇਸ ਕਰਕੇ ਗੁਰਬਾਣੀ ਵਿਚ ਇਹਨਾਂ ਸੇਵਾਵਾਂ ਦਾ ਬਹੁਤ ਵਾਰ ਜ਼ਿਕਰ ਆਇਆ ਹੈ:

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸ ਕਮਾਵਾ ॥
(ਪੰਨਾ 749)
ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥ (ਪੰ: 811)

ਭਾਈ ਸੰਤੋਖ ਸਿੰਘ ਜੀ[7] ਗੁਰੂ ਹਰਿ ਰਾਇ ਜੀ ਦੇ ਲੰਗਰ ਸੰਬੰਧੀ ਉਪਦੇਸ਼ ਨੂੰ ਕਲਮਬੰਦ ਕਰਦੇ ਹਨ:

ਸ੍ਰੀ ਸਤਿਗੁਰ ਹਰਿ ਰਾਇ ਜੀ ਸਿਖਨ ਦੇ ਉਪਦੇਸ਼।
ਗੁਰੂ ਨਮਿਤ ਲੰਗਰ ਕਰਹੁ ਹੁਇ ਕਲਿਆਨ ਵਿਸ਼ੇਸ਼।
ਇਸ ਸਤਿਗੁਰ ਤੇ ਸੁਨ ਸਿਖ ਜਾਵੈ।
ਨਿਜ ਨਿਜ ਗ੍ਰਿਹ ਲੰਗਰ ਵਰਤਾਵੈ।
ਭੂਖਾ ਰਹਿਨ ਨ ਕੋਈ ਪਾਇ।
ਸਭ ਸੰਗਤ ਕੋ ਦੇ ਤ੍ਰਿਪਤਾਇ।
ਪੁਰ ਗ੍ਰਾਮਨ ਮਹਿ ਗੁਰ ਸਿਖ ਜਹਾ।
ਛੁਧਿਤ ਸੁ ਭੋਜਨ ਪ੍ਰਾਪਤ ਤਹਾ।
ਨਿਰਧਨ ਰੰਕ ਅਨਾਥ ਮਹਾਨੇ।
ਅੰਗ ਭੰਗ ਹੁਇ ਮਿਲੈ ਨ ਖਾਨੇ।

ਪਰ ਇਹ ਲੰਗਰ ਉਸ ਤਰ੍ਹਾਂ ਭੰਡਾਰੇ ਨਹੀਂ ਸੀ ਹੁੰਦੇ ਜਿਵੇਂ ਮਲਕ ਭਾਗੋ ਨੇ ਕੀਤਾ ਸੀ। ਇਹਨਾਂ ਵਿਚ ਲੁੱਟ ਦਾ ਪੈਸਾ ਜਾਂ ਪਦਾਰਥ ਪ੍ਰਯੋਗ ਨਹੀਂ ਸੀ ਕੀਤੇ ਜਾਂਦੇ। ਗੁਰੂ ਘਰ ਵਿਚ ਹਰਾਮ ਦੀ ਕਮਾਈ ਪਰਵਾਨ ਨਹੀਂ। ਗੁਰਬਾਣੀ ਵਿਚ ਲਿਖਿਆ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ (ਪੰ: 1245)

ਇਹਨਾਂ ਲੰਗਰਾਂ ਵਿਚ ਹੱਥੀਂ ਸੇਵਾ ਕਰਨ ਦਾ ਬਹੁਤ ਮਹੱਤਵ ਸਮਝਿਆ ਜਾਂਦਾ ਸੀ। ਅੰਨ-ਧੰਨ ਤਾਂ ਪਹਿਲਾਂ ਹੀ ਗੁਰੂ ਦਾ ਸਮਝਿਆ ਜਾਂਦਾ ਹੈ ਅਤੇ ਸਿੱਖਾਂ ਦੀ ਟਹਿਲ ਸੇਵਾ ਹੀ ਪਰਵਾਨ ਹੁੰਦੀ ਹੈ। ਭਾਈ ਗੁਰਦਾਸ ਜੀ ਉਚਾਰਦੇ ਹਨ :

ਗੁਰ ਸਿਖਾ ਗੁਰ ਸਿਖ ਸੇਵਾ ਲਾਇਆ।
ਸਾਧਸੰਗਤਿ ਕਰਿ ਸੇਵ ਸੁਖ ਫਲ ਪਾਇਆ।
ਤਪੜੁ ਝਾੜਿ ਵਿਛਾਇ ਧੂੜੀ ਨਾਇਆ।
ਕੋਰੇ ਮੱਟ ਅਣਾਇ ਨੀਰੁ ਭਰਾਇਆ।
ਆਨਿ ਮਹਾਪਰਸਾਦ ਵੰਡਿ ਖੁਆਇਆ। (ਵਾਰ 20, ਪਉੜੀ 10)

ਜੇ ਕੋਈ ਸੰਗਤ ਨੂੰ ਕੇਵਲ ਛੋਲੇ ਹੀ ਖੁਆ ਸਕਦਾ ਹੈ ਤਾਂ ਉਸ ਦਾ ਮਹਾਤਮ ਵੀ ਲੱਖ ਹੋਮ ਜੱਗਾਂ ਦੇ ਬਰਾਬਰ ਦੱਸਿਆ ਗਿਆ ਹੈ:

ਹੋਮ ਜਗ ਲਖ ਭੋਗ ਚਣੇ ਚਬਾਵਣੀ॥ (ਵਾਰ 14, ਪਉੜੀ 19)

ਅੱਜ ਕੱਲ੍ਹ ਲਗਭਗ ਹਰ ਗੁਰਦੁਆਰੇ ਵਿਚ ਲੰਗਰ ਦਾ ਪ੍ਰਬੰਧ ਹੈ। ਪਰ ਇਸ ਲੰਗਰ ਵਿਚ ਅੱਜ ਦੇ ਯੁੱਗ ਅਨੁਸਾਰ ਸੁਧਾਰ ਕਰਨ ਦੀ ਲੋੜ ਹੈ। ਗੁਰਪੁਰਬਾਂ ਤੇ ਕਈ ਵਾਰ ਦੇਖਣ ਵਿਚ ਆਇਆ ਹੈ ਕਿ ਲੰਗਰ ਵਿਚ ਭੀੜ ਸਮੇਂ ਧੱਕਾ-ਮੁੱਕੀ ਚਲ ਜਾਂਦੇ ਹਨ। ਜਿਹੜੇ ਲੋਕ ਲੰਗਰ ਦੇ ਅਧਿਕਾਰੀ ਹਨ ਉਹ ਬਾਹਰ ਖੜ੍ਹੇ ਹੁੰਦੇ ਹਨ ਅਤੇ ਉਹਨਾਂ

ਨੂੰ ਬਚਿਆ ਖੁਚਿਆ ਲੰਗਰ ਦਿੱਤਾ ਜਾਂਦਾ ਹੈ। ਕਈ ਵਾਰ ਤਾਂ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਪੱਤਲਾਂ ਵਿਚ ਕੁਝ ਲੋਕ ਜੂਠਾ ਭੋਜਨ ਇਕੱਠਾ ਕਰਦੇ ਵੀ ਨਜ਼ਰ ਆਉਂਦੇ ਹਨ। ਕਿੰਨਾ ਚੰਗਾ ਹੋਵੇ ਜੇ ਅਜਿਹੇ ਲੋੜਵੰਦ ਲੋਕਾਂ ਦੀ ਭੁੱਖ ਦੂਰ ਕਰਨ ਦਾ ਸਥਾਈ ਜਤਨ ਕੀਤਾ ਜਾਵੇ ਤਾਂ ਇਹ ਇਕ ਨਿੱਗਰ ਸੇਵਾ ਹੋਵੇਗੀ। ਪਰ ਜੇ ਅਜੋਕੇ ਰਾਜ-ਪ੍ਰਬੰਧ ਅਧੀਨ ਅਜਿਹਾ ਨਾ ਕੀਤਾ ਜਾ ਸਕੇ ਤਾਂ ਅਜਿਹੇ ਸਮਾਗਮਾਂ ਤੇ ਪਹਿਲਾਂ ਗਰੀਬ ਲੋਕਾਂ ਨੂੰ ਰੱਜ ਕੇ ਭੋਜਨ ਛਕਾਇਆ ਜਾਵੇ ਫਿਰ ਆਪ ਸਿੱਖ ਸੰਗਤਾਂ ਭੋਜਨ ਕਰਨ। ਇਹ ਚੰਗੇਰੀ ਸੇਵਾ ਹੋਵੇਗੀ।

ਪ੍ਰੇਮ ਸੁਮਾਰਗ ਵਿਚ ਲਿਖਿਆ ਹੈ ਕਿ 'ਪ੍ਰਸਾਦ ਜਬ ਤਿਆਰ ਹੋਇ ਏਕ ਜਗਾਹ ਅੱਛੀ ਬਨਾਇਕੇ ਸਤਰੰਜੀ ਕੰਬਲ ਲੋਈ ਕਿਛੁ ਹੇਠ ਕਪੜਾ ਹੋਵੈ ਵਿਛਾਏ, ਤਿਸ ਪਰ ਬੈਠ ਕਪੜਿਆਂ ਨਾਲ ਢਕੈ, ਚਉਂਕੇ ਕਾ ਭ੍ਰਮ ਨਾ ਕਰੈ, ਖਾਣਾ ਪੀਣਾ ਪਵਿੱਤਰ ਹੈ, ਅਕਾਲ ਦੀ ਬਖਸ਼ ਹੈ ਅਰ ਉਸ ਵਕਤ ਜੋ ਪ੍ਰਸਾਦ ਪਰੋਸ ਕੇ ਅੱਗੇ ਰੱਖੀਐ, ਧਿਆਨ ਪਰਮ ਗੁਰੂ ਕਾ ਕਰੋ, ਅਰ ਮਨ ਬਚ ਕ੍ਰਮ ਕਹੈ ਜੋ 'ਏ ਸ੍ਰੀ ਅਕਾਲ ਪੁਰਖ' ਕੋਈ ਜੀਅ ਤਲਬਦਾਰ ਭੇਜ ਜੋ ਖਾਲਸੇ ਕਾ ਇਹ (ਪ੍ਰਸਾਦ), ਪਵਿੱਤਰ ਹੋਵੈ ਕਬੂਲ ਹੋਵੇ ਅਤੇ ਜੇ ਕੋਈ ਸਹਿਜ ਆਵੈ ਤਾਂ ਜਾਣੈ ਜੋ ਆਪ ਬਣ ਆਇਆ ਹੈ, ਇਸ ਵਿਚ ਭੇਦ ਨਾਹੀ, ਅੱਛੀ ਜੁਗਤਿ ਨਾਲ ਆਦਰ ਨਾਲ ਖੁਲਾਵੈ ਖੁਸ਼ੀ ਲੇਵੈ, ਜੋ ਕਟਾਚ ਆਪ ਤੇ ਕੋਈ ਨਾ ਆਵੇ ਤਾਂ ਇਕ ਅਹਾਰ ਪਰੋਸਵਾਇਕੈ ਪਹਿਲਾਂ ਹੀ ਜੁਦਾ ਕਰ ਛਡੇ, ਫੇਰ ਜੇ ਕੋਈ ਹਿੰਦੂ, ਮੁਸਲਮਾਨ, ਖਾਲਸਾ ਖੁਧਿਆਰਥੀ ਆਵੈ ਉਸ ਨੂੰ ਦੇਵੈ, ਏ ਪ੍ਰਸ਼ਾਦ ਦਰਗਾਹ ਕਬੂਲ ਪਵੰਦਾ ਹੈ, ਇਸ ਵਿਚ ਫੇਰ ਨਾਹੀ।"[8]

ਭਾਈ ਚੌਪਾ ਸਿੰਘ ਦੇ ਰਹਤਨਾਮੇ ਵਿਚ ਲਿਖਿਆ ਹੈ, "ਗੁਰੂ ਕਾ ਸਿੱਖ ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੇ।"[9] ਅਸੀਂ ਉਸ ਗੁਰੂ ਕਾ ਲੰਗਰ ਆਪ ਹੀ ਛਕਣ ਦੀ ਕੋਸ਼ਿਸ਼ ਕਰਦੇ ਹਾਂ ਜਿਸ ਗੁਰੂ ਨੇ ਭੁੱਖੇ ਫ਼ਕੀਰਾਂ ਨੂੰ ਲੰਗਰ ਛਕਾਉਣ ਬਦਲੇ ਆਪਣੇ ਪਿਤਾ ਕੋਲੋਂ ਚੁਪੇੜਾਂ ਖਾਧੀਆਂ ਸਨ। ਕੀ ਅਸੀਂ ਗੁਰੂ ਦੀ ਉਸ ਭਾਵਨਾ ਨੂੰ ਸਮਝਦੇ ਹੋਏ ਲੰਗਰ ਦੀ ਪ੍ਰਥਾ ਨੂੰ ਜਾਰੀ ਰੱਖ ਰਹੇ ਹਾਂ? ਸੇਵਾ ਸੰਬੰਧੀ ਵਿਚਾਰ ਕਰਦਿਆਂ ਇਹ ਪ੍ਰਸ਼ਨ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਗੁਰਦੁਆਰੇ ਜਾ ਕੇ ਸੇਵਾ ਕਰਨ ਨਾਲ ਹੱਥ ਸਫਲ ਸਮਝੇ ਜਾਂਦੇ ਹਨ। ਭਾਈ ਗੁਰਦਾਸ ਜੀ ਵੱਖ-ਵੱਖ ਸੇਵਾਵਾਂ ਦਾ ਜ਼ਿਕਰ ਕਰਦਿਆਂ ਲਿਖਦੇ ਹਨ:

ਗੁਰਮੁਖ ਹਥਿ ਸਕਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ।
ਪਾਣੀ ਪੱਖਾ ਪੀਹਣਾ ਪੈਰ ਧੋਇ ਚਰਣਾਮ੍ਰਿਤ ਪਾਵੈ।
ਗੁਰਬਾਣੀ ਲਿਖਿ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੇ।

(ਵਾਰ 6, ਪਉੜੀ 12)

ਪਾਣੀ ਢੋਣ, ਪੱਖਾ ਝੱਲਣ ਅਤੇ ਆਟਾ ਪੀਸਣ ਦੀ ਸੇਵਾ ਤੋਂ ਇਲਾਵਾ ਪੈਰ ਧੋਣ ਦੀ ਸੇਵਾ ਦਾ ਜ਼ਿਕਰ ਵੀ ਅਨੇਕਾਂ ਵਾਰ ਆਉਂਦਾ ਹੈ। ਇਥੇ ਪੈਰ ਕਿਸੇ ਮਹਾਂਪੁਰਖ ਦੇ

ਹੀ ਨਹੀਂ ਧੋਤੇ ਜਾਂਦੇ ਸਗੋਂ ਜੋ ਵੀ ਗੁਰਦੁਆਰੇ ਆਉਂਦਾ ਹੈ, ਉਸ ਦੇ ਪੈਰ ਧੋਣ ਦੀ ਗੱਲ ਕੀਤੀ ਗਈ ਹੈ। ਪੁਰਾਤਨ ਕਾਲ ਵਿਚ ਲੋਕ ਦੂਰ ਦੂਰ ਤੋਂ ਪੈਦਲ ਚਲ ਗੁਰਦੁਆਰੇ ਆਉਂਦੇ ਸਨ। ਰਾਹ ਵਿਚ ਮਿੱਟੀ ਘੱਟਾ ਆਮ ਹੁੰਦਾ ਸੀ। ਪੈਰ ਧੋਣ ਨਾਲ ਜਿਥੇ ਸਫ਼ਾਈ ਹੁੰਦੀ ਸੀ ਉਥੇ ਥਕਾਵਟ ਵੀ ਦੂਰ ਹੁੰਦੀ ਸੀ। ਪੈਰ ਧੋਣ ਦੀ ਸੇਵਾ ਕਰਨ ਵਾਲੇ ਦੇ ਮਨ ਵਿਚੋਂ ਹਉਮੈ ਦੀ ਮੈਲ ਵੀ ਦੂਰ ਹੁੰਦੀ ਸੀ। ਇੰਜ ਸੰਗਤ ਵਿਚ ਜੁੜਨ ਦਾ ਵਧੇਰੇ ਅਨੰਦ ਆਉਂਦਾ ਸੀ। ਗੁਰਬਾਣੀ ਦਾ ਪ੍ਰਭਾਵ ਵਧੇਰੇ ਪੈਂਦਾ ਸੀ। ਅੱਜ ਕਈ ਅਖੌਤੀ ਅਗਿਆਨੀ ਲੋਕ ਕਾਰਾਂ ਉੱਤੇ ਚੜ੍ਹਨ ਵਾਲੇ ਅਖੌਤੀ ਸੰਤਾਂ ਦੇ ਜੁਰਾਬਾਂ ਵਾਲੇ ਪੈਰਾਂ ਨੂੰ ਧੋ ਕੇ ਸਮਝਦੇ ਹਨ ਕਿ ਉਹ ਸੇਵਾ ਕਰ ਰਹੇ ਹਨ, ਜਦੋਂ ਕਿ ਅਨੇਕਾਂ ਲੋਕ ਨੰਗੇ ਪੈਰ ਆਪਣਾ ਕਾਰ ਵਿਹਾਰ ਕਰਕੇ ਉਮਰ ਨੂੰ ਧੱਕਾ ਦੇ ਰਹੇ ਹਨ। ਇਨ੍ਹਾਂ ਕਾਰਾਂ ਵਾਲੇ ਸੰਤਾਂ ਦੇ ਪੈਰ ਨਾਲੋਂ ਉਹਨਾਂ ਪੈਰੋਂ ਨੰਗੇ ਲੋਕਾਂ ਦੀ ਸੌਖ ਦਾ ਕੋਈ ਪ੍ਰਬੰਧ ਕਰਨਾ ਕਿਤੇ ਵੱਡੀ ਸੇਵਾ ਹੈ।

ਭਾਈ ਗੁਰਦਾਸ ਜੀ ਗੁਰਬਾਣੀ ਦੀਆਂ ਪੋਥੀਆਂ ਲਿਖਣ ਨੂੰ ਵੀ ਸੇਵਾ ਕਹਿੰਦੇ ਹਨ। ਇਸ ਦਾ ਅਰਥ ਹੈ ਕਿ ਗੁਰਬਾਣੀ ਦਾ ਚਾਨਣ ਹਰ ਥਾਂ ਪੁਚਾਉਣ ਦਾ ਪ੍ਰਬੰਧ ਕਰਨਾ। ਪੁਰਾਣੇ ਜ਼ਮਾਨੇ ਵਿਚ ਛਾਪਾਖ਼ਾਨਾ ਨਹੀਂ ਸੀ। ਇਸ ਲਈ ਉਸ ਯੁਗ ਵਿਚ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਪ੍ਰਚਾਰ ਦਾ ਕੰਮ ਕੀਤਾ ਜਾਂਦਾ ਸੀ। ਗੁਰਦੁਆਰਿਆਂ ਵਿਚ ਇਹਨਾਂ ਪੋਥੀਆਂ ਤੋਂ ਵਿਦਿਆਰਥੀਆਂ ਨੂੰ ਵਿਦਿਆ ਪੜ੍ਹਾਈ ਜਾਂਦੀ ਸੀ। ਅੱਜ ਦੇ ਯੁਗ ਵਿਚ ਗੁਰਬਾਣੀ ਦੀ ਸਿੱਖਿਆ ਦਾ ਪ੍ਰਚਾਰ ਕਰਨ ਲਈ ਜੋ ਵੀ ਉੱਦਮ ਕੀਤਾ ਜਾਵੇ, ਉਸ ਨੂੰ ਇਸ ਸੇਵਾ ਅਧੀਨ ਗਿਣਿਆ ਜਾਣਾ ਚਾਹੀਦਾ ਹੈ। ਅਨੇਕਾਂ ਸਿੱਖ ਸੰਸਥਾਵਾਂ ਨੇ ਗੁਰੂ ਸਾਹਿਬਾਨ ਦੇ ਨਾਵਾਂ ਨੂੰ ਪ੍ਰਯੋਗ ਕਰਕੇ ਸਕੂਲ ਖੋਹਲੇ ਹੋਏ ਹਨ। ਪਰ ਉਹਨਾਂ ਦਾ ਜਿਹੜਾ ਹਾਲ ਹੁੰਦਾ ਹੈ, ਉਹ ਆਮ ਸਕੂਲਾਂ ਨਾਲੋਂ ਵੀ ਮਾੜਾ ਹੁੰਦਾ ਹੈ। ਇਹ ਸੇਵਾ ਦਾ ਕੇਂਦਰ ਨਹੀਂ; ਸਗੋਂ ਪ੍ਰਬੰਧਕਾਂ ਦੀ ਹਉਮੈ ਨੂੰ ਪੱਠੇ ਪਾਉਣ ਦੇ ਕੇਂਦਰ ਬਣ ਜਾਂਦੇ ਹਨ। ਇਥੇ ਵਿਦਿਆ ਵੀ ਇਕ ਖ਼ਾਸ ਤਰ੍ਹਾਂ ਦੇ ਕੁਲੀਨ ਵਰਗ ਨੂੰ ਦਿੱਤੀ ਜਾਂਦੀ ਹੈ। ਅੱਵਲ ਤਾਂ ਸਮੁੱਚੀ ਮਨੁੱਖਤਾ ਦੀ ਅਨਪੜ੍ਹਤਾ ਬਾਰੇ ਸੋਚਣਾ ਹਰ ਸਿੱਖ ਦਾ ਫ਼ਰਜ਼ ਹੈ ਪਰ ਜੋ ਕੇਵਲ ਸਿੱਖ ਜਨਤਾ ਬਾਰੇ ਹੀ ਸੋਚਣਾ ਹੋਵੇ ਤਾਂ ਵੀ ਅਨੇਕਾਂ ਸਿੱਖ ਬੱਚੇ ਬੱਚੀਆਂ ਅਜੇ ਵੀ ਨਿਰਅੱਖਰ ਹਨ। ਪੱਖਪਾਤ ਤੇ ਨਾਜਾਇਜ਼ ਰਿਆਇਤ ਨੂੰ ਛੱਡ ਕੇ ਇਹਨਾਂ ਦੀ ਵਿਦਿਆ ਅਤੇ ਰੁਜ਼ਗਾਰ ਦਾ ਪ੍ਰਬੰਧ ਕਰਨਾ ਵੀ ਸਿੱਖਾਂ ਦੀ ਸੇਵਾ ਵਿਚ ਗਿਣਿਆ ਜਾਵੇ ਤਾਂ ਸ਼ਾਇਦ ਗੁਰਮਤਿ ਦਾ ਵਧੇਰੇ ਪ੍ਰਚਾਰ ਹੋ ਸਕੇ। ਅਨੇਕਾਂ ਬੱਚੇ ਅਜਿਹੇ ਹਨ ਜਿਹੜੇ ਗੁਰਮੁਖੀ ਅੱਖਰਾਂ ਤੋਂ ਵੀ ਅਣਜਾਣ ਹਨ। ਗੁਰਮੁਖੀ ਅੱਖਰਾਂ ਨੂੰ ਜਾਣੇ ਬਿਨਾਂ ਕੋਈ ਗੁਰੂ ਗ੍ਰੰਥ ਸਾਹਿਬ ਦਾ ਪਾਠ ਨਹੀਂ ਕਰ ਸਕਦਾ। ਜੇ ਕੋਈ ਆਪਣੇ ਗੁਰੂ ਦੇ ਬਚਨ ਵਾਚ ਹੀ ਨਹੀਂ ਸਕਦਾ, ਉਹ ਸਿੱਖ ਕਿਵੇਂ ਹੋ ਸਕਦਾ ਹੈ? ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਮੱਥਾ ਟੇਕਣ ਵਾਲਾ ਸਿੱਖ ਬਣ ਸਕਦਾ ਹੁੰਦਾ ਤਾਂ ਭਾਈ ਗੁਰਦਾਸ ਜੀ ਗੁਰਬਾਣੀ ਦੀਆਂ ਪੋਥੀਆਂ ਲਿਖਣ ਵਾਲੀ ਸੇਵਾ

ਦੀ ਲੋੜ ਨਾ ਸਮਝਦੇ। ਭਾਈ ਗੁਰਦਾਸ ਜੀ ਮ੍ਰਿਦੰਗ ਅਤੇ ਰਬਾਬ ਤਾਲ ਵਜਾਉਣ ਨੂੰ ਵੀ ਸੇਵਾ ਗਿਣਦੇ ਹਨ। ਇਸ ਬਾਰੇ ਭਾਈ ਕਾਹਨ ਸਿੰਘ ਨਾਭਾ ਜੀ ਦਾ ਕਥਨ ਹੈ:

"ਭਾਈ ਸਾਹਿਬ (ਗੁਰਦਾਸ ਜੀ) ਹੱਥਾਂ ਦੀ ਸਫ਼ਲਤਾ ਲਈ ਹੋਰ ਸ਼ੁਭ ਕਰਮਾਂ ਵਿਚ ਮ੍ਰਿਦੰਗ ਅਤੇ ਰਬਾਬ ਦਾ ਵਜਾਉਣਾ ਵੀ ਦਸਦੇ ਹਨ। ਸਾਨੂੰ ਸ਼ੋਕ ਨਾਲ ਲਿਖਣਾ ਪਿਆ ਕਿ ਸਿੱਖਾਂ ਨੇ ਸੰਗੀਤ ਵਿਦਿਆ ਗੁਰੂ ਅਰਜਨ ਦੇਵ ਜੀ ਦੀ ਦੱਸੀ ਹੋਈ ਮੁੱਢੋਂ ਹੀ ਭੁਲਾ ਦਿੱਤੀ ਹੈ। ਰਬਾਬ, ਸਰੰਦਾ ਅਤੇ ਮ੍ਰਿਦੰਗ ਤਾਂ ਸ਼ਾਇਦ ਇਕ ਰਾਗੀ ਭੀ ਚੰਗੀ ਤਰ੍ਹਾਂ ਨਾ ਵਜਾ ਸਕਦਾ ਹੋਵੇ। ਅੱਜ ਕੱਲ੍ਹ ਦੇ ਰਾਗੀ ਮਾਮੂਲੀ ਗੀਤਾਂ ਉਪਰ ਸ਼ਬਦਾਂ ਦੀ ਧਾਰਣਾ ਬਣਾ ਕੇ ਗਾਉਂਦੇ ਹਨ। ਉਹਨਾਂ ਨੂੰ ਪਤਾ ਭੀ ਨਹੀਂ ਕਿ ਛੰਦ, ਪੜਤਾਲ ਅਤੇ ਪੌੜੀ ਆਦਿਕ ਕਿਸ ਤਰ੍ਹਾਂ ਗਾਈਦੇ ਹਨ। ਔਰ ਰਬਾਬ ਵਿਚ ਵੀਣਾ ਦਾ ਬਾਜ ਅਤੇ ਸਰੰਦੇ ਦਾ ਅਲਾਪ ਮ੍ਰਿਦੰਗ ਦੀਆਂ ਪਰਣਾ ਨਾਮ-ਮਾਤਰ ਭੀ ਨਹੀਂ ਜਾਣਦੇ ਅਤੇ ਦਸਮ ਗ੍ਰੰਥ ਵਿਖੇ ਲਿਖੇ ਸੰਗੀਤ ਛਪੈ ਆਦਿ ਛੰਦ (ਜਿਨ੍ਹਾਂ ਵਿਚ ਪਖਾਵਜ ਦੇ ਬੋਲ ਹਨ) ਪੜ੍ਹ ਭੀ ਨਹੀਂ ਸਕਦੇ। ਛਣਕਾਰ ਅਤੇ ਕੜਕਟ ਦਾ ਨਾਉਂ ਕੀਰਤਨ ਬਣਾ ਲਿਆ ਹੈ। ਜਿਸ ਦਾ ਰਸ ਸਰੋਤਿਆਂ ਨੂੰ ਕੁਝ ਵੀ ਨਹੀਂ ਆਉਂਦਾ; ਸਗੋਂ ਦੀਵਾਨ ਵਿਚੋਂ ਛੁਟਕਾਰਾ ਪਾਉਣ ਲਈ ਜਤਨ ਕਰਨਾ ਪੈਂਦਾ ਹੈ। ਕੇਹਾ ਅੱਛਾ ਹੋਵੇ ਜੇ ਅਜੇ ਭੀ ਪੁਰਾਣੀਆਂ ਧਾਰਨਾਂ ਨੂੰ ਕਾਇਮ ਰਖਣ ਦਾ ਜਤਨ ਕੀਤਾ ਜਾਵੇ ਔਰ ਪੰਥ ਮੁਖੀਏ ਇਕ ਸੰਗੀਤ ਆਸ਼ਰਮ ਬਣਾ ਕੇ ਲਾਇਕ ਰਾਗੀ ਉਤਪੰਨ ਕਰ ਸਕਨ।"[10]

ਗੁਰੂ ਗ੍ਰੰਥ ਸਾਹਿਬ ਜੀ ਦੀ ਲਗਭਗ ਸਾਰੀ ਬਾਣੀ ਸੰਗੀਤ ਕਲਾ ਉਪਰ ਆਧਾਰਤ ਹੈ। ਗੁਰੂ ਸਾਹਿਬ ਨੇ ਇਸ ਦਾ ਉਚਾਰਣ ਕਰਨ ਲਈ ਵਿਸ਼ੇਸ਼ ਤੌਰ ਤੇ ਨਿਰਦੇਸ਼ ਦਿੱਤੇ ਹਨ। ਹਰ ਸ਼ਬਦ ਉਪਰ ਰਾਗ ਦਾ ਨਾਂ ਦਿੱਤਾ ਹੈ। ਇਸ ਲਈ ਸੰਗੀਤ ਕਲਾ ਦੀ ਜਾਣਕਾਰੀ ਸਿੱਖਾਂ ਲਈ ਜ਼ਰੂਰੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਕੰਮ ਨੂੰ ਖਾਨਦਾਨੀ ਸੀਮਾਵਾਂ ਵਿਚ ਨਹੀਂ ਰਹਿਣ ਦਿੱਤਾ; ਸਗੋਂ ਆਮ ਸਿੱਖਾਂ ਨੂੰ ਇਹ ਵਿਦਿਆ ਸਿਖਾਉਣ ਦੇ ਪ੍ਰਬੰਧ ਕੀਤੇ। ਇਸੇ ਭਾਵਨਾ ਅਧੀਨ ਸਿੱਖ ਸੰਸਥਾਵਾਂ ਨੇ ਵੀ ਸੰਗੀਤ ਵਿਦਿਆਰਥੀਆਂ ਦਾ ਪ੍ਰਬੰਧ ਕੀਤਾ, ਪਰ ਇਸ ਵਿਦਿਆ ਦਾ ਕੀਰਤਨ ਰੂਪ ਅੱਜ ਚੰਗੀ ਹਾਲਤ ਵਿਚ ਨਹੀਂ। ਹੁਣ ਇਸ ਕਾਰਜ ਨੂੰ ਸੇਵਾ ਨਹੀਂ ਸਮਝਿਆ ਜਾਂਦਾ। ਕੀਰਤਨੀਏ ਸਿੱਖ ਲੋਕਾਂ ਦੇ ਕੰਨ ਰਸ ਲਈ ਰਾਗਦਾਰੀ ਛੱਡ ਗਏ ਹਨ। ਉਹ ਸ਼ਬਦਾਂ ਦੀਆਂ ਟੇਕਾਂ ਰਹਾਉ ਵਾਲੀਆਂ ਤੁਕਾਂ ਨੂੰ ਨਹੀਂ ਬਣਾਉਂਦੇ; ਸਗੋਂ ਮਨ ਮਰਜ਼ੀ ਦੀਆਂ ਤੁਕਾਂ ਰਖਦੇ ਹਨ ਅਤੇ ਸਿੱਖ ਸੰਗਤਾਂ ਵੀ ਸਾਧਾਰਨ ਕੀਰਤਨ ਪਸੰਦ ਕਰਨ ਲੱਗ ਪਈਆਂ ਹਨ। ਹੋਰ ਤਾਂ ਹੋਰ ਸਿੱਖੀ ਦੇ ਮਹਾਨ ਕੀਰਤਨ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਵੀ ਪ੍ਰੰਪਰਾਈ ਕੀਰਤਨ ਦੀ ਧੁਨ ਘੱਟ ਵੱਧ ਹੀ ਸੁਣਾਈ ਦਿੰਦੀ ਹੈ। ਇਸ ਸੇਵਾ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਅੱਜ ਦੇ ਯੁੱਗ ਵਿਚ ਲੋੜਾਂ ਤਬਦੀਲ ਹੋ ਗਈਆਂ ਹਨ। ਵਿਸ਼ੇਸ਼ ਕਰਦੇ ਧਨੀ ਲੋਕ ਧਨ ਰਾਹੀਂ ਸੇਵਾ ਬਹੁਤੀ ਕਰਨ ਲਗ ਪਏ ਹਨ। ਸੰਗਮਰਮਰ ਦੀਆਂ ਸਿਲਾਂ 'ਤੇ ਆਪਣਾ

ਨਾਂ ਉੱਕਰਿਆ ਵੇਖਣਾ ਚਾਹੁੰਦੇ ਹਨ। ਇਹੋ ਜਿਹੀ ਸੇਵਾ ਇਮਾਰਤਾਂ ਨੂੰ ਸ਼ਿੰਗਾਰਨ ਅਤੇ ਸੋਨਾ ਲਗਾਉਣ ਤੱਕ ਹੀ ਸੀਮਤ ਰਹਿ ਜਾਂਦੀ ਹੈ। ਇਹੋ ਜਿਹੀ ਸੇਵਾ ਕਰਨ ਵਾਲਿਆਂ ਦੇ ਮਨ ਵਿਚ ਬਾਕੀ ਧਰਮਾਂ ਦੀਆਂ ਇਮਾਰਤਾਂ ਤੋਂ ਮਹਿੰਗੀਆਂ ਇਮਾਰਤਾਂ ਬਣਾਉਣ ਦੀ ਭਾਵਨਾ ਹੀ ਕੰਮ ਕਰਦੀ ਹੈ। ਲੋਕ ਭਲਾਈ ਜਾਂ ਸਿੱਖੀ ਪ੍ਰਚਾਰ ਦੀ ਭਾਵਨਾ ਕੰਮ ਨਹੀਂ ਕਰਦੀ। ਬੇਅੰਤ ਪੈਸਾ ਇਸ ਪਾਸੇ ਖ਼ਰਚ ਹੋ ਰਿਹਾ ਹੈ; ਪਰ ਇਸ ਦਾ ਪ੍ਰਭਾਵ ਸ਼ੰਕਾਗ੍ਰਸਤ ਹੈ। ਲੋੜ ਹੈ ਕਿ ਗੁਰਬਾਣੀ ਦੀ ਰੌਸ਼ਨੀ ਵਿਚ ਸੇਵਾ ਨੂੰ ਸਫਲ ਕਰਨ ਦਾ ਜਤਨ ਕਰੀਏ।

ਗੁਰੂ ਅਮਰਦਾਸ ਜੀ ਸੇਵਾ ਦੇ ਪਾਤਰ ਬਾਰੇ ਸਪੱਸ਼ਟ ਲਿਖਦੇ ਹਨ:

ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥
ਤਿਸਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥
... ... ...
ਅਭਿਆਗਤ ਏਹਿ ਨ ਆਖੀਅਨ ਜਿ ਪਰ ਘਰਿ ਭੋਜਨੁ ਕਰੇਨਿ ॥
ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ॥
ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥

(ਪੰ: 949)

ਇਹਨਾਂ ਤੁਕਾਂ ਦੀ ਵਿਆਖਿਆ ਕਰਦਿਆਂ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ: "ਜੋ ਹਰਾਮ ਖਾਣੇ ਪ੍ਰਪੰਚੀ, ਭੇਖ ਨੂੰ ਉਪਜੀਵਕਾ ਸਮਝ ਕੇ ਮੰਗਦੇ ਫਿਰਦੇ ਹਨ, ਉਹਨਾਂ ਦੀ ਸੇਵਾ ਕਰਨਾ ਨਿਸਫਲ ਹੈ। ਜੋ ਵਿਚਾਰਵਾਨ ਵਿਦਵਾਨ ਸ਼ੁਭ ਗੁਣਾਂ ਦਾ ਪ੍ਰਚਾਰ ਕਰਨ ਲਈ ਵਿਚਰਦੇ ਹਨ, ਉਹ ਸੱਚੇ ਅਭਿਆਗਤ ਅਥਵਾ ਅਤਿਥੀ ਹਨ ਔਰ ਦਾਨ ਮਾਨ ਦੇ ਪੂਰਨ ਅਧਿਕਾਰੀ ਹਨ।"[11]

ਸੋ ਸੇਵਾ ਕਰਨ ਵੇਲੇ ਜਿਸ ਦੀ ਸੇਵਾ ਕੀਤੀ ਜਾ ਰਹੀ ਹੈ ਉਸ ਬਾਰੇ ਪੂਰੀ ਪੜਤਾਲ ਕਰਨੀ ਚਾਹੀਦੀ ਹੈ। ਅੱਜ ਕੱਲ੍ਹ ਚੰਦਾ ਲੈਣ ਵਾਲੀਆਂ ਅਨੇਕਾਂ ਸੰਸਥਾਵਾਂ ਹਨ। ਉਹਨਾਂ ਬਾਰੇ ਤਸੱਲੀ ਕਰ ਲੈਣੀ ਚਾਹੀਦੀ ਹੈ, ਕਿਤੇ ਉਹ ਸੰਸਥਾ ਵਿਹਲੜਾਂ ਦੀ ਪਾਲਣਾ ਪੋਸਣਾ ਤਾਂ ਨਹੀਂ ਕਰ ਰਹੀ? ਕਿਤੇ ਉਹ ਸੰਸਥਾ ਮਨੁੱਖਤਾ ਦੀ ਸੇਵਾ ਕਰਨ ਦੀ ਬਜਾਇ ਮਨੁੱਖਤਾ ਦੀ ਅਧੋਗਤੀ ਵਿਚ ਹਿੱਸਾ ਤਾਂ ਨਹੀਂ ਪਾ ਰਹੀ। ਗੁਰੂ ਅਮਰਦਾਸ ਜੀ ਦੀਆਂ ਤੁਕਾਂ ਨੂੰ ਲਾਗੂ ਕਰ ਕੇ ਸੇਵਾ ਕਰਨ ਦੀ ਲੋੜ ਹੈ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਿਆ ਹੈ, ਸਿੱਖੀ ਸੰਗਤੀ ਧਰਮ ਹੈ। ਇਹ ਵਿਰਕਤਾਂ ਅਥਵਾ ਸਮਾਜ ਨੂੰ ਤਿਆਗਣ ਵਾਲਿਆਂ ਦਾ ਧਰਮ ਨਹੀਂ। ਉਂਜ ਵੀ ਧਰਮ ਦਾ ਸੰਕਲਪ ਗ੍ਰਹਿਸਤ ਵਿਚ ਹੀ ਹੋਂਦ ਰਖਦਾ ਹੈ। ਭਗਤ ਕਬੀਰ ਜੀ ਲਿਖਦੇ ਹਨ:

ਕਬੀਰ ਜਉ ਗ੍ਰਿਹੁ ਕਰਹਿ ਤ ਧਰਮ ਕਰੁ, ਨਾਹੀਂ ਤ ਕਰੁ ਬੈਰਾਗੁ ॥

(ਪੰ: 1377)

ਭਾਈ ਗੁਰਦਾਸ ਜੀ ਨੇ ਇਸੇ ਲਈ ਧਰਮ ਨੂੰ ਪ੍ਰਧਾਨ ਕਿਹਾ ਹੈ :

ਗਿਆਨਾ ਮੈਂ ਗਿਆਨ ਅਰ ਧਿਆਨਨ ਮੈਂ ਧਿਆਨ ਗੁਰੂ
ਸਗਲ ਧਰਮ ਮੇਂ ਗ੍ਰਹਿਸਥ ਪ੍ਰਧਾਨ ਹੈ ॥ [12]

ਸੇਵਾ ਕਰਨ ਦਾ ਮੌਕਾ ਵੀ ਗ੍ਰਹਿਸਥ ਵਿਚ ਵਧੇਰੇ ਮਿਲਦਾ ਹੈ। ਘਰ ਵਿਚ ਰੋਟੀ ਪਕਦੀ ਹੈ। ਕਿਸੇ ਭੁੱਖੇ ਦੀ ਭੁੱਖ ਦੂਰ ਕੀਤੀ ਜਾ ਸਕਦੀ ਹੈ। ਗ੍ਰਹਿਸਥੀ ਮਨੁੱਖ ਦੂਜੇ ਦੇ ਦੁੱਖ ਦਰਦ ਨੂੰ ਸਮਝ ਸਕਦਾ ਹੈ। ਉਸ ਦਾ ਬੱਚਾ ਬੀਮਾਰ ਹੋਵੇ ਤਾਂ ਆਪਣੇ ਸੁਖ ਨੂੰ ਕੁਰਬਾਨ ਕਰ ਦਿੰਦਾ ਹੈ। ਬੱਚਿਆਂ ਦੀ ਪਾਲਣਾ ਲਈ ਉਹ ਮਿਹਨਤ ਕਰਦਾ ਹੈ ਅਤੇ ਸੇਵਾ ਦਾ ਇਹ ਛੋਟਾ ਦਾਇਰਾ ਹੀ ਵੱਡਾ ਹੋ ਕੇ ਟੱਬਰ ਦੀ ਸੇਵਾ ਦੇ ਨਾਲ ਨਾਲ ਅਤੇ ਇਸ ਦੇ ਰਾਹੀਂ ਸਮਾਜ ਦੀ ਸੇਵਾ ਦਾ ਦਾਇਰਾ ਬਣ ਜਾਂਦਾ ਹੈ। ਭਗਤ ਰਤਨਾਵਲੀ ਵਿਚ ਗੁਰੂ ਅੰਗਦ ਦੇਵ ਜੀ ਦੇ ਸਮੇਂ ਦੀ ਇਕ ਸਾਖੀ ਇੰਝ ਦਰਜ ਹੈ : "ਜੱਗਾ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਆਇਆ। ਅਰਦਾਸ ਕੀਤੀ, ਜੇ ਤੁਸੀਂ ਬਚਨ ਕਰੋ ਤਾਂ ਮੈਂ ਘਰ ਬਾਰ ਛੱਡ ਕੇ ਫਕੀਰ ਹੋ ਜਾਂਦਾ ਹਾਂ। ਮੈਨੂੰ ਇਕ ਜੋਗੀ ਨੇ ਆਖਿਆ ਹੈ ਜੋ ਘਰ ਬੰਧਨ ਰੂਪ ਹੈ। ਤੂੰ ਪ੍ਰਿਥਮੇ ਘਰ ਬਾਰ ਦਾ ਤਿਆਗ ਕਰ ਆਵੈ ਤਾਂ ਮੈਂ ਉਪਦੇਸ਼ ਕਰਸਾਂ।" ਤਾਂ ਬਚਨ ਹੋਇਆ -"ਜੋਗ ਕੀਤਿਆਂ ਅਤੇ ਘਰ ਛਡਿਆਂ ਜੇ ਉਧਾਰ ਹੁੰਦਾ ਤਾਂ ਤਦ ਫਕੀਰ ਕਿਉਂ ਹੱਟੀਆਂ ਤੇ ਝਗੜਦੇ ਫਿਰਦੇ ਹਨ? ਜਿਵੇਂ ਕੰਵਲ, ਵਿਚ ਜਲ ਦੇ ਹੀ ਰਹਿੰਦਾ ਹੈ, ਸੂਰਜ ਵੱਲ ਧਿਆਨ ਰਖਦਾ ਹੈ, ਤੈਸੇ ਗੁਰਮੁਖ ਵਿਚ ਗ੍ਰਹਿਸਤ ਦੇ ਰਹਿੰਦੇ ਹਨ ਤੇ ਗੁਰੂ ਦੇ ਨਿਮਿਤ ਸੇਵਾ ਟਹਲ ਕਰਦੇ ਹੈਨ, ਜੇ ਫ਼ਕੀਰ, ਫਕੀਰ ਹੋ ਕੇ ਕਿਸੇ ਥੀਂ ਲੈ ਖਾਵੇਗਾ ਤਾਂ ਆਪ ਤੇ ਤਪ ਦਾ ਬਲ ਓਸ ਨੂੰ ਵੰਡ ਦੇਵੇਗਾ, ਤੇ ਜੇ ਗ੍ਰਹਿਸਤੀ ਹੋ ਕੈ ਭਗਤਿ ਕਰੇਗਾ ਓਹ ਭੀ ਓਸਥੈ ਰਹੈਗਾ, ਤੇ ਸਾਧੂ ਸੰਗਤਿ ਦੀ ਸੇਵਾ ਦਾ ਫਲ ਭੀ ਹੋਵੇਗਾ। ਜੈਸੇ ਕੋਇ ਗਊ ਨੂੰ ਘਾਹ ਖਵਾਂਦਾ ਹੈ, ਤਾਂ ਉਸ ਦਾ ਦੁਧ ਦੁਹਿ ਲੈਂਦਾ ਹੈ?"[13]

ਗ੍ਰਹਿਸਥ ਬਾਰੇ ਗੁਰਬਾਣੀ ਵਿਚ ਲਿਖਿਆ ਹੈ:

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥ (ਪੰ: 419)
ਪੁੰਨ ਦਾਨ ਕਾ ਕਰੇ ਸਰੀਰੁ ॥
ਸੋ ਗਿਰਹੀ ਗੰਗਾ ਕਾ ਨੀਰੁ ॥ (ਪੰ: 952)

ਗ੍ਰਹਿਸਥੀ ਨੂੰ ਸਮਾਜਿਕ ਬੁਰਾਈਆਂ ਬਾਰੇ ਪਤਾ ਲਗਦਾ ਹੈ ਅਤੇ ਉਸ ਨੂੰ ਹੀ ਲੋੜ ਮਹਿਸੂਸ ਹੁੰਦੀ ਹੈ ਕਿ ਸਮਾਜਿਕ ਪ੍ਰਬੰਧ ਨੂੰ ਅਜਿਹਾ ਬਣਾਇਆ ਜਾਵੇ, ਜਿਸ ਵਿਚ ਸਾਰੇ ਲੋਕ ਸੁਖੀ ਰਹਿ ਸਕਣ। ਸਿੱਖੀ ਦੀ ਮੂਲ ਭਾਵਨਾ ਇਸ ਵਿਚਾਰ ਨਾਲ ਓਤ-ਪੋਤ ਹੈ। ਇਸ ਲਈ ਵਿਅਕਤੀਗਤ ਜਤਨਾਂ ਦੇ ਨਾਲ–ਨਾਲ ਸਮੂਹਕ ਰੂਪ ਵਿਚ ਸੰਸਥਾਤਮਕ ਜਤਨ ਕਰਨ ਦੀ ਵੀ ਲੋੜ ਹੈ। ਇਸ ਮੰਤਵ ਲਈ ਜੋ ਵੀ ਮਦਦ ਕੀਤੀ ਜਾਵੇ ਉਹ ਮਹਾਨ ਸੇਵਾ ਹੈ। ਇਹ ਸੇਵਾ ਕੋਈ ਵਿਅਕਤੀ ਆਪਣੀ ਹਉਮੈ ਅਧੀਨ

ਨਹੀਂ ਕਰਦਾ; ਸਗੋਂ ਇਸ ਲਈ ਕਰਦਾ ਹੈ ਕਿ ਇਸ ਨਾਲ ਜਿਹੜੇ ਮੰਤਵ ਦੀ ਪੂਰਤੀ ਹੁੰਦੀ ਹੈ, ਉਸ ਨਾਲ ਉਸ ਦੀ ਸੰਤਾਨ ਨੂੰ ਵੀ ਲਾਭ ਹੋਵੇਗਾ।

ਗੁਰੂ ਸਾਹਿਬ ਸੇਵਾ ਕੇਵਲ ਸਿੱਖ ਸੰਸਥਾ ਦੀ, ਜਾਂ ਉਹਨਾਂ ਸਿੱਖਾਂ ਦੀ, ਜਿਹੜੇ ਸਿੱਖੀ ਦੇ ਆਦਰਸ਼ ਲਈ ਪ੍ਰਤੀਬੱਧ ਹਨ ਅਤੇ ਜਿਹਨਾਂ ਨੇ ਜੀਵਨ ਸਿੱਖੀ ਉੱਦੇਸ਼ਾਂ ਲਈ ਅਰਪਨ ਕਰ ਦਿੱਤਾ ਹੈ, ਕਰਨ ਲਈ ਕਹਿੰਦੇ ਹਨ। ਗੁਰੂ ਸਾਹਿਬਾਨ ਗੁਰਸਿੱਖਾਂ ਪ੍ਰਤੀ ਉਚਾਰਦੇ ਹਨ:

ਮਾਤਾ ਪ੍ਰੀਤਿ ਕਰੇ ਪੁਤੁ ਖਾਇ॥
ਮੀਨੇ ਪ੍ਰੀਤਿ ਭਈ ਜਲਿ ਨਾਇ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥ (ਪੰ: 164)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ :

ਸੇਵ ਕਰੀ ਇਨ ਕੀ ਮਨ ਭਾਵਤ,
ਔਰ ਕੀ ਸੇਵ ਸੁਹਾਤ ਨ ਜੀਕੋ।
ਦਾਨ ਦਿਓ ਇਨਹੀ ਕੋ ਭਲੋ,
ਔਰ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲ ਇਨਹੀ ਕੋ ਦਿਓ,
ਜਗ ਮੇ ਯਾਸ ਔਰ ਦਿਓ ਸਭ ਫੀਕੋ।
ਮੋ ਗ੍ਰਹਿ ਮੇ ਮਨ ਤੇ ਤਨ ਤੇ,
ਸਿਰ ਲੌ ਧਨ ਹੈ ਸਭ ਹੀ ਇਨਹੀ ਕੋ।[14]

ਅੱਜ ਕੱਲ੍ਹ ਸਿੱਖ ਸੰਸਥਾਵਾਂ ਬਾਰੇ ਵਾਦ-ਵਿਵਾਦ ਖੜ੍ਹੇ ਹਨ। ਇਹਨਾਂ ਵਾਦ-ਵਿਵਾਦਾਂ ਨੂੰ ਧਿਆਨ ਵਿਚ ਰਖਦਿਆਂ ਲੋੜ ਹੈ ਕਿ ਸਿੱਖਾਂ ਦੀ ਜਿਹੜੀ ਆਸਥਾ ਸਿੱਖ ਸੰਸਥਾ ਉੱਤੇ ਬਣੀ ਹੋਈ ਹੈ ਉਸ ਨੂੰ ਕਾਇਮ ਰਖਿਆ ਜਾਵੇ। ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਸਮੇਂ ਦੀ ਲੋੜ ਅਨੁਸਾਰ ਅਜਿਹੇ ਕਾਰਜ ਕਰਨ ਜਿਹਨਾਂ ਨਾਲ ਖ਼ਾਲਕ ਰੂਪ ਖ਼ਲਕਤ ਦਾ ਭਲਾ ਹੋਵੇ। ਸਭ ਲਈ ਵਿਦਿਆ ਦਾ ਪ੍ਰਬੰਧ ਹੋਵੇ, ਸਭ ਲਈ ਰੋਟੀ ਹੋਵੇ, ਕੋਈ ਨਿਆਸਰਾ ਨਾ ਹੋਵੇ, ਇਹ ਕਾਰਜ ਕਰਨ ਲਈ ਪ੍ਰਤੀਬੱਧ ਲੋਕ ਸੇਵਾ ਕਰਨ ਲਈ ਅੱਗੇ ਲਾਉਣ ਅਤੇ ਉਹ ਇਹ ਸੇਵਾ ਧਰਮ ਦੇ ਜਜ਼ਬੇ ਅਧੀਨ ਕਰਨ। ਕਿਤੇ ਸੇਵਾ ਕਰਨ ਦਾ ਲਾਰਾ ਲਾ ਕੇ ਕਿਸੇ ਹੋਰ ਮਨੋਰਥ ਲਈ ਕੁਰਸੀਆਂ 'ਤੇ ਬੈਠ ਕੇ ਆਪਣੇ ਤੱਕ ਹੀ ਸੀਮਤ ਨਾ ਹੋ ਜਾਣ।

ਇਹ ਨੁਕਤੇ ਹੋਰ ਵਿਚਾਰ ਕਰਨ ਲਈ ਉਠਾਏ ਗਏ ਹਨ ਤਾਂ ਜੋ ਸੇਵਾ ਸਹੀ ਢੰਗ ਨਾਲ ਕੀਤੀ ਜਾ ਸਕੇ, ਕਿਉਂਕਿ :

ਸਤਿਗੁਰ ਕੀ ਸੇਵਾ ਗਾਖੜੀ, ਸਿਰ ਦੀਜੈ ਆਪੁ ਗਵਾਇ॥
ਸਬਦਿ ਮਿਲਹਿ ਤਾਂ ਹਰਿ ਮਿਲੈ, ਸੇਵਾ ਪਵੈ ਸਭ ਥਾਇ॥ (ਪੰ: 27)

**ਹਵਾਲੇ**


1. ਮਨੂ ਸਿਮਰਤੀ, ਹਵਾਲਾ ਭਾਰਤੀ ਚਿੰਤਨ ਪਰੰਪਰਾ, ਕੇ ਦਮੋਦਰਨ, ਪੰ: 65-66
2. ਬ੍ਰਿਹਦਾਰਣਿਕ ਉਪਨਿਸ਼ਦ, ਹਵਾਲਾ ਉਹੀ, ਪੰ: 58-59
3. The Principal upnishads, pp. 168-169
4. ਸਾਖੀ ਭਾਈ ਬਾਲੇ ਵਾਲੀ ਹਵਾਲਾ ਗੁਰਮਤਿ ਮਾਰਤੰਡ, ਭਾਈ ਕਾਹਨ ਸਿੰਘ ਨਾਭਾ, ਪੰ:
5. ਸਾਖੀ ਭਾਈ ਬਾਲੇ ਵਾਲੀ ਹਵਾਲਾ ਗੁਰਮਤਿ ਮਾਰਤੰਡ, ਭਾਈ ਕਾਹਨ ਸਿੰਘ ਨਾਭਾ, ਪੰ: 606
6. ਗੁਰਮਤ ਮਾਰਤੰਡ, ਪੰ: 604
7. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ, ਰਾਸ 9, ਅਧਿਆਇ 6
8. ਹਵਾਲਾ, ਗੁਰਮਤ ਸੁਧਾਕਰ, ਪੰ: 271
9. ਹਵਾਲਾ, ਉਹੀ, ਪੰ: 277
10. ਗੁਰਮਤ ਸੁਧਾਕਰ, ਪੰ: 109-110
11. ਗੁਰਮਤ ਪ੍ਰਭਾਕਰ, ਪੰ: 37
12. ਹਵਾਲਾ, ਗੁਰਮਤ ਸੁਧਾਕਰ, ਪੰ: 188-189
13. ਹਵਾਲਾ ਗੁਰਮਤ ਮਾਰਤੰਡ, ਪੰ: 462
14. ਗੁਰੂ ਗੋਬਿੰਦ ਸਿੰਘ ਜੀ, ਹਵਾਲਾ, ਗੁਰਮਤ ਸੁਧਾਕਰ, ਪੰ. 78

# ਜਹ ਜਹ ਦੇਖਾ ਤਹ ਤਹ ਤੂ ਹੈ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਦੁੱਤੀ ਮਹਾਂ ਪੁਰਖਾਂ ਰਾਹੀਂ ਉਚਾਰੇ ਉਹ ਅਰਸ਼ੀ ਪਵਿੱਤਰ ਵਾਕ ਹਨ ਜਿਹਨਾਂ ਵਿਚ ਜੀਵਨ ਦੇ ਗੁੱਝੇ ਭੇਦਾਂ ਦਾ ਵਰਣਨ ਕੀਤਾ ਗਿਆ ਹੈ। ਗੁਰਬਾਣੀ ਦੇ ਕਿਸੇ ਇੱਕ ਵਾਕ ਦੇ ਵਿਚਾਰ ਨੂੰ ਲੜ ਬੰਨ੍ਹ ਲਈਏ ਅਤੇ ਉਸ ਉੱਤੇ ਅਮਲ ਸ਼ੁਰੂ ਕਰ ਦੇਈਏ ਤਾਂ ਬੰਧਨਾਂ ਤੋਂ ਮੁਕਤ ਹੋ ਜਾਈਦਾ ਹੈ।

ਜਹ ਜਹ ਦੇਖਾ ਤਹ ਤਹ ਤੂ ਹੈ

ਪਵਿੱਤਰ ਵਾਕ ਮਨੁੱਖੀ ਜੀਵਨ ਦੀ ਇੱਕ ਉਚੇਰੀ ਅਵਸਥਾ ਨੂੰ ਬਿਆਨ ਕਰਦਾ ਹੈ। ਇਹ ਅਵਸਥਾ ਸਮੁੱਚੇ ਬ੍ਰਹਿਮੰਡ ਦੇ ਵਰਤਾਰੇ ਨੂੰ ਮਹਿਸੂਸ ਕਰਨ ਨਾਲ ਪ੍ਰਾਪਤ ਹੁੰਦੀ ਹੈ। ਇਹ ਮਹਾਂ ਵਾਕ ਗੁਰੂ ਨਾਨਕ ਦੇਵ ਜੀ ਦੇ ਸ੍ਰੀ ਰਾਗ ਵਿਚ ਰਚੇ ਸ਼ਬਦ ਵਿੱਚੋਂ ਲਿਆ ਗਿਆ ਹੈ। ਪੂਰਾ ਸ਼ਬਦ ਇਸ ਪ੍ਰਕਾਰ ਹੈः–

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥
ਨ ਜਾਣਾ ਮੇਉ ਨ ਜਾਣਾ ਜਾਲੀ ॥ ਜਾ ਦੁਖੁ ਲਾਗੈ ਤੁ ਤੁਝੈ ਸਮਾਲੀ ॥
ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸ ਤੇਰੈ ਹਦੂਰਿ ॥
ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ ॥
ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ ਨਾਹੀ ਕੈ ਦਰਿ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥
ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋੁ ॥
ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ ॥
ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ ॥

(ਗੁਰੂ ਗ੍ਰੰਥ ਸਾਹਿਬ, ਪੰਨਾ 25)

ਇਸ ਸ਼ਬਦ ਵਿੱਚ ਮੱਛੀ ਦਾ ਦ੍ਰਿਸ਼ਟਾਂਤ ਲੈ ਕੇ 'ਜਹ ਜਹ ਦੇਖਾ ਤਹ ਤਹ ਤੂਹੈ' ਵਾਲੀ ਅਵਸਥਾ ਸਮਝਾਈ ਗਈ ਹੈ। ਇੱਥੇ ਜਿਵੇਂ ਜਗਿਆਸੂ ਮੱਛੀ ਦੇ ਰੂਪ ਵਿੱਚ ਪ੍ਰਮਾਤਮਾ ਰੂਪੀ ਸਾਗਰ ਨੂੰ ਸਿੱਧਾ ਸੰਬੋਧਨ ਕਰਦਾ ਹੈ, "ਹੇ ਪ੍ਰਮਾਤਮਾ ਤੂੰ ਦਰਿਆਓ ਜਾਂ ਸਾਗਰ ਵਾਂਗ ਬਹੁਤ ਵੱਡਾ ਹੈਂ, ਮੈਂ ਨਿੱਕੀ ਜਿਹੀ ਮਛਲੀ ਵਾਂਗ ਹਾਂ, ਮੈਂ ਤੇਰਾ ਅੰਤ ਕਿਵੇਂ ਪਾ ਸਕਦਾ ਹਾਂ? ਮੈਂ ਜਿੱਥੇ ਵੀ ਵੇਖਦਾ ਹਾਂ ਤੂੰ ਹੀ ਤੂੰ ਹੈਂ। ਹਾਂ, ਮੈਨੂੰ ਇਹ ਪਤਾ ਲਗ ਗਿਆ ਹੈ ਕਿ ਤੂੰ ਮੇਰਾ ਜੀਵਨ ਹੈਂ, ਜੇ ਮੈਂ ਤੈਥੋਂ ਵਿਛੜ ਗਿਆ ਤਾਂ ਮਰ ਜਾਵਾਂਗਾ।

ਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ ॥

(ਮਲਾਰ ਮਹਲਾ ੪, ਪੰਨਾ 1263)

ਅਰਥਾਤ– ਹੇ ਭਾਈ! ਪਰਮਾਤਮਾ ਦਾ ਭਗਤ ਇਉਂ ਹੈ ਜਿਵੇਂ ਪਾਣੀ ਦੀ ਮੱਛੀ ਹੈ। ਪਾਣੀ ਤੋਂ ਵਿਛੜ ਕੇ ਮੱਛੀ ਤੜਫ ਕੇ ਮਰ ਜਾਂਦੀ ਹੈ, ਤਿਵੇਂ ਪਰਮਾਤਮਾ ਦਾ ਭਗਤ ਹਰਿ ਨਾਮ ਵਿਸਰਿਆਂ ਬਹੁਤ ਦੁਖੀ ਹੁੰਦਾ ਹੈ। ਕਹਿੰਦੇ ਹਨ ਮੱਛੀ ਨੂੰ ਵੀ ਪਹਿਲਾਂ ਸੋਝੀ ਨਹੀਂ ਸੀ ਕਿ ਉਸ ਦਾ ਜੀਵਨ ਪਾਣੀ ਹੈ। ਉਹ ਹਮੇਸ਼ਾ ਪਾਣੀ ਵਿਚ ਰਹਿੰਦੀ ਸੀ। ਜਿਹੜੀ ਵਸਤੂ ਸਾਡੇ ਕੋਲ ਹਰ ਵੇਲੇ ਬਹੁਤਾਤ ਵਿੱਚ ਮੌਜੂਦ ਹੋਵੇ, ਸੌਖੀ ਮਿਲ ਸਕਦੀ ਹੋਵੇ, ਜਦੋਂ ਚਾਹੀਏ ਅਤੇ ਜਿੰਨੀ ਚਾਹੀਏ ਮਿਲ ਸਕਦੀ ਹੋਵੇ, ਤਾਂ ਅਸੀਂ ਉਸ ਵਸਤੂ ਦੀ ਮਹਤਤਾ ਨੂੰ ਨਹੀਂ ਸਮਝ ਸਕਦੇ। ਉਸ ਦੀ ਅਸੀਂ ਕਦਰ ਨਹੀਂ ਪਾਉਂਦੇ; ਉਸ ਦੀ ਕੀਮਤ ਨਹੀਂ ਸਮਝਦੇ। ਉਸ ਦੀ ਸੰਭਾਲ ਵੱਲ ਵੀ ਕੋਈ ਵਿਸ਼ੇਸ਼ ਧਿਆਨ ਨਹੀਂ ਦਿੰਦੇ। ਜਿਵੇਂ ਹਵਾ ਸਾਡੇ ਜੀਵਨ ਲਈ ਬਹੁਤ ਜ਼ਰੂਰੀ ਹੈ ਪਰ ਇਹ ਸਾਨੂੰ ਮੁਫ਼ਤ ਬਿਨਾਂ ਕਿਸੇ ਮੁਸ਼ਕਲ ਦੇ ਮਿਲ ਜਾਂਦੀ ਹੈ ਇਸ ਲਈ ਅਸੀਂ ਇਸ ਬਾਰੇ ਬਹੁਤਾ ਸੋਚਦੇ ਨਹੀਂ। ਪਰ ਜਿੱਥੇ ਕਿਤੇ ਇਸ ਦੀ ਤੋਟ ਆਉਂਦੀ ਹੈ ਤਾਂ ਪਤਾ ਲਗਦਾ ਹੈ। ਇਸ ਤਰ੍ਹਾਂ ਮੱਛੀ ਨੂੰ ਪਾਣੀ ਦੀ ਮਹਤਤਾ ਦਾ ਪਤਾ ਨਹੀਂ ਸੀ। ਇਕ ਵਾਰ ਉਸ ਨੇ ਕੱਛੂ ਨੂੰ ਕਿਹਾ ਕਿ ਮੈਂ ਸੁਣਿਆ ਹੈ ਕਿ ਕੋਈ ਐਸੀ ਵਸਤੂ ਹੈ ਜਿਹੜੀ ਸੀਤਲ ਹੈ; ਜਿਸ ਕਾਰਨ ਜੀਵ ਜੰਤੂ ਅਤੇ ਬਨਸਪਤੀ ਮੌਲਦੀ ਹੈ, ਤੂੰ ਉਸ ਵਸਤੂ ਬਾਰੇ ਜਾਣਦਾ ਹੈਂ? ਕੱਛੂ ਨੇ ਕਿਹਾ, 'ਮੈਂ ਤਾਂ ਜਾਣਦਾ ਹਾਂ, ਪਰ ਜੇ ਤੂੰ ਜਾਣਨਾ ਚਾਹੁੰਦੀ ਹੈਂ ਤਾਂ ਤੈਨੂੰ ਮੇਰੇ ਨਾਲ ਪਾਣੀ ਤੋਂ ਬਾਹਰ ਜਾਣਾ ਪਵੇਗਾ।' ਮੱਛੀ ਕੱਛੂ ਦੀ ਪਿੱਠ 'ਤੇ ਬੈਠ ਗਈ ਤੇ ਕੱਛੂ ਨੇ ਉਸ ਨੂੰ ਬਰੇਤੇ ਵਿੱਚ ਲਿਆ ਸੁੱਟਿਆ ਮੱਛੀ ਥੋੜ੍ਹੀ ਦੇਰ ਬਾਅਦ ਹੀ ਤੜਫਣ ਲੱਗੀ।ਜਦੋਂ ਅਧਮੋਈ ਹੋ ਗਈ ਤਾਂ ਕੱਛੂ ਨੇ ਮੱਛੀ ਨੂੰ ਮੁੜ ਪਾਣੀ ਵਿੱਚ ਲਿਆ ਕੇ ਸੁੱਟਿਆ ਤੇ ਕਿਹਾ–'ਇਹ ਹੈ ਪਾਣੀ ਜਿਹੜਾ ਸਭ ਨੂੰ ਸੀਤਲਤਾ ਤੇ ਜੀਵਨ ਦਿੰਦਾ ਹੈ।' ਉਸ ਦਿਨ ਤੋਂ ਮੱਛੀ ਨੂੰ ਪਤਾ ਚਲ ਗਿਆ ਤੇ ਉਹ ਲੱਗੀ ਪਾਣੀ ਦੇ ਗੁਣ ਗਾਉਣ।

ਇਸੇ ਤਰ੍ਹਾਂ ਅਸੀਂ ਵੀ ਪ੍ਰਮਾਤਮਾ ਦੇ ਅੰਦਰ ਹਰ ਵੇਲੇ ਰਹਿੰਦੇ ਹਾਂ, ਉਸ ਦੀਆਂ ਦਾਤਾਂ ਦਾ ਆਨੰਦ ਮਾਣਦੇ ਹਾਂ। ਉਸ ਦਾ ਸ਼ੁਕਰਾਨਾ ਕਰਨ ਦੀ ਥਾਂ ਅਸੀਂ ਉਸ ਦਾ ਅੰਤ ਪਾਉਣ ਦੀ ਕੋਸ਼ਿਸ਼ ਕਰਨ ਲੱਗ ਪੈਂਦੇ ਹਾਂ ਤਾਂ ਜੋ ਅਸੀਂ ਚੁੰਚ ਗਿਆਨ ਕਰਕੇ ਆਪਣੀ ਧਾਂਕ ਜਮਾ ਸਕੀਏ। ਅਸੀਂ ਆਪਣੀ ਹਉਮੈ ਵਸ ਗੁਰੂ ਨਾਨਕ ਦੇਵ ਜੀ ਦੇ ਜਪੁਜੀ ਵਿੱਚ ਉਚਾਰੇ ਇਹ ਕਥਨ ਭੁੱਲ ਜਾਂਦੇ ਹਾਂ–

ਅੰਤੁ ਨ ਸਿਫਤੀ ਕਹਣਿ ਨ ਅੰਤ॥
ਅੰਤੁ ਨ ਕਰਣੈ ਦੇਣਿ ਨ ਅੰਤ॥
ਅੰਤੁ ਨ ਵੇਖਣਿ ਸੁਣਣਿ ਨ ਅੰਤ॥
ਅੰਤੁ ਨ ਜਾਪੈ ਕਿਆ ਮਨਿ ਮੰਤ।
ਅੰਤੁ ਨ ਜਾਪੈ ਕੀਤਾ ਆਕਾਰ॥
ਅੰਤੁ ਨ ਜਾਪੈ ਪਾਰਾਵਾਰ॥
ਅੰਤੁ ਕਾਰਣਿ ਕੇਤੇ ਬਿਲਲਾਹਿ॥

ਤਾ ਕੇ ਅੰਤੁ ਨ ਪਾਏ ਜਾਹਿ॥
ਏਹ ਅੰਤੁ ਨ ਜਾਣੈ ਕੋਇ॥
ਬਹੁਤਾ ਕਹੀਐ ਬਹੁਤਾ ਹੋਇ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 5)*

ਗੁਰਬਾਣੀ ਵਿੱਚ ਥਾਂ-ਥਾਂ 'ਤੇ ਆਦੇਸ਼ ਦਿੱਤੇ ਗਏ ਹਨ ਕਿ ਪ੍ਰਮਾਤਮਾ ਦੀ ਉਸਤਤੀ ਕੀਤੀ ਜਾ ਸਕਦੀ ਹੈ। ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ:

ਉਸਤਤਿ ਕਰਹਿ ਸੇਵਕ ਮੁਨਿ ਕੇਤੇ
ਤੇਰਾ ਅੰਤ ਨ ਕਤਹੂ ਪਾਈਐ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 528)*

ਮੱਛੀ ਵਾਂਗ ਜਗਿਆਸੂ ਵੀ ਪ੍ਰਮਾਤਮਾ ਤੋਂ ਬਿਨਾਂ ਨਹੀਂ ਰਹਿ ਸਕਦਾ। ਪਰ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਪਰਮਾਤਮਾ ਹੀ ਅਸਲ ਵਿੱਚ ਸਭ ਦਾ ਮਾਤਾ ਪਿਤਾ ਪਾਲਨਹਾਰ ਕਰਤਾ ਹੈ ਤਾਂ ਉਹ ਹਰ ਸਮੇਂ ਉਸ ਨਾਲ ਰਹਿਣਾ ਚਾਹੁੰਦਾ ਹੈ। ਅਜਿਹੇ ਜਗਿਆਸੂ ਬਾਰੇ ਗੁਰਬਾਣੀ ਵਿੱਚ ਇੱਕ ਬੜਾ ਪਿਆਰਾ ਸ਼ਬਦ ਹੈ:

ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ॥
ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥
ਤੂੰ ਮੇਰੀ ਓਟ ਤੂਹੈ ਮੇਰਾ ਮਾਣਾ॥
ਤੁਝ ਬਿਨ ਦੂਜਾ ਅਵਰ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ॥
ਜੀਅ ਜੰਤ ਸਭਿ ਤੁਧੁ ਉਪਾਏ॥
ਜਿਤ ਜਿਤ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ॥
ਨਾਮੁ ਧਿਆਇ ਮਹਾ ਸੁਖ ਪਾਇਆ॥
ਹਰਿ ਗੁਣ ਗਾਇ ਮੇਰਾ ਮਨ ਸੀਤਲਾਇਆ॥
ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 103)*

ਇਸ ਤਰ੍ਹਾਂ 'ਜਹ ਜਹ ਦੇਖਾ ਤਹ ਤਹ ਤੂਹੈ' ਵਾਲੀ ਅਵਸਥਾ ਉੱਤੇ ਪਹੁੰਚਣ ਤੋਂ ਪਹਿਲਾਂ ਉਸ ਦੇ ਗੁਣਾਂ ਦਾ ਅਹਿਸਾਸ ਹੁੰਦਾ ਹੈ। ਇਹ ਗੁਣ ਉਹ ਹੁੰਦੇ ਹਨ ਜਿਹਨਾਂ ਦਾ ਸੰਬੰਧ ਸਾਡੇ ਨਾਲ ਹੁੰਦਾ ਹੈ ਅਤੇ ਅਸੀਂ ਉਹਨਾਂ ਨੂੰ ਮਹਿਸੂਸ ਕਰ ਸਕਦੇ ਹਾਂ। ਇਹ ਗੁਣ ਸਾਡੀ ਜ਼ਿੰਦਗੀ ਨੂੰ ਸੁਖਾਵਾਂ ਵੀ ਬਣਾਉਂਦੇ ਹਨ ਅਤੇ ਸਾਨੂੰ ਅਚੰਭਤ ਵੀ ਕਰਦੇ ਹਨ। ਉਹ ਅਪਹੁੰਚ ਹੈ। ਅਗੋਚਰ ਹੈ। ਅਦ੍ਰਿਸ਼ਟ ਹੈ। ਉਹ ਸਭ ਜੀਵਾਂ ਦੀ ਸੰਭਾਲ ਕਰਦਾ ਹੈ। ਉਹ ਜਲ ਵਿੱਚ, ਧਰਤੀ ਵਿੱਚ, ਅਕਾਸ਼ ਵਿੱਚ, ਹਰ ਥਾਂ ਵਿਆਪਕ ਹੈ। ਹਰੇਕ ਜੀਵ ਦੇ ਹਿਰਦੇ ਵਿੱਚ ਉਸ ਦੀ ਜੋਤ ਮੌਜੂਦ ਹੈ।

ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ॥
ਜਲਿ ਥਲਿ ਮਹੀਅਲ ਭਰਿਪੁਰ ਲੀਣਾ ਘਟਿ ਘਟਿ ਜੋਤਿ ਤੁਮਾਰੀ॥

(ਬਿਲਾਵਲ ਮਹਲਾ ੧, ਪੰਨਾ 795)

ਭਗਤ ਰਵਿਦਾਸ ਜੀ ਕਹਿੰਦੇ ਹਨ ਉਹ ਪ੍ਰਭੂ-ਖਸਮ ਅਨੇਕਾਂ ਰੂਪ ਬਣਾ ਕੇ ਸਾਰਿਆਂ ਵਿੱਚ ਇੱਕ ਆਪ ਹੀ ਹੈ, ਸਭ ਘਟਾਂ ਵਿੱਚ ਇੱਕ ਆਪ ਹੀ ਹੈ, ਸਭ ਘਟਾਂ ਵਿੱਚ ਆਪ ਹੀ ਬੈਠਾ ਜਗਤ ਦੇ ਰੰਗ ਮਾਣ ਰਿਹਾ ਹੈ। ਉਹ ਦੂਰ ਨਹੀਂ; ਮੇਰੇ ਹੱਥ ਤੋਂ ਵੀ ਨੇੜੇ ਹੈ, ਜੋ ਕੁਝ ਜਗਤ ਵਿੱਚ ਵਰਤ ਰਿਹਾ ਹੈ, ਉਸੇ ਦੀ ਰਜ਼ਾ ਵਿੱਚ ਹੋ ਰਿਹਾ ਹੈ-

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥

(ਰਾਗ ਸੋਰਠ, ਭਗਤ ਰਵਿਦਾਸ ਜੀ, ਪੰਨਾ 658)

ਉਹ ਇਤਨਾ ਨੇੜੇ ਹੈ ਪਰ ਮਨੁੱਖ ਆਪਣੀ ਹਉਮੈ ਕਾਰਨ ਉਸ ਨੂੰ ਦੂਰ ਸਮਝਦਾ ਹੈ। ਉਹ ਸਾਰੇ ਪਾਸੇ ਵਿਆਪਕ ਹੈ ਜੋ ਵੀ ਮਨੁੱਖ ਕਰਦਾ ਹੈ ਉਹ ਪ੍ਰਮਾਤਮਾ ਸਾਹਮਣੇ ਹੀ ਕਰਦਾ ਹੈ:

ਤੂ ਭਰਪੂਰਿ ਜਾਨਿਆ ਮੈ ਦੂਰਿ॥
ਜੋ ਕਛ ਕਰੀ ਸੁ ਤੇਰੇ ਹਦੂਰ॥

ਇਸ ਭੁਲੇਖੇ ਵਿੱਚ ਕਿ ਜੋ ਵੀ ਮੈਂ ਕਰਮ ਕਰਦਾ ਹਾਂ ਉਹਨਾਂ ਨੂੰ ਕੋਈ ਨਹੀਂ ਵੇਖਦਾ; ਮਨੁੱਖ ਕੁਕਰਮ ਕਰਨ ਤੋਂ ਡਰਦਾ ਵੀ ਨਹੀਂ; ਪਰ ਗੁਰੂ ਜੀ ਫੁਰਮਾਉਂਦੇ ਹਨ ਕਿ ਆਦਮੀ ਸ਼ਹਿਰਾਂ ਦੀਆਂ ਦੁਕਾਨਾਂ ਤੇ ਮਜ਼ਬੂਤ ਮਹਿਲਾਂ ਨੂੰ ਪਾੜ ਲਾਉਂਦਾ ਹੈ ਅਤੇ ਉਥੇ ਚੋਰੀ ਕਰ ਕੇ ਘਰ ਆ ਜਾਂਦਾ ਹੈ। ਉਹ ਆਪਣੇ ਅੱਗੇ ਪਿੱਛੇ ਵੇਖਦਾ ਹੈ; ਪਰ ਤੇਰੇ ਕੋਲੋਂ ਉਹ ਆਪਣਾ ਆਪ ਕਿਵੇਂ ਲੁਕਾ ਸਕਦਾ ਹੈ:

ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥

(ਗਉੜੀ ਮਹਲਾ ੧, ਪੰਨਾ 156)

ਉਹ ਸਾਰਾ ਕੁਝ ਵੇਖਦਾ ਹੈ ਪਰ ਅਸੀਂ ਉਸ ਦੇ ਵੇਖਣ ਤੋਂ ਮੁਕਰਦੇ ਰਹਿੰਦੇ ਹਾਂ। ਅਸੀਂ ਪ੍ਰਮਾਤਮਾ ਦੇ ਕਹੇ ਅਨੁਸਾਰ ਕੰਮ ਨਹੀਂ ਕਰਦੇ ਨਾ ਹੀ ਉਸ ਦਾ ਸਿਮਰਨ ਕਰਦੇ ਹਾਂ -

ਤੂੰ ਦੇਖਹਿ ਹਉ ਮੁਕਰਿ ਪਾਉ॥
ਤੇਰੇ ਕੰਮ ਨ ਤੇਰੈ ਨਾਇ॥

ਜਦੋਂ ਪ੍ਰਮਾਤਮਾ ਨੂੰ ਹਰ ਥਾਂ ਮਹਿਸੂਸ ਨਹੀਂ ਕੀਤਾ ਜਾਂਦਾ ਤਾਂ ਦੁਨੀਆ ਵਿੱਚ ਬਹੁਤ ਸਾਰੇ ਵਿਕਾਰ ਫੈਲ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਜਦੋਂ ਫੁਰਮਾਉਂਦੇ ਹਨ -

ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 96)*

ਤਾਂ ਇਹ ਕੇਵਲ ਇੱਕ ਵਿਅਕਤੀ ਦੀ ਅਵਸਥਾ ਨਹੀਂ ਸਗੋਂ ਐਸੀ ਹਾਲਤ ਸਾਰੇ ਸਮਾਜ ਵਿੱਚ ਵਿਆਪ ਜਾਂਦੀ ਹੈ। ਕਲਿਜੁਗ ਵਿੱਚ ਸਾਰਾ ਕੁਝ ਉਲਟਾ ਹੋ ਜਾਂਦਾ ਹੈ। ਮਨੁੱਖ ਹੱਥੋਂ ਮਨੁੱਖ ਲੁਟਿਆ ਜਾਂਦਾ ਹੈ, ਊਚ ਨੀਚ, ਜਾਤ ਪਾਤ ਆਦਿ ਦੀਆਂ ਵੰਡੀਆਂ ਪੈ ਜਾਂਦੀਆਂ ਹਨ। ਕੋਈ ਸਮਝਦਾ ਹੈ ਰੱਬ ਮਸੀਤ ਵਿੱਚ ਹੈ, ਕੋਈ ਮੰਦਰ ਵਿੱਚ ਸਮਝਦਾ ਹੈ, ਕੋਈ ਪੂਰਬ ਵਿੱਚ, ਕੋਈ ਪੱਛਮ ਵਿੱਚ ਸਮਝਦਾ ਹੈ। ਸਾਰੇ ਸਮਾਜ ਵਿੱਚ ਅਸ਼ਾਂਤੀ ਫੈਲ ਜਾਂਦੀ ਹੈ। ਲੋਕ ਰੱਬ ਨੂੰ ਲੱਭਣ ਲਈ ਜੰਗਲਾਂ ਵਿੱਚ ਤੁਰ ਪੈਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਜਿਹੇ ਲੋਕਾਂ ਨੂੰ ਕਹਿੰਦੀ ਹੈ। ਜੰਗਲ ਵਿੱਚ ਕੀ ਲੱਭਣ ਜਾਂਦੇ ਹੋ ? ਉਹ ਤਾਂ ਸਾਰੇ ਪਾਸੇ ਵਿਆਪਕ ਹੈ, ਉਸ ਨੂੰ ਆਪਣੇ ਹਿਰਦੇ ਵਿੱਚ ਲੱਭੋ-

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 684)*

... ... ...

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬ ਹਿਆਲੀਐ ਜੰਗਲ ਕਿਆ ਢੂੰਢੇਹਿ॥

ਕਦੀ ਕਬੀਰ ਜੀ ਮੁੱਲਾਂ ਨੂੰ ਪੁਕਾਰ ਕੇ ਕਹਿੰਦੇ ਹਨ ਰਬ ਨੂੰ ਪਾਉਣ ਲਈ ਬਾਂਗ ਨਾ ਦੇਹਿ, ਆਪਣੇ ਅੰਦਰ ਝਾਤ ਮਾਰ-

ਕਬੀਰ ਮੂਲਾ ਮੁਨਾਰੇ ਕਿਆ ਚੜਹਿ ਸਾਈ ਨ ਬੈਰਾ ਹੋਇ॥
ਜੈ ਕਾਰਨ ਤੂ ਬਾਂਗ ਦੇ ਦਿਲ ਹੀ ਭੀਤਰ ਹੋਇ॥

ਜਦੋਂ ਮਨੁੱਖ ਨੂੰ ਸੋਝੀ ਆਉਂਦੀ ਹੈ ਕਿ ਪ੍ਰਮਾਤਮਾ ਹਰ ਥਾਂ ਵਿਆਪਕ ਹੈ ਤਾਂ ਇਹ ਦੁਨੀਆ ਚੰਗੀ ਲੱਗਣ ਲੱਗ ਪੈਂਦੀ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

... ...

ਸਚੇ ਤੇਰੇ ਖੰਡ ਸਚੇ ਬ੍ਰਹਿਮੰਡ॥
ਸਚੇ ਤੇਰੇ ਲੋਅ ਸਚੇ ਅਕਾਰ॥

ਫਿਰ ਉਸ ਨੂੰ ਸਾਰੇ ਮਨੁੱਖ ਵੀ ਚੰਗੇ ਲਗਦੇ ਹਨ। ਫਿਰ ਉਹ ਕਬੀਰ ਜੀ ਦੀ ਬਾਣੀ ਉਚਾਰਦਾ ਕਹਿੰਦਾ ਹੈ-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਕੁ ਪੂਰਿ ਰਹਿਓ ਸਰਬ ਠਾਈਂ॥

ਗੁਰੂ ਅਰਜਨ ਦੇਵ ਜੀ ਦਾ ਇਹ ਕਥਨ ਸਮਝ ਆਉਣ ਲੱਗ ਪੈਂਦਾ ਹੈ-

ਫਰੀਦਾ ਖਾਲਕੁ ਖਲਕ ਮਹਿ ਖਲਕ ਵਸਹਿ ਰਬ ਮਾਹਿ॥
ਮੰਦਾ ਕਿਸ ਨੋ ਆਖੀਐ ਜਾ ਤਿਸੁ ਬਿਨੁ ਕੋਈ ਨਾਹਿ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1381)*

ਅਜਿਹੀ ਅਵਸਥਾ ਵਿੱਚ 'ਨਾ ਕੋ ਬੈਰੀ ਨਾਹੀ ਬੇਗਾਨਾ॥' ਅਤੇ 'ਝੂਠਾ ਕਿਸ ਕਉ ਆਖੀਐ ਸਾਹਾ ਦੂਜਾ ਨਾਹੀ ਕੋਇ'॥ ਵਾਲੀ ਹੁੰਦੀ ਹੈ। ਇਹ ਅਵੱਸਥਾ ਕਿਤਨੀ ਸੁਖਦਾਈ ਹੈ। ਇੱਥੇ ਕਿਸੇ ਨੂੰ ਕੋਈ ਧੋਖਾ ਨਹੀਂ ਦਿੰਦਾ। ਕੋਈ ਕਿਸੇ ਨੂੰ ਨੀਵਾਂ ਨਹੀਂ ਸਮਝਦਾ। ਸਭ ਪਾਸੇ ਅਨੰਦ ਹੋ ਜਾਂਦਾ। ਫਿਰ ਤਾਂ ਮਨੁੱਖ ਚਾਹੁੰਦਾ ਹੈ ਕਿ ਸਦਾ ਇਹ ਹੀ ਅਵੱਸਥਾ ਰਹੇ। ਇਹ ਅਵੱਸਥਾ ਪ੍ਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝਣ ਨਾਲ ਹੀ ਕਾਇਮ ਰਹਿੰਦੀ ਹੈ। ਜੇ ਸਦਾ ਪ੍ਰਮਾਤਮਾ ਨਾਲ ਰਿਹਾ ਜਾਵੇ, ਤਾਂ ਸਾਰੇ ਦੁੱਖ ਦੂਰ ਹੋ ਜਾਂਦੇ ਹਨः

ਏ ਮਨ ਮੇਰਿਆ ਤੂੰ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥

ਫਿਰ ਤਾਂ 'ਆਖਾਂ ਜੀਵਾ ਵਿਸਰੈ ਮਰ ਜਾਉ' ਵਾਲੀ ਅਵਸਥਾ ਆ ਜਾਂਦੀ ਹੈ। ਮਨੁੱਖ ਮਹਿਸੂਸ ਕਰਦਾ ਹੈ ਕਿ ਜੇ ਇਕ ਤਿਲ ਵੀ ਉਹ ਵਿਸਰ ਜਾਵੇ ਤਾਂ ਵੱਡਾ ਰੋਗ ਪੈਦਾ ਹੋ ਜਾਂਦਾ ਹੈ–

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 21)*

ਇਸ ਤਰ੍ਹਾਂ ਜਦੋਂ ਪ੍ਰਭੂ ਸਰਬ ਵਿਆਪਕ ਜਾਪਦਾ ਹੈ ਤਾਂ ਮਨੁੱਖ ਕਹਿੰਦਾ ਹੈ – 'ਮੈਨੂੰ ਤੂੰ ਜੋ ਦੇਵੇਂ ਉਹੀ ਖਾਂਦਾ ਹਾਂ। ਦੂਜਾ ਟਿਕਾਣਾ ਮੇਰੇ ਕੋਲ ਹੈ ਨਹੀਂ, ਹੋਰ ਮੈਂ ਕਿੱਥੇ ਜਾ ਸਕਦਾ ਹਾਂ। ਤੂੰ ਆਪ ਹੀ ਨੇੜੇ ਆਪ ਹੀ ਦੂਰ ਹੈਂ, ਆਪੇ ਹੀ ਅੰਦਰ ਹੈ, ਆਪ ਹੀ ਕਿਨਾਰੇ ਤੇ ਹੈਂ। ਤੂੰ ਸਾਰਾ ਕੁਝ ਵੇਖਦਾ ਸੁਣਦਾ ਹੈਂ। ਉਹੀ ਮੈਨੂੰ ਵੀ ਪ੍ਰਵਾਨ ਹੈ, ਜੋ ਤੈਨੂੰ ਚੰਗਾ ਲਗਦਾ ਹੈ–

ਜੇਤਾ ਦੇਹਿ ਤੇਤਾ ਹਉ ਖਾਉ॥ ਬਿਆ ਦਰੁ ਨਾਹੀ ਕੈ ਦਰਿ ਜਾਉ॥
ਨਾਨਕ ਏਕ ਕਹੈ ਅਰਦਾਸਿ॥ ਜੀਉ ਪਿੰਡ ਸਭੁ ਤੇਰੈ ਪਾਸਿ॥
ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋ॥
ਆਪੇ ਵੇਖੇ ਸੁਣੇ ਆਪੇ ਹੀ ਕਦੁਰਤ ਕਰੇ ਜਹਾਨੋ॥
ਜੋ ਤਿਸ ਭਾਵੈ ਨਾਨਕਾ ਹੁਕਮ ਸੋਈ ਪ੍ਰਵਾਨੋ॥

# ਇਕ ਅਨੋਖਾ ਰਹਿਤਨਾਮਾ

'ਰਹਿਤਨਾਮਾ' ਸ਼ਬਦ ਸਿੱਖ ਸਾਹਿਤ ਦੀ ਇਕ ਖਾਸ ਵਿਧਾ ਲਈ ਪ੍ਰਯੋਗ ਕੀਤਾ ਜਾਂਦਾ ਹੈ। ਇਹਨਾਂ ਦੀ ਰਚਨਾ ਆਮ ਤੌਰ 'ਤੇ ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਮੰਨੀ ਜਾਂਦੀ ਹੈ। ਬਹੁਤੇ ਰਹਿਤ-ਨਾਮਿਆਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਸਮੇਂ-ਸਮੇਂ ਜੋ ਉਪਦੇਸ਼ ਦਿੱਤੇ ਉਹਨਾਂ ਦੇ ਆਧਾਰ 'ਤੇ ਹਜ਼ੂਰੀ ਸਿੱਖਾਂ ਨੇ ਰਹਿਤਨਾਮਿਆਂ ਦੀ ਰਚਨਾ ਕੀਤੀ। ਇਹਨਾਂ ਰਹਿਤਨਾਮਿਆਂ ਤੋਂ ਸਿੱਖਾਂ ਨੂੰ ਕੁਝ ਕੰਮ ਕਰਨ ਅਤੇ ਕੁਝ ਦੇ ਨਾ ਕਰਨ ਦਾ ਉਪਦੇਸ਼ ਮਿਲਦਾ ਹੈ। ਗੁਰਸਿੱਖ ਦੀ ਪਛਾਣ ਆਮ ਤੌਰ 'ਤੇ ਇਹਨਾਂ ਰਹਿਤਨਾਮਿਆਂ ਦੀ ਕਸਵੱਟੀ ਅਨੁਸਾਰ ਹੀ ਕੀਤੀ ਜਾਂਦੀ ਹੈ। ਸਮਾਂ ਬੀਤਣ ਨਾਲ ਇਹਨਾਂ ਰਹਿਤਨਾਮਿਆਂ ਦੀਆਂ ਕੁਝ ਗੱਲਾਂ ਓਪਰੀਆਂ ਜਾਪਣ ਲੱਗ ਪਈਆਂ ਹਨ। ਪਰ ਇਹ ਰਹਿਤਨਾਮੇ ਅਜੇ ਵੀ ਸਾਡੇ ਜੀਵਨ ਤੇ ਇਤਨੇ ਪ੍ਰਭਾਵਸ਼ਾਲੀ ਹਨ ਕਿ ਕਈ ਵਾਰ ਅਸੀਂ ਗੁਰਬਾਣੀ ਦੇ ਸਿਧਾਂਤਾਂ ਤੋਂ ਵੀ ਪਹਿਲਾਂ ਇਹਨਾਂ ਵੱਲ ਧਿਆਨ ਦਿੰਦੇ ਹਨ। ਚਾਹੀਦਾ ਦਾ ਇਹ ਹੈ ਇਹਨਾਂ ਰਹਿਤਨਾਮਿਆਂ ਦੇ ਸਿਧਾਂਤਾਂ ਦਾ ਵਿਸ਼ਲੇਸ਼ਣ ਗੁਰਬਾਣੀ ਅਨੁਸਾਰ ਕੀਤਾ ਜਾਵੇ ਪਰ ਅਸੀਂ ਆਮ ਤੌਰ 'ਤੇ ਗੁਰਬਾਣੀ ਸਿਧਾਂਤਾਂ ਦੀ ਵਿਆਖਿਆ ਇਹਨਾਂ ਰਹਿਤਨਾਮਿਆਂ ਦੇ ਆਧਾਰ 'ਤੇ ਕਰਨ ਲੱਗ ਪੈਂਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਵਿਚ ਸਿੱਖ ਲਈ ਬੜੇ ਸਪੱਸ਼ਟ ਨਿਰਦੇਸ਼ ਦਿੱਤੇ ਹਨ। ਖਾਸ ਕਰਕੇ ਰਾਮਕਲੀ ਰਾਗ ਵਿਚ ਰਚਿਆ "ਰੇ ਮਨ ਅੰਸੋ ਕਰ ਸੰਨਿਆਸਾ" ਵਾਲਾ ਸ਼ਬਦ ਤਾਂ ਆਪਣੇ ਆਪ ਵਿਚ ਇਕ ਰਹਿਤਨਾਮਾ ਹੀ ਹੈ। ਇਸ ਪਰਿਪੇਖ ਤੋਂ ਇਸ ਸ਼ਬਦ ਦੇ ਅਰਥ ਵਿਸਥਾਰ ਨਾਲ ਵਿਚਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ:

ਰੇ ਮਨ ਐਸੋ ਕਰ ਸੰਨਿਆਸਾ ॥
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥੧॥ਰਹਾਉ ॥
ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ ॥

ਰਾਗ ਰਾਮਕਲੀ ਜੋਗੀਆ ਦਾ ਮਨ ਭਾਉਂਦਾ ਰਾਗ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿੱਧ-ਗੋਸਟਿ ਵੀ ਰਾਗ ਰਾਮਕਲੀ ਵਿਚ ਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨਿਆਸ ਬਾਰੇ ਸ਼ਬਦ ਦਾ ਉਚਾਰਨ ਰਾਮਕਲੀ ਵਿਚ ਉਚਿਤ ਸਮਝਿਆ ਹੈ। ਗੁਰੂ ਸਾਹਿਬ ਰਾਗ ਅਤੇ ਕਾਵਿ ਦੇ ਸੰਬੰਧ ਤੋਂ ਸੁਚੇਤ ਸਨ। ਇਸ ਗੱਲ ਦਾ ਪ੍ਰਮਾਣ ਇਸ ਰਾਗ ਵਿਚ ਰਚੇ ਇਕ ਹੋਰ ਸ਼ਬਦ ਤੋਂ ਵੀ ਮਿਲ ਜਾਂਦਾ ਹੈ। ਉਸ ਸ਼ਬਦ ਦੀ ਪਹਿਲੀ ਤੁਕ ਹੈ-'ਰੇ ਮਨ ਇਹ ਬਿਧਿ ਜੋਗ ਕਮਾਓ॥'

ਵਿਚਾਰ ਅਧੀਨ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਹਨ:

ਰੇ ਮਨ ਐਸੋ ਕਰ ਸੰਨਿਆਸਾ॥
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥

ਇਹ ਸਾਰਾ ਸ਼ਬਦ ਮਨ ਨੂੰ ਸੰਬੋਧਤ ਕੀਤਾ ਗਿਆ ਹੈ। ਕਾਵਿ ਸੰਸਾਰ ਵਿਚ ਇਹ ਵਿਧੀ ਆਮ ਪ੍ਰਚਲਤ ਰਹੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ 'ਮਨ ਰੇ' ਮਨ ਮੇਰੇ, ਮੇਰੇ ਮਨ ਆਦਿ ਸੰਬੋਧਨ ਪ੍ਰਯੋਗ ਕੀਤੇ ਗਏ ਹਨ ਜੋ ਕਿਸੇ ਨੂੰ ਸਿੱਧਾ ਹੀ ਕੁਝ ਕਰਨ ਲਈ ਕਿਹਾ ਜਾਵੇ ਤਾਂ ਉਪਦੇਸ਼ ਪ੍ਰਤੀ ਚੰਗਾ ਪ੍ਰਭਾਵ ਨਹੀਂ ਰੱਖਦਾ ਸਗੋਂ ਉਹ ਸਮਝਦਾ ਹੈ ਕਿ ਉਪਦੇਸ਼ਕ ਆਪਣੇ ਆਪ ਨੂੰ ਉੱਚਾ ਸਮਝਦਾ ਹੈ। ਇਸ ਲਈ ਗੁਰੂ ਸਾਹਿਬ ਆਪਣੇ ਆਪ ਨੂੰ ਉਪਦੇਸ਼ ਦਿੰਦੇ ਹਨ। ਵਿੱਦਿਆ ਪ੍ਰਣਾਲੀਆਂ ਵਿਚ ਅੱਜ ਕੱਲ ਉਪਦੇਸ਼ਾਤਮਕ ਵਿਧੀ ਨੂੰ ਠੀਕ ਨਹੀਂ ਸਮਝਿਆ ਜਾਂਦਾ। ਜਿਹੜਾ ਅਧਿਆਪਕ ਸੰਬੰਧਤ ਸਿੱਖਿਆ ਲੈਣ-ਦੇਣ ਵਿਚ ਆਪ ਸ਼ਾਮਲ ਹੋ ਕੇ ਆਪਣੇ ਨਾਲ ਵਿਦਿਆਰਥੀਆਂ ਨੂੰ ਸ਼ਾਮਲ ਕਰਦਾ ਹੈ ਉਸ ਨੂੰ ਚੰਗੇਰਾ ਅਧਿਆਪਕ ਗਿਣਿਆ ਜਾਂਦਾ ਹੈ। ਇਸ ਪੱਖ ਤੋਂ ਗੁਰੂ ਗੋਬਿੰਦ ਸਿੰਘ ਜੀ ਇਕ ਚੰਗੇਰੀ ਵਿਧੀ ਅਨੁਸਾਰ ਸਿੱਖਿਆ ਦੇਣ ਦਾ ਜਤਨ ਕਰ ਰਹੇ ਹਨ।

ਪਹਿਲੀ ਤੁਕ ਵਿਚ ਗੁਰੂ ਜੀ ਇਕ ਖਾਸ ਤਰ੍ਹਾਂ ਦਾ ਸੰਨਿਆਸ ਧਾਰਨ ਕਰਨ ਲਈ ਕਹਿ ਰਹੇ ਹਨ। ਸੰਨਿਆਸਾ ਸ਼ਬਦ ਨਾਲ 'ਐਸੋ' ਸ਼ਬਦ ਲੱਗਾ ਹੋਇਆ ਹੈ 'ਰੇ ਮਨ ਐਸੋ ਕਰ ਸੰਨਿਆਸਾ' ਜੋ ਉਸ ਨੂੰ ਆਮ ਸੰਨਿਆਸ ਨਾਲੋਂ ਵੱਖਰਾ ਕਰਦਾ ਹੈ। ਭਾਰਤੀ ਅਚਾਰੀਆ ਨੇ ਮਨੁੱਖ ਦੀ ਉਮਰ ਨੂੰ ਸੌ ਸਾਲ ਮੰਨ ਕੇ ਉਸ ਦੇ ਚਾਰ ਭਾਗ ਕੀਤੇ ਹਨ। ਪਹਿਲਾ ਬ੍ਰਹਮਚਰਜ, ਦੂਜਾ ਗ੍ਰਹਿਸਥ, ਤੀਜਾ ਬਾਨਪ੍ਰਸਤ, ਚੌਥਾ ਸੰਨਿਆਸ। ਆਦਰਸ਼ਕ ਸਮਾਜ ਲਈ ਇਹ ਵੰਡ ਚੰਗੀ ਸੀ। ਪਰ ਇਹ ਇਸੇ ਤਰ੍ਹਾਂ ਕਾਇਮ ਨਹੀਂ ਰਹੀ। ਕੁਝ ਲੋਕ ਤਾਂ ਪਹਿਲੀ ਉਮਰੇ ਹੀ ਸਮਾਜ ਦੇ ਝਮੇਲਿਆਂ ਤੋਂ ਇੰਨੇ ਤੰਗ ਆ ਜਾਂਦੇ ਸਨ ਕਿ ਸੰਨਿਆਸੀ ਬਣ ਕੇ ਰਹਿ ਜਾਂਦੇ ਸਨ। ਕੁਝ ਲੋਕ ਬੁੱਢੇ ਵਾਰੇ ਵੀ ਗ੍ਰਹਿਸਥ ਦੇ ਚੱਕਰਾਂ ਵਿਚ ਫਸੇ ਰਹਿੰਦੇ ਸਨ। ਗੁਰੂ ਸਾਹਿਬ ਇਸ ਸੰਨਿਆਸ ਨੂੰ ਨਕਾਰਦੇ ਹੋਏ ਆਪਣੇ ਖਾਸ ਸੰਨਿਆਸ ਦੀ ਗੱਲ ਕਰਦੇ ਹਨ। ਪਹਿਲੇ ਸੰਨਿਆਸੀ ਘਰ ਨੂੰ ਛੱਡ ਕੇ ਜੰਗਲਾਂ ਵਿਚ ਜਾਂਦੇ ਸਨ ਅਤੇ ਸੰਸਾਰ ਵੱਲੋਂ ਉਦਾਸੀਨ ਬਿਰਤੀ ਧਾਰਨ ਕਰਦੇ ਸਨ ਪਰ ਗੁਰੂ ਸਾਹਿਬ ਕਹਿੰਦੇ ਹਨ:

ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥

ਭਾਵ ਆਪਣੇ ਮਨ ਵਿਚ ਇਸ ਸੰਸਾਰ ਤੋਂ ਉਦਾਸੀ ਜਾਂ ਵਿਰਕਤਤਾ ਧਾਰਨ ਕਰਕੇ ਸਦਨ ਭਾਵ ਘਰ ਨੂੰ ਹੀ ਜੰਗਲ ਸਮਝ ਲੈਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਸਿੱਧਾਂ ਨੇ ਪੁੱਛਿਆ ਕਿ ਮੁਕਤੀ ਕਿਵੇਂ ਮਿਲ ਸਕਦੀ ਹੈ ਤਾਂ ਉਹਨਾਂ ਉੱਤਰ ਦਿੱਤਾ ਸੀ :

ਜੈਸੇ ਜਲ ਮਹਿ ਕਮਲੁ ਨਿਰਾਮਲੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩੮)*

ਗੁਰੂ ਸਾਹਿਬਾਨ ਉਚੇਰੀ ਅਵੱਸਥਾ ਪ੍ਰਾਪਤ ਕਰਨ ਲਈ ਜੰਗਲ ਜਾਣ ਦੀ ਲੋੜ ਨਹੀਂ ਸਮਝਦੇ। ਉਹ ਤਾਂ ਇਸ ਸੰਸਾਰ (ਸਮਾਜ) ਨੂੰ ਹੀ ਪ੍ਰਮਾਤਮਾ ਦਾ ਰੂਪ ਮੰਨਦੇ ਹਨ ਅਤੇ ਇਸਦੀ ਸੇਵਾ ਕਰਨ ਨੂੰ ਹੀ ਉਹ ਪ੍ਰਮਾਤਮਾ ਦੀ ਭਗਤੀ ਗਿਣਦੇ ਹਨ:

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ।
ਮੰਦਾ ਕਿਸ ਨੋ ਆਖੀਐ ਜਾ ਤਿਸੁ ਬਿਨੁ ਕੋਈ ਨਾਹਿ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੮੧)*

ਪਰ ਅਜਿਹਾ ਕਰਨ ਲਈ ਆਪਣੇ ਨਿੱਜ ਦਾ ਮੋਹ, ਹਉਮੈ, ਸਵਾਰਥ ਆਦਿ ਭਾਵਾਂ ਦਾ ਤਿਆਗ ਕਰਨਾ ਪੈਂਦਾ ਹੈ। ਇਹੀ ਗੁਰੂ ਸਾਹਿਬਾਨ ਦਾ ਉਦਾਸੀ ਭਾਵ ਹੈ। ਜੇ ਇਹ ਭਾਵ ਮਨ ਵਿਚ ਆ ਜਾਵੇ ਤਾਂ ਘਰ ਵੀ ਜੰਗਲ ਬਣ ਸਕਦਾ ਹੈ। ਸੰਸਾਰਕ ਵਸਤਾਂ ਨਾ ਚੰਗੀਆਂ ਹਨ ਨਾ ਮਾੜੀਆਂ। ਉਹਨਾਂ ਨਾਲ ਤੁਹਾਡਾ ਰਿਸ਼ਤਾ ਉਹਨਾਂ ਨੂੰ ਚੰਗਾ ਜਾਂ ਮਾੜਾ ਬਣਾਉਂਦਾ ਹੈ। ਜੇ ਤੁਸੀਂ ਉਹਨਾਂ ਉੱਤੇ ਆਪਣੀ ਮਾਲਕੀ ਮਨ ਕੇ ਉਹਨਾਂ ਦੀ ਰਾਖੀ ਲਈ ਹੀ ਆਪਣੀ ਉਮਰ ਗੁਆ ਦਿੰਦੇ ਹੋ ਤਾਂ ਇਹ ਵਸਤਾਂ ਮਾੜੀਆਂ ਹਨ ਪਰ ਜੇ ਤੁਸੀਂ ਉਹਨਾਂ ਦਾ ਪ੍ਰਯੋਗ ਸਮਾਜ ਸੇਵਾ ਲਈ ਕਰਦੇ ਹੋ ਤਾਂ ਇਹੀ ਵਸਤਾਂ ਚੰਗੀਆਂ ਬਣ ਜਾਂਦੀਆਂ ਹਨ। ਇਹੀ ਹਾਲ ਘਰ ਦਾ ਹੈ। ਘਰ ਮਨੁੱਖ ਦੇ ਵਿਕਾਸ ਲਈ ਬਣਿਆ ਹੈ ਪਰ ਜੇ ਮਨੁੱਖ ਕੇਵਲ ਆਪਣੇ ਘਰ ਵਿਚ ਹੀ ਖਚਤ ਹੋ ਕੇ ਰਹਿ ਜਾਵੇ ਤਾਂ ਘਰ ਮਾੜਾ ਬਣ ਜਾਂਦਾ ਹੈ ਪਰ ਜੇ ਇਹੋ ਘਰ ਸਮਾਜ ਸੇਵਾ ਦਾ ਕੇਂਦਰ ਬਣ ਜਾਵੇ ਤਾਂ ਇਹ ਚੰਗਾ ਬਣ ਜਾਂਦਾ ਹੈ। ਗੁਰੂ ਸਾਹਿਬ ਘਰ ਨੂੰ ਜੰਗਲ ਸਮਝਣ ਦੀ ਹਦਾਇਤ ਕਰਦੇ ਹਨ।

ਜਤ ਕੀ ਜਟਾ ਜੋਗ ਕੋ ਮਜਨ ਨੇਮ ਕੇ ਨਖਨ ਬਢਾਓ

ਸੰਨਿਆਸੀ ਲੋਕ ਜਟਾਵਾਂ ਧਾਰਨ ਕਰਦੇ ਹਨ। ਸਾਡੇ ਸਮਾਜ ਵਿਚ ਕੇਸਾਂ ਨੂੰ ਸੁਆਰਨਾ ਸਭਿਅਤਾ ਜਾਂ ਗ੍ਰਹਿਸਥ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਸੰਨਿਆਸੀ ਲੋਕ ਕੰਘਾ ਕਰਨਾ ਛੱਡ ਭਾਵ ਗ੍ਰਹਿਸਥ ਤਿਆਗ ਕੇ ਕੇਸਾਂ ਦੀਆਂ ਜਟਾਵਾਂ ਬਣਾ ਲੈਂਦੇ ਹਨ। ਪਰ ਗੁਰੂ ਸਾਹਿਬ ਉਸ ਸੰਨਿਆਸੀ ਨੂੰ ਜਿਹੜਾ ਆਪਣੇ ਮਨ ਵਿਚ ਉਦਾਸ ਧਾਰਨ ਕਰਦਾ ਹੈ ਅਤੇ ਘਰ ਨੂੰ ਜੰਗਲ ਸਮਝਦਾ ਹੈ, ਜਤ ਦੀਆਂ ਜਟਾਵਾਂ ਧਾਰਨ

ਕਰਨ ਲਈ ਕਹਿੰਦੇ ਹਨ ਇੱਥੇ 'ਜਤ' ਜੋਗੀਆਂ ਵਾਲਾ ਜਤ ਨਹੀਂ, ਕਿ ਆਪਣੀਆਂ ਇੱਛਾਵਾਂ ਨੂੰ ਬਿਲਕੁਲ ਖਤਮ ਹੀ ਕਰ ਲਓ। ਇਥੇ ਜਤ ਦਾ ਅਰਥ ਆਪਣੀਆਂ ਇੱਛਾਵਾਂ ਨੂੰ ਕਾਬੂ ਕਰਨ ਤੋਂ ਹੈ। ਇਸੇ ਕਰਕੇ ਗੁਰਮਤਿ ਵਿਚ 'ਏਕਾ ਨਾਰੀ ਜਤੀ ਸੋਇ' ਦਾ ਸੰਕਲਪ ਦਿੱਤਾ ਗਿਆ ਹੈ। ਗੁਰਬਾਣੀ ਵਿਚ ਲਿਖਿਆ ਹੈ:

ਜਤਨ ਕਰੈ ਬਿੰਦੁ ਕਿਵੈ ਨ ਰਹਾਈ। ਮਨੂਆ ਡੋਲੈ ਨਰਕੇ ਪਾਈ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੦੬)*

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਹਨਾਂ ਤੁਕਾਂ ਦਾ ਭਾਵ ਇਹ ਹੈ ਕਿ ਕਿਤਨੇ ਹੀ ਜਤਨ ਕਰੋ ਵੀਰਯ ਰੁਕ ਨਹੀਂ ਸਕਦਾ। ਇਸ ਕਰਕੇ ਹਠ ਨਾਲ ਬਿੰਦੂ ਰੋਕਣ ਵਾਲੇ ਨੂੰ ਜਤੀ ਕਹਿਣਾ ਉਚਿਤ ਨਹੀਂ। ਜੋ ਗ੍ਰਿਹਸਥੀ ਹੋ ਕੇ ਪਰ ਇਸਤਰੀ ਵੱਲ ਮੰਦੀ ਨਜ਼ਰ ਕਰਦਾ ਹੈ ਉਹ ਤਾਂ ਜਤੀ ਦੀ ਪੱਦਵੀ ਤੋਂ ਮੁੱਢੋਂ ਹੀ ਦੂਰ ਹੈ, ਕਿਉਂਕਿ ਉਸ ਨੇ ਗ੍ਰਿਹਸਥ ਆਸ਼ਰਮ ਦੀ ਰਹਿਣੀ ਗੁਰ ਸ਼ਬਦ ਦੁਆਰਾ ਨਹੀਂ ਜਾਣੀ। ਗੁਰਮੁਖ ਮਹਾਂਪੁਰਖਾਂ ਨੇ ਜਤ ਦਾ ਤੱਤ ਵਿਚਾਰਿਆ ਹੈ ਅਰਥਾਤ ਨਾ ਉਹ ਹਠ ਕਰਕੇ ਵੀਰਯ ਰੋਕ ਕੇ ਗ੍ਰਿਹਸਥ ਦੇ ਤਿਆਗੀ ਹਨ ਅਤੇ ਨਾ ਵਿਸ਼ਯ ਲੰਪਟ ਹੋ ਕੇ ਇਸਤੀਵ੍ਰਤ ਤੋਂ ਪਤਿਤ ਹੁੰਦੇ ਹਨ।

(ਗੁਰਮਤਿ ਸੁਧਾਕਰ, ਪੰਨਾ 386)

ਭਾਈ ਗੁਰਦਾਸ ਜੀ ਜਤੀ ਸ਼ਬਦ ਦਾ ਅਰਥ – ਵਿਸਥਾਰ ਕਰਦਿਆਂ ਕਹਿੰਦੇ ਹਨ ਕਿ ਜਿਸ ਨੇ ਆਪਣੀ ਹਉਮੈ ਨੂੰ ਮਾਰ ਲਿਆ ਹੈ ਉਹ ਜਤੀ ਹੈ:

ਗੁਰਮੁਖ ਜਤੀ ਸਲਾਹੀਅਨ ਜਿਨ ਹਉਮੈ ਮਾਰੀ।

(ਵਾਰ ੩੮ ਪਉੜੀ ੭)

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਵਿਸ਼ੇਸ਼ ਸੰਨਿਆਸ ਲਈ ਵਿਸ਼ੇਸ਼ ਤਰ੍ਹਾਂ ਦੇ ਜਤ ਦੀਆਂ ਜਟਾਵਾਂ ਧਾਰਨ ਕਰਨ ਲਈ ਉਪਦੇਸ਼ ਦਿੰਦੇ ਹਨ। ਇਸੇ ਤੁਕ ਵਿਚ ਦੂਸਰਾ ਲੱਛਣ ਦੱਸਿਆ ਹੈ– ਜੋਗ ਕੋ ਮਜਨ, ਮਜਨ ਦਾ ਅਰਥ ਹੈ ਇਸ਼ਨਾਨ ਕਰਨਾ। ਭਾਰਤ ਵਿਚ ਇਸ਼ਨਾਨ ਕਰਨ ਦਾ ਬੜਾ ਮਹਾਤਮ ਦੱਸਿਆ ਗਿਆ ਹੈ। ਜੋਗੀ ਲੋਕ ਜਾਂ ਜਿਹੜੇ ਘਰ-ਬਾਰ ਤਿਆਗ ਦਿੰਦੇ ਹਨ ਉਹਨਾਂ ਨੂੰ ਹੋਰ ਕੋਈ ਕੰਮ ਨਹੀਂ ਸੀ ਹੁੰਦਾ। ਉਹ ਆਪਣੀ ਉਮਰ ਤੀਰਥਾਂ ਤੇ ਇਸ਼ਨਾਨ ਕਰਦਿਆਂ ਹੀ ਲੰਘਾ ਦਿੰਦੇ ਸਨ। ਇਸ ਇਸ਼ਨਾਨ ਦਾ ਮੰਤਵ ਸਰੀਰ ਦੀ ਸਫਾਈ ਨਹੀਂ ਸੀ ਸਗੋਂ ਕੇਵਲ ਇੱਕ ਤਰ੍ਹਾਂ ਦਾ ਧਾਰਮਕ ਭਰਮ ਸੀ ਕਿ ਇਹਨਾਂ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਮੁਕਤੀ ਮਿਲ ਜਾਂਦੀ ਹੈ। ਪਰ ਗੁਰੂ ਗੋਬਿੰਦ ਸਿੰਘ ਜੋਗ ਰੂਪੀ ਇਸ਼ਨਾਨ ਕਰਨ ਲਈ ਉਪਦੇਸ਼ ਕਰਦੇ ਹਨ। ਜੋਗ ਦਾ ਅਰਥ ਹੈ ਜੋੜਨਾ ਜਾਂ ਜੁੜਨਾ। ਭਾਵ ਪਰਮਾਤਮਾ ਨਾਲ ਜੁੜਨਾ। ਆਪਣੇ ਆਪ ਨੂੰ ਸੰਸਾਰ ਨਾਲੋਂ ਤੋੜ ਕੇ ਪ੍ਰਮਾਤਮਾ ਨਾਲ ਜੋੜਨਾ। ਜੋਗੀ ਲੋਗ ਇਸ ਸੰਸਾਰ ਤੋਂ ਆਪਣੇ ਆਪ ਨੂੰ ਵਿਰਕਤ ਕਰਨ ਲਈ ਕਈ ਤਰ੍ਹਾਂ ਦੇ ਆਸਣ ਕਰਦੇ ਸਨ ਪਰ ਗੁਰਮਤਿ ਵਿਚ– ਅਜਿਹੇ ਜੋਗ ਨੂੰ ਉਚਿਤ ਲਈ ਸਮਝਿਆ ਗਿਆ :

ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 558)*

ਗੁਰੂ ਨਾਨਕ ਦੇਵ ਜੀ ਘਰ ਹੀ ਵਿਚ ਜੋਗੀ ਹੋਣ ਨੂੰ ਦ੍ਰਿੜ੍ਹ ਕਰਦਿਆਂ ਫੁਰਮਾਉਂਦੇ ਹਨ:

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 730)*

ਸਨਿਆਸੀ ਲੋਕ ਨਹੁੰ ਨਹੀਂ ਸੀ ਕੱਟਦੇ ਸ਼ਾਇਦ ਇਸ ਪਿੱਛੇ ਭਾਵਨਾਂ ਕਰੂਪ ਦਿੱਸਣ ਦੀ ਹੀ ਹੋਏ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸੰਨਿਆਸ ਵਿੱਚ ਨੇਮ ਦੇ ਨਹੁੰ ਵਧਾਉਣ ਲਈ ਕਿਹਾ ਗਿਆ ਹੈ। ਆਪਣੇ ਜੀਵਨ ਨੂੰ ਨਿਯਮਬੱਧ ਕਰਨਾ ਸਿੱਖ ਸੰਨਿਆਸੀ ਲਈ ਜ਼ਰੂਰੀ ਹੈ। ਸਿੱਖ ਨੇ ਆਪਣੇ ਜੀਵਨ ਨੂੰ ਸਹਿਜ ਅਵੱਸਥਾ ਵਿਚ ਰੱਖ ਕੇ ਨਿਯਮਬੱਧ ਕਰਨਾ ਹੈ। ਗੁਰਬਾਣੀ ਵਿੱਚ ਸਿੱਖ ਲਈ ਰੋਜ਼ਾਨਾ ਜੀਵਲ ਦੀ ਇੱਕ ਰਹਿਣੀ ਦੱਸੀ ਗਈ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ।...

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305)*

ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ

ਭਾਰਤੀ ਸੰਸਕ੍ਰਿਤੀ ਵਿੱਚ ਗੁਰੂ ਦੀ ਬੜੀ ਮਹੱਤਤਾ ਰਹੀ ਹੈ। ਆਮ ਕਹਾਵਤ ਹੈ ਕਿ ਗੁਰੂ ਬਿਨਾਂ ਗਤ ਨਹੀਂ। ਗੁਰਬਾਣੀ ਵਿੱਚ ਵਾਕ ਮਿਲਦਾ ਹੈ। 'ਨਿਗੁਰੇ ਕਾ ਹੈ ਨਾਉ ਬੁਰਾ।' ਪਰ ਦੇਹਧਾਰੀ ਗੁਰੂ ਦੇ ਜਿੱਥੇ ਲਾਭ ਸਨ ਉਥੇ ਹਾਨੀਆਂ ਵੀ ਸਨ। ਲਾਭ ਤਾਂ ਇਹ ਸਨ ਕਿ ਦੇਹਧਾਰੀ ਗੁਰੂ ਕੋਲੋਂ ਅਸੀਂ ਆਪਣੀਆਂ ਨਿਤ ਦੀਆਂ ਸਮੱਸਿਆਵਾਂ ਬਾਰੇ ਵੀ ਅਗਵਾਈ ਲੈ ਸਕਦੇ ਸਾਂ। ਉਹ ਸਾਨੂੰ ਹਰ ਸਮੇਂ ਚੰਗੇ ਮਾੜੇ ਬਾਰੇ ਦੱਸ ਸਕਦਾ ਸੀ। ਪਰ ਦੇਹਧਾਰੀ ਗੁਰੂ ਕਈ ਵਾਰ ਡੋਲ ਵੀ ਜਾਂਦੇ ਸਨ। ਉਹ ਕਈ ਵਾਰ ਆਪਣੇ ਸਵਾਰਥ ਲਈ ਲੋਕਾਂ ਨੂੰ ਠੀਕ ਰਾਹ ਪਾਉਣ ਦੀ ਬਜਾਇ ਗਲਤ ਰਾਹ ਵੀ ਪਾ ਦਿੰਦੇ ਸਨ। ਇਸੇ ਲਈ ਗੁਰੂ ਸਾਹਿਬਾਨ ਨੇ ਆਪਣਾ ਜੀਵਨ ਭਾਵੇਂ ਆਦਰਸ਼ਕ ਗੁਰੂ ਵਾਲਾ ਬਿਤਾਇਆ ਪਰ ਉਹਨਾਂ ਨੇ ਗੁਰੂ, ਗੁਰਵਾਕ ਭਾਵ ਗੁਰਬਾਣੀ ਨੂੰ ਹੀ ਮੰਨਿਆ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ।
ਗੁਰੂ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 982)*

ਸੋ ਸਿੱਖ ਸੰਨਿਆਸੀ ਦੇਹਧਾਰੀ ਗੁਰੂ ਧਾਰਨ ਨਹੀਂ ਕਰਦਾ ਸਗੋਂ ਗਿਆਨ ਰੂਪੀ ਗੁਰੂ ਰਾਹੀਂ ਆਪਣੀ ਆਤਮਾ ਨੂੰ ਉਪਦੇਸ਼ ਕਰਦਾ ਹੈ। ਸੰਨਿਆਸੀ ਆਪਣੇ ਸਰੀਰ ਤੇ ਸੁਆਹ ਜਾਂ ਬਿਭੂਤੀ ਵੀ ਮਲਦੇ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਨਾਮ ਦੀ ਬਿਭੂਤੀ

ਲਾਉਣ ਲਈ ਕਹਿੰਦੇ ਹਨ। ਗੁਰਬਾਣੀ ਵਿੱਚ 'ਨਾਮ' ਦਾ ਅਰਥ ਪ੍ਰਮਾਤਮਾ ਹੈ। ਵੈਸੇ ਵਿਸ਼ੇਸ਼ਣਾਂ ਵਜੋਂ ਉਸ ਦੇ ਅਨੇਕ ਨਾਮ ਹਨ। ਜਦੋਂ ਮਨੁੱਖ ਪ੍ਰਮਾਤਮਾ ਦੇ ਗੁਣਾਂ ਰੂਪੀ ਨਾਵਾਂ ਨੂੰ ਵਾਰ ਵਾਰ ਯਾਦ ਕਰਦਾ ਹੈ ਤਾਂ ਉਸ ਵਿੱਚ ਵੀ ਉਹ ਗੁਣ ਉਜਾਗਰ ਹੋਣੇ ਸ਼ੁਰੂ ਹੋ ਜਾਂਦੇ ਜਿਹੜੇ ਉਸ ਨੂੰ ਪਰਮਾਤਮਾ ਨਾਲ ਜੋੜਨ ਵਿੱਚ ਸਹਾਈ ਹੁੰਦੇ ਹਨ। ਜਪੁਜੀ ਵਿੱਚ ਗੁਰੂ ਨਾਨਕ ਜੀ ਦਾ ਫੁਰਮਾਨ ਹੈ :

ਭਰੀਐ ਮਤਿ ਪਾਪਾ ਕੈ ਸੰਗਿ।
ਓਹ ਧੋਪੈ ਨਾਵੈ ਕੈ ਰੰਗਿ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 4)*

ਨਾਮ ਦੀ ਬਿਭੂਤੀ ਮਨੁੱਖੀ ਜੀਵਨ ਵਿੱਚ ਕੀਤੇ ਮਾੜੇ ਕਰਮਾਂ ਦੀ ਮੈਲ ਨੂੰ ਧੋ ਦਿੰਦੀ ਹੈ।

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤ

ਸੰਨਿਆਸੀ ਲੋਕ ਭੁੱਖ ਨੂੰ ਮਾਰਨ ਲਈ ਕਈ ਕਈ ਦਿਨ ਵਰਤ ਰੱਖਦੇ ਸਨ। ਦੂਸਰੇ ਪਾਸੇ ਕਈ ਗ੍ਰਿਹਸਥੀ ਲੋੜ ਨਾਲੋਂ ਵਧੇਰੇ ਖਾਂਦੇ ਸਨ। ਗੁਰੂ ਸਾਹਿਬ ਨੇ ਵਿਚਕਾਰਲਾ ਰਸਤਾ-ਧਾਰਨਾ ਕਰਨ ਦਾ ਉਪਦੇਸ਼ ਦਿੱਤਾ ਹੈ। ਥੋੜ੍ਹਾ ਖਾਣਾ ਅਤੇ ਥੋੜ੍ਹਾ ਸੋਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਦਸਦੇ ਹਨ :

ਓਨੀ ਦੁਨੀਆਂ ਤੋੜੇ ਬੰਧਨਾਂ ਅੰਨੁ ਪਾਣੀ ਥੋੜਾ ਖਾਇਆ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 466)*

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਵੀ ਅਜਿਹੀ ਜੀਵਨ ਜੁਗਤ ਦੇ ਸੰਕੇਤ ਮਿਲਦੇ ਹਨ :

ਹਉ ਤਿਸ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ॥

(ਵਾਰ ੧੨ ਪਉੜੀ ੫)

ਅਤੇ

ਜੋਗ ਜੁਗਤਿ ਗੁਰਸਿਖ ਗੁਰ ਸਮਝਾਇਆ।
ਆਸਾ ਵਿਚਿ ਨਿਰਾਸਿ ਨਿਰਾਸੁ ਵਲਾਇਆ।
ਥੋੜਾ ਬੋਲਣ ਬੋਲਿ ਨ ਝਖਿ ਝਖਾਇਆ।
ਥੋੜੀ ਰਾਤੀਂ ਨੀਂਦ ਨ ਮੋਹਿ ਫਹਾਇਆ ।

(ਵਾਰ ੨੦, ਪਉੜੀ ੧੫)

ਪਿਛਲ ਰਾਤੀਂ ਜਾਗਣਾ ਨਾਮ ਦਾਨ ਇਸ਼ਨਾਨ ਦ੍ਰਿੜਾਏ ।
ਮਿਠਾ ਬੋਲਣ ਨਿਵ ਚਲਣ ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤ ਪਾਏ।

ਭਾਈ ਸੰਤੋਖ ਸਿੰਘ ਜੀ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਕਲਮਬੱਧ ਕਰਦਿਆਂ ਇਸ ਗੱਲ ਨੂੰ ਹੋਰ ਸਪੱਸ਼ਟ ਕਰਦੇ ਹਨ:

ਛੁਧਾ ਬਿਨਾ ਨਹਿ ਖੈ ਬੋ ਕਰੇ।
ਨੀਂਦ ਬਿਨਾ ਨਹਿ ਸੁਪਤਨ ਪਰੈ।
ਛੁਧ ਬਿਨ ਖਾਇ ਰੋਗ ਉਪਜਾਵੈ।
ਜੋ ਸੁਪਤੇ ਨਿਜ ਅਵਧਿ ਘਟਾਵੈ।

(ਗੁਰ ਪ੍ਰਤਾਪ ਸੂਰਜ, ਰਾਗ ੧, ਅਧਿਆਇ 64)

ਗੁਰਸਿੱਖ ਰੂਪੀ ਸੰਨਿਆਸੀ ਆਪਣੇ ਮਨ ਵਿੱਚ ਦਇਆ ਭਾਵ ਲਿਆਵੇ। ਇਸ ਧਰਤੀ ਤੇ ਵਿਚਰਨ ਲੱਗਿਆਂ, ਸਮਾਜ ਵਿੱਚ ਰਹਿੰਦਿਆਂ ਦਇਆ ਬੜਾ ਅਹਿਮ ਜਜ਼ਬਾ ਹੈ। ਜੇ ਇਹ ਜਜ਼ਬਾ ਨਾ ਹੋਵੇ ਤਾਂ ਸਮਾਜ ਦੇ ਤਹਿਸ-ਨਹਿਸ ਹੋ ਜਾਣ ਦਾ ਖਤਰਾ ਬਣ ਜਾਂਦਾ ਹੈ। ਦਇਆ ਦਾ ਭਾਵ ਆਪੇ ਨੂੰ, ਸਵਾਰਥ ਨੂੰ ਗੁਆਉਣ ਉਪਰੰਤ ਹੀ ਪੈਦਾ ਹੁੰਦਾ ਹੈ। ਜਦੋਂ ਮਨੁੱਖ ਸਵਾਰਥ ਛੱਡ ਕੇ ਕਿਸੇ ਦੂਜੇ ਲਈ ਕੰਮ ਕਰਦਾ ਹੈ ਤਾਂ ਉਹ ਕੰਮ ਦਇਆ ਵੱਸ ਹੋ ਕੇ ਕੀਤਾ ਗਿਆ ਸਮਝਿਆ ਜਾਂਦਾ ਹੈ। ਧਾਰਮਕ ਖੇਤਰ ਵਿੱਚ ਦਇਆ ਨੂੰ ਧਰਮ ਦੀ ਮਾਂ ਕਿਹਾ ਜਾਂਦਾ ਹੈ:

ਧੌਲ ਧਰਮੁ ਦਇਆ ਕਾ ਪੂਤੁ

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 3)*

ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਵੀ ਦਇਆ ਦੀ ਗੱਲ ਕਰਦੇ ਹਨ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ।
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ-ਦਾਨੁ ਕਰੇਇ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੮)*

ਭਾਈ ਕਾਹਨ ਸਿੰਘ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ 118 ’ਤੇ ਇਹਨਾਂ ਤੁਕਾਂ ਦੇ ਅਰਥਾਂ ਵਿੱਚ ਦਇਆ ਭਾਵ ਸਪੱਸ਼ਟ ਕਰਦੇ ਹਨ; ਕਿ “ਜੀਵਾਂ ਉੱਤੇ ਦਇਆ ਕਰਨ ਦੀ ਜੁਗਤ ਜਾਣ ਸੱਪ, ਠੂੰਹੇ, ਸ਼ੇਰ-ਬਘਿਆੜ ਅਤੇ ਹਲਕਾਏ ਕੁੱਤਿਆਂ ਆਦਿ ਉੱਤੇ ਦਇਆ ਕਰਕੇ ਪਾਪ ਦਾ ਭਾਗੀ ਨਾ ਬਣੇ ਅਤੇ ਜੀਵ ਮਾਰਨ ਦੇ ਭੈ ਤੋਂ ਜੁੱਤੀ ਤਿਆਗ ਕੇ ਮੂੰਹ ’ਤੇ ਪੱਟੀ ਨਾ ਬੰਨ੍ਹ ਬੈਠੇ। ਇਸ ਤਰ੍ਹਾਂ ਹੀ ਆਪਣੇ ਅਧੀਨ ਜੀਵਾਂ ਨੂੰ ਭੁੱਖ, ਤ੍ਰੇਹ ਅਤੇ ਬੇਰਹਿਮਾਂ ਦੇ ਵਰਤਾਉ ਰੂਪ ਕਲੇਸ਼ ਤੋਂ ਬਚਾਉਣ ਦਾ ਸ਼ਕਤੀ ਭਰ ਜਤਨ ਕਰੇ।” ਦਇਆ ਤੋਂ ਬਿਨਾਂ ਧਰਮ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਭਾਈ ਗੁਰਦਾਸ ਜੀ ਜਦੋਂ ਕਲਜੁਗ ਵਿੱਚ ਸਮਾਜ ਦੀ ਹਾਲਤ ਦੱਸਦੇ ਹਨ ਤਾਂ ਉਹ ਇਸ ਨੁਕਤੇ ਵੱਲ ਵਿਸ਼ੇਸ਼ ਸੰਕੇਤ ਦਿੰਦੇ ਹਨ :

ਚਾਰੇ ਜਾਗੇ ਚਹੁ ਜੁਗੀ ਪੰਚਾਇਣ ਆਪੇ ਹੋਆ।
ਆਪੇ ਪਟੀ ਕਲਮਿ ਆਪਿ ਆਪ ਲਿਖਣਿਹਾਰਾ ਹੋਆ।
ਬਾਝੁ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।
ਵਰਤਿਆ ਪਾਪੁ ਜਗਤ੍ਰ ਤੇ ਧਉਲ ਉਡੀਣਾ ਨਿਸਦਿਨਿ ਰੋਆ।
ਬਾਝ ਦਇਆ ਬਲਹੀਣ ਹੋਇ ਨਿਘਰ ਚਲੋ ਰਸਾਤਲਿ ਟੋਆ।

ਗੁਰੂ ਗੋਬਿੰਦ ਸਿੰਘ ਜੀ ਨੇ ਇੰਨੇ ਜੰਗ ਯੁੱਧ ਕੀਤੇ ਪਰ ਉਹਨਾਂ ਨੇ ਦਇਆ ਭਾਵ ਨੂੰ ਅੱਖੋਂ ਓਹਲੇ ਨਹੀਂ ਕੀਤਾ। ਕਹਿੰਦੇ ਹਨ ਕਿ ਉਹਨਾਂ ਦੇ ਤੀਰਾਂ ਨੂੰ ਸਵਾ ਤੋਲਾ ਸੋਨਾ ਲੱਗਾ ਹੁੰਦਾ ਸੀ। ਉਹਨਾਂ ਦੇ ਤੀਰ ਨਾਲ ਜੇ ਕਿਸੇ ਦਾ ਦੇਹਾਂਤ ਹੋ ਜਾਵੇ ਤਾਂ ਉਸ ਸੋਨੇ ਨਾਲ ਉਸ ਦਾ ਕਿਰਿਆ ਕਰਮ ਅਤੇ ਉਹ ਸੋਨਾ ਉਸ ਦੇ ਬਾਲ-ਬੱਚੇ ਦੇ ਕੰਮ ਵੀ ਆ ਸਕਦਾ ਸੀ। ਜੇ ਤੀਰ ਨਾਲ ਕੋਈ ਫੱਟੜ ਹੋ ਜਾਵੇ ਤਾਂ ਉਸਦਾ ਇਲਾਜ ਵੀ ਉਸ ਸੋਨੇ ਨਾਲ ਹੋ ਸਕਦਾ ਸੀ। ਦਇਆ ਦੇ ਨਾਲ ਖਿਮਾ ਦਾ ਗੁਣ ਵੀ ਅਜਿਹੇ ਸੰਨਿਆਸੀ ਲਈ ਜ਼ਰੂਰੀ ਹੈ। ਸਮਾਜ ਵਿੱਚ ਆਮ ਤੌਰ ’ਤੇ ਬਦਲੇ ਦੀ ਭਾਵਨਾ ਅਧੀਨ ਬਹੁਤ ਸਾਰੇ ਕੰਮ ਹੁੰਦੇ ਹਨ। ਲੋਕ ਪੀੜ੍ਹੀਆਂ ਤੱਕ ਇਕ ਦੂਜੇ ਦੇ ਦੁਸ਼ਮਣ ਬਣੇ ਰਹਿੰਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਦਇਆ ਅਤੇ ਖਿਮਾਂ ਨੂੰ ਪ੍ਰੀਤ ਕਰਕੇ ਭਾਵ ਇਹਨਾਂ ਗੁਣਾਂ ਨੂੰ ਧਾਰਨ ਕਰਕੇ ਸਿੱਖ ਖਾਸ ਤਰ੍ਹਾਂ ਦਾ ਸੰਨਿਆਸੀ ਬਣੇ।

ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ

ਸੀਲ ਸ਼ਬਦ ਦੇ ਕਈ ਅਰਥ ਹਨ-ਮਨਨ ਕਰਨਾ, ਮਨ ਟਿਕਾਉਣਾ, ਅਭਿਆਸ ਕਰਨਾ, ਇਸ ਦਾ ਅਰਥ ਸੱਭਅ, ਸ਼ਿਸ਼ਟਾਚਾਰ ਆਦਿ ਵੀ ਕੀਤਾ ਜਾਂਦਾ ਹੈ। ਗੁਰੂ ਸਾਹਿਬ ਇਹ ਗੁਣ ਵੀ ਧਾਰਨ ਕਰਨ ਦਾ ਉਪਦੇਸ਼ ਕਰਦੇ ਹਨ। ਸੰਤੋਖ ਨੂੰ ਨਿਭਾਉਣ ਲਈ ਵੀ ਹੁਕਮ ਹੈ। ਸੰਤੋਖ ਇੱਕ ਧਾਗੇ ਹੈ ਵਾਂਗ ਜਿਸ ਵਿੱਚ ਸਮਾਜ ਦੀ ਮਾਲਾ ਪਰੋਈ ਹੋਈ ਹੈ। ਜਪੁਜੀ ਦੀਆਂ ਤੁਕਾਂ ਫਿਰ ਪੜ੍ਹ-ਵਾਚੀਏ :

ਧੌਲ ਧਰਮ ਦਇਆ ਕਾ ਪੂਤੁ।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩)*

ਇਸ ਸੰਬੰਧ ਵਿੱਚ ਗੁਰਬਾਣੀ ਵਿੱਚ ਹੋਰ ਵੀ ਅਨੇਕ ਤੁਕਾਂ ਵੀ ਵਿਚਾਰਨਯੋਗ ਹਨ:

ਸਹਸ ਖਟੇ ਲਖ ਕਉ ਉਠਿ ਧਾਵੈ।
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ।
ਅਨਿਕ ਭੋਗ ਬਿਖਿਆ ਕੇ ਕਰੈ।
ਨਹ ਤ੍ਰਿਪਤਾਵੈ ਖਪਿ ਖਪਿ ਮਰੈ।
ਬਿਨ ਸੰਤੋਖ ਨਹੀਂ ਕੋਊ ਰਾਜੈ
ਸੁਪਨ ਮਨੋਰਥ ਬਿਰਥੇ ਸਭ ਕਾਜੈ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੯)*

- ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧)*

- ਸਤ ਸੰਤੋਖਿ ਰਹਹੁ ਜਨ ਭਾਈ।
  ਖਿਮਾ ਗਹਹੁ ਸਤਗੁਰ ਸਰਣਾਈ *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੦)*

– ਸਤੁ ਸੰਤੋਖਿ ਦਇਆ ਧਰਮੁ ਸੀਗਾਰੁ ਬਨਾਵਉ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 812)*

– ਸਤ ਸੰਤੋਖ ਸਦਾ ਸਚ ਪਲੈ ਸਚ ਬੋਲੈ ਪਿਰ ਭਾਏ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੬੪)*

ਜਿਸ ਕਾਰਜ ਵਿੱਚ ਸਤ, ਸੰਤੋਖ, ਦਇਆ ਅਤੇ ਧਰਮ ਹੋਵੇ ਉਸ ਨੂੰ ਉੱਤਮ ਦੱਸਿਆ ਗਿਆ ਹੈ ਅਤੇ ਇਸ ਗੱਲ ਨੂੰ ਕੇਵਲ ਉਹੀ ਜਾਣਦੇ ਹਨ ਜਿਹੜੇ ਗੁਰੂ ਭਾਵ ਗੁਰਬਾਣੀ ਵੱਲ ਮੂੰਹ ਕਰੀ ਬੈਠੇ ਹਨ ਭਾਵ ਉਸ ਨੂੰ ਸੁਣਦੇ, ਪੜ੍ਹਦੇ ਅਤੇ ਵਿਚਾਰਦੇ ਹਨ :

– ਜਿਤ ਕਾਰਜ ਸਤੁ ਸੰਤੋਖੁ ਦਇਆ ਧਰਮੁ ਹੈ
ਗੁਰਮੁਖਿ ਬੂਝੈ ਕੋਈ। *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫੧)*

– ਸੰਤੋਖ ਆਇਆ ਮਨਿ ਪੂਰਾ ਪਾਇ।
ਫਿਰਿ ਫਿਰਿ ਮਾਗਨ ਕਾਹੇ ਜਾਇ ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੯੧)*

ਸੰਤੋਖ ਕਾਰਨ ਹੀ ਬੰਦਾ ਆਪਣੇ ਸਵਾਰਥ ਤੋਂ ਮੁਕਤ ਹੋ ਸਕਦਾ ਹੈ।

ਤ੍ਰਿਗੁਣ ਸ਼ਬਦ ਮਾਇਆ ਵਾਸਤੇ ਪ੍ਰਯੋਗ ਕੀਤਾ ਜਾਂਦਾ ਹੈ। ਇਥੇ ਉਪਦੇਸ਼ ਹੈ ਕਿ ਮਾਇਆ ਤੋਂ ਰਹਿਤ ਹੋਵੇ:

ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ।
ਤਜਿ ਕਾਮੁ ਕਾਮਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੧)*

ਕਾਮ ਕਰੋਧ ਹੰਕਾਰ ਲੋਭ ਹਠ ਮੋਹ ਨਾ ਮਨ ਸਿਉ ਲਿਆਵੈ

ਗੁਰੂ ਸਾਹਿਬ ਨੇ ਕਾਮ ਕਰੋਧ ਲੋਭ ਮੋਹ ਹੰਕਾਰ ਪੰਜਾਂ ਵਿਕਾਰਾਂ ਦੇ ਨਾਲ-ਨਾਲ ਹਠ ਨੂੰ ਵੀ ਸ਼ਾਮਲ ਕੀਤਾ ਏ ਅਤੇ ਇਸ ਤੋਂ ਵੀ ਬਚਣ ਦਾ ਉਪਦੇਸ਼ ਕੀਤਾ ਹੈ। ਇਹਨਾਂ ਵਿਕਾਰਾਂ ਬਾਰੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ ਵੱਖ ਥਾਵਾਂ 'ਤੇ ਜ਼ਿਕਰ ਇਸ ਪ੍ਰਕਾਰ ਹੈ :

– ਸਾਧੋ ਮਨ ਕਾ ਮਾਨੁ ਤਿਆਗਉ ।
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾਤੇ ਅਹਿਨਿਸਿ ਭਾਗਉ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, ੨੧੯)*

– ਦੁਤੀਆ ਦੁਰਮਤਿ ਦੂਰਿ ਕਰ ਗੁਰ ਸੇਵਾ ਕਰਿ ਨੀਤ ।
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, ੨੯੬)*

– ਗੁਰ ਕੇ ਚਰਣ ਕਮਲ ਨਮਸਕਾਰਿ।
ਕਾਮੁ ਕ੍ਰੋਧੁ ਇਸ ਤਨ ਤੇ ਮਾਰਿ। *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, ੮੬੫)*

– ਛੋਡਹੁ ਕਾਮ ਕ੍ਰੋਧੁ ਬੁਰਿਆਈ।
ਹਉਮੈਂ ਧੰਧੁ ਛੋਡਹੁ ਲਪਟਾਈ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, ੧੦੨੬)*

ਗੁਰੂ ਅਮਰਦਾਸ ਜੀ ਉਸ ਵਿਅਕਤੀ ਨੂੰ ਅਸਲੀ ਬਹਾਦਰ ਤੇ ਸੂਰਮਾ ਗਿਣਦੇ ਹਨ ਜਿਸਨੇ ਆਪਣੇ ਆਪ ਵਿਚੋਂ ਹੰਕਾਰ ਨੂੰ ਖਤਮ ਕਰ ਲਿਆ ਹੈ :

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, ੮੬)*

ਜਿਵੇਂ ਕਿ ਪਹਿਲਾਂ ਦੱਸ ਚੁੱਕੇ ਹਾਂ ਕਿ ਹਠ ਨੂੰ ਗੁਰੂ ਸਾਹਿਬ ਨੇ ਪੰਜ ਵਿਕਾਰਾਂ ਦੇ ਨਾਲ ਹੀ ਸ਼ਾਮਲ ਕੀਤਾ ਹੈ। ਲੋਕ ਗ੍ਰਹਿਸਥ ਤਿਆਗ ਕੇ ਹਠ ਨਾਲ ਆਪਣੀਆਂ ਵਾਸ਼ਨਾਵਾਂ ਨੂੰ ਮਾਰਨ ਦੇ ਰਾਹ ਪੈਂਦੇ ਸਨ। ਇਹ ਵੀ ਉਤਨਾ ਹੀ ਮਾੜਾ ਹੈ ਜਿੰਨਾ ਕਿ ਭੋਗ ਵਾਲਾ ਰਾਹ। ਗੁਰੂ ਸਾਹਿਬ ਸਹਿਜ ਦਾ ਰਾਹ ਦੱਸਦੇ ਹਨ ਕਿ ਗ੍ਰਹਿਸਥ ਦੇ ਵਿੱਚ ਉਦਾਸੀ ਦੀ ਭਾਵਨਾ ਹੋਵੇ। ਇਸ ਨੂੰ ਸਹਿਜ ਜੋਗ ਵੀ ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਜੀ ਹਠ ਬਾਰੇ ਫੁਰਮਾਉਂਦੇ ਹਨ :

ਹਠੁ ਕਰਿ ਮਰੈ ਨ ਲੇਖੈ ਪਾਵੈ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, ੨੨੬)*

ਹਠ ਨਾਲ ਜੇ ਕਿਸੇ ਨੇ ਬ੍ਰਹਮਚਰਜ ਧਾਰਨ ਕੀਤਾ ਹੋਵੇ ਤਾਂ ਫਿਰ ਉਸ ਵਿੱਚ ਹੰਕਾਰ ਜ਼ਰੂਰ ਜਾਗਦਾ ਹੈ। ਇਸ ਬਾਰੇ ਫੁਰਮਾਨ ਹੈ:

ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ।
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, ੧੦੦੩)*

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸ਼ਬਦ ਵਿਚ ਦਰਸਾਏ ਰਾਹ ’ਤੇ ਚੱਲਣ ਵਾਲਾ ਸਿੱਖ ਸੰਨਿਆਸੀ ਪਰਮ ਪੁਰਖ ਨੂੰ ਪ੍ਰਾਪਤ ਕਰ ਸਕਦਾ ਹੈ:

ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹਿ ਪਾਵੈ
ਕਿੰਨਾ ਭਾਵ ਪੂਰਤ ਹੈ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਰਹਿਤਨਾਮਾ!!

## ਖਿਮਾ ਸੀਗਾਰ

*ਖਿਮਾ ਸੀਗਾਰ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥*

ਤੁਹਾਡੇ ਪ੍ਰਤੀ ਕਿਸੇ ਨੇ ਅਵੱਗਿਆ ਕੀਤੀ ਹੈ। ਤੁਸੀਂ ਉਸ ਪ੍ਰਤੀ ਆਪਣੇ ਮਨ ਵਿਚ ਗੁੱਸਾ ਲਈ ਬੈਠੇ ਹੋ। ਇਹ ਗੁੱਸਾ ਤੁਹਾਨੂੰ ਬਹੁਤ ਹਾਨੀ ਪਹੁੰਚਾ ਸਕਦਾ ਹੈ। ਇਹ ਤੁਹਾਡੇ ਕਾਰ-ਵਿਹਾਰ ਉਤੇ ਮਾੜਾ ਅਸਰ ਪਾ ਸਕਦਾ ਹੈ। ਇਹ ਤੁਹਾਨੂੰ ਬਿਮਾਰ ਵੀ ਕਰ ਸਕਦਾ ਹੈ। ਪਰ ਜੇ ਤੁਸੀਂ ਉਸ ਨੂੰ ਮੁਆਫ਼ ਕਰ ਦਿੰਦੇ ਹੋ ਤਾਂ ਤੁਹਾਡੀ ਸਥਿਤੀ ਇਕ ਜੇਤੂ ਵਾਲੀ ਬਣ ਜਾਂਦੀ ਹੈ। ਬਦਲਾ ਲੈਣ ਦੀ ਰੁਚੀ ਨੁਕਸਾਨ ਪਹੁੰਚਾਉਂਦੀ ਹੈ ਅਤੇ ਬਦਲਾ ਲੈਣ ਉਪਰੰਤ ਬਦਲਾ ਲੈਣ ਵਾਲਾ ਆਪਣੇ ਆਪ ਨੂੰ ਹਾਰਿਆ ਹੋਇਆ ਮਹਿਸੂਸ ਕਰਦਾ ਹੈ। ਗੁਰਬਾਣੀ ਵਿਚ ਇਸ ਪਰਸਥਿਤੀ ਵੇਲੇ ਵਿਚਰਨ ਬਾਰੇ ਇਕ ਤਰੀਕਾ ਦੱਸਿਆ ਹੋਇਆ ਹੈ। ਜੇ ਕਿਸੇ ਨੇ ਤੁਹਾਡੇ ਨਾਲ ਵਧੀਕੀ ਕੀਤੀ ਹੈ ਤਾਂ ਉਸ ਦੀ ਨਿੰਦਿਆ ਨਾ ਕਰੋ; ਸਗੋਂ ਆਪਣੇ ਅੰਦਰ ਝਾਤੀ ਮਾਰੋ ਅਤੇ ਦੇਖੋ ਕਿਤੇ ਵਧੀਕੀ ਕਰਨ ਵਾਲਾ ਠੀਕ ਹੀ ਤਾਂ ਨਹੀਂ:-

> ਫਰੀਦਾ ਜੇ ਤੂ ਅਕਲ ਲਤੀਫ  
> ਕਾਲੇ ਲਿਖ ਨਾ ਲੇਖ।  
> ਆਪਨੜੇ ਗਿਰੀਵਾਨ ਮਹਿ  
> ਸਿਰ ਨੀਵਾ ਕਰ ਦੇਖ।

ਜੇ ਪਤਾ ਲੱਗ ਹੀ ਗਿਆ ਹੈ ਕਿ ਤੁਹਾਡੇ ਨਾਲ ਜਾਣ ਬੁਝ ਕੇ ਵਧੀਕੀ ਕੀਤੀ ਗਈ ਹੈ ਤਾਂ ਉਸ ਕੋਲੋਂ ਬਦਲਾ ਲੈ ਕੇ ਆਪਣੇ ਆਪ ਨੂੰ ਹੋਰ ਨੀਵਾਂ ਨਾ ਬਣਾਓ; ਸਗੋਂ ਉਸ ਨੂੰ ਮੁਆਫ਼ੀ ਦੇ ਕੇ ਉੱਚੇ ਹੋ ਜਾਵੋ। ਫਰੀਦ ਜੀ ਦਾ ਕਥਨ ਹੈ -

> ਫਰੀਦਾ ਜੋ ਤੈ ਮਾਰਨ ਮੁਕੀਆ  
> ਤਿਨਾ ਨ ਮਾਰੇ ਘੁਮ॥  
> ਆਪਨੜੈ ਘਰਿ ਜਾਈਐ  
> ਪੈਰ ਤਿਨਾ ਕੇ ਚੁੰਮ॥

ਖਿਮਾ ਕਰਨਾ ਅਤੇ ਖਿਮਾ ਮੰਗਣਾ ਦੋਵੇਂ ਹੀ ਗੁਣ ਸਮਾਜ ਵਿਚ ਵਿਚਰਨ ਲਈ ਸੁਨਹਿਰੀ ਗੁਣ ਹਨ। ਖਿਮਾ ਬਹੁ-ਪਰਤੀ ਸਮਾਜਕ ਗੁਣ ਹੈ। ਖਿਮਾ ਕਰਨ ਵਾਸਤੇ ਸਹਿਨਸ਼ੀਲਤਾ ਅਤੇ ਦਇਆ ਦੀ ਲੋੜ ਹੈ। ਜੋ ਸਹਿਨਸ਼ੀਲ ਨਹੀਂ, ਦੂਜਿਆਂ ਦੀ ਵਧੀਕੀ ਨਹੀਂ ਸਹਾਰ ਸਕਦਾ, ਉਹ ਖਿਮਾ ਨਹੀਂ ਕਰ ਸਕਦਾ, ਜਿਸ ਵਿਚ ਹਉਮੈ ਹੈ, ਹੰਕਾਰ ਹੈ, ਉਹ ਖਿਮਾ ਮੰਗ ਵੀ ਨਹੀਂ ਸਕਦਾ। ਖਿਮਾ ਦੀ ਮਹੱਤਤਾ ਸਮਝਾਉਣ ਲਈ

ਗੁਰਬਾਣੀ ਵਿਚ ਇਸ ਨੂੰ ਅਨੇਕ ਰੂਪਕਾਂ ਅਤੇ ਦ੍ਰਿਸ਼ਟਾਂਤਾਂ ਨਾਲ ਸਮਝਾਇਆ ਗਿਆ ਹੈ।

ਗੁਰਬਾਣੀ ਵਿਚ ਪ੍ਰਭੂ ਮਿਲਾਪ ਲਈ ਖਿਮਾ ਦਾ ਸੀਗਾਰ ਕਰਨ ਦਾ ਵਿਚਾਰ ਅਨੇਕ ਥਾਵਾਂ ’ਤੇ ਦੱਸਿਆ ਗਿਆ ਹੈ। ਬਾਬਾ ਫਰੀਦ ਜੀ ਹੋਰ ਗੁਣਾਂ ਨਾਲ ਖਿਮਾ ਅਰਥਾਤ ‘ਖਵਣ ਗੁਣ’ ਨੂੰ ਵੀ ਮਹੱਤਵਪੂਰਨ ਸਮਝਦੇ ਹਨ। ਉਹਨਾਂ ਦੇ ਹੇਠ ਲਿਖੇ ਸਲੋਕ ਧਾਰਮਿਕ ਜੀਵਨ ਵਿਚ ਹੀ ਨਹੀਂ ਸਗੋਂ ਸਮਾਜਿਕ ਜੀਵਨ ਵਿਚ ਵੀ ਬਹੁਤ ਲਾਹੇਵੰਦ ਸਾਬਤ ਹੋ ਸਕਦੇ ਹਨ।

ਫਰੀਦਾ ਕਵਣ ਸੁ ਅਖਰ ਕਵਣ ਗੁਣ
ਕਵਣ ਸੁ ਮਣੀਆ ਮੰਤ॥
ਕਵਣ ਸੁ ਵੇਸੋ ਹਉ ਕਰੀ
ਜਿਤ ਵਸ ਆਵੇ ਕੰਤ॥
ਉੱਤਰ ਹੈ :
ਨਿਵਣ ਸੁ ਅਖਰ ਖਵਣ ਗੁਣ
ਜਿਹਬਾ ਮਣੀਆ ਮੰਤ॥
ਇਹ ਤ੍ਰੈ ਭੈਣੇ ਵੇਸ ਕਰਿ ਤਾ ਵਸ ਆਵੀ ਕੰਤ॥

ਇਹ ਵੇਸ ਕੇਵਲ ਕੰਤ ਨੂੰ ਹੀ ਨਹੀਂ ਸਗੋਂ ਹਰ ਕਿਸੇ ਨੂੰ ਰਿਝਾ ਸਕਦਾ ਹੈ। ‘ਖਿਮਾਂ ਸੀਗਾਰ’ ਦਾ ਵਰਣਨ ਹੋਰ ਤੁਕਾਂ ਵਿਚ ਵੀ ਮਿਲਦਾ ਹੈ।

ਮਨ ਮੋਤੀ ਜੇ ਗਹਣਾ ਹੋਵੈ
ਪਾਉਣ ਹੋਵੈ ਸੂਤਧਾਰੀ॥
ਖਿਮਾ ਸੀਗਾਰ ਕਾਮਣਿ ਤਨਿ ਪਹਿਰੈ
ਰਾਵੈ ਲਾਲ ਪਿਆਰੀ॥

ਅਰਥਾਤ- ਇਹ ਜੀਵ ਇਸਤਰੀ ਆਪਣੇ ਮਨ ਨੂੰ ਸੁੱਚੇ ਮੋਤੀਆਂ ਵਰਗਾ ਗਹਿਣਾ ਬਣਾ ਲਏ, ਮੋਤੀਆਂ ਦੀ ਮਾਲਾ ਬਣਾਉਣ ਲਈ ਧਾਗੇ ਦੀ ਲੋੜ ਪੈਂਦੀ ਹੈ, ਜੇ ਸੁਆਸ-ਸੁਆਸ ਦਾ ਸਿਮਰਨ ਮੋਤੀ ਪਰੋਣ ਲਈ ਧਾਗਾ ਬਣੇ, ਜੋ ਦੁਨੀਆ ਦੀ ਵਧੀਕੀ ਸਹਾਰ ਲੈਣ ਭਾਵ ਖਿਮਾਂ ਦੇ ਸੁਭਾਵ ਨੂੰ ਜੀਵ ਇਸਤਰੀ ਸ਼ਿੰਗਾਰ ਬਣਾ ਕੇ ਆਪਣੇ ਸਰੀਰ ਉਤੇ ਪਹਿਨ ਲਏ ਤਾਂ ਪਤੀ-ਪ੍ਰਭੂ ਨੂੰ ਪਿਆਰੀ ਹੋ ਕੇ ਉਸ ਨੂੰ ਮਿਲ ਪੈਂਦੀ ਹੈ।

ਖਿਮਾਂ ਬੜਾ ਉੱਤਮ ਗੁਣ ਹੈ। ਇਸ ਨੂੰ ਧਨ ਵਾਂਗ ਕਮਾਉਣ ਅਤੇ ਸੰਭਾਲਦ ਦਾ ਉਪਦੇਸ਼ ਹੈ :-

ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ
ਤਾਮਸੁ ਨਾਮਿ ਜਲਾਏ॥

ਰਾਮ ਰਵੰਤਾ ਜਾਣੀਐ
ਇਕ ਮਾਈ ਭੋਗ ਕਰੇਇ॥
ਤਾ ਕੇ ਲਖਣ ਜਾਣੀਅਹਿ ਖਿਮਾ ਧਨ ਸੰਗ੍ਰਹੇਇ॥

ਜਿਥੇ ਗੁਰਬਾਣੀ ਵਿਚ ਧਾਰਮਿਕ ਕਰਮਕਾਂਡਾਂ ਦਾ ਜ਼ਿਕਰ ਹੁੰਦਾ ਹੈ ਉਥੇ ਖਿਮਾ ਗੁਣ ਦੀ ਮਹੱਤਤਾ ਨੂੰ ਦ੍ਰਿੜ ਕਰਵਾਇਆ ਜਾਂਦਾ ਹੈਃ–

ਖਿਮਾ ਗਹੀ ਬ੍ਰਤ ਸੀਲ ਸੰਤੋਖੰ॥
ਰੋਗ ਨ ਬਿਆਪੈ ਨਾ ਜਗ ਦੋਖੰ॥

ਖਿਮਾ ਬਾਰੇ ਗੁਰਬਾਣੀ ਵਿਚ ਕੁਝ ਹੋਰ ਤੁਕਾਂ ਵੀ ਵਾਚਣ ਯੋਗ ਹਨਃ–

ਖੋਜਤ ਖੋਜਤ ਅੰਮ੍ਰਿਤ ਪੀਆ॥
ਖਿਮਾ ਗਹੀ ਮਨੁ ਸਤਿਗੁਰ ਦੀਆ॥

ਸਤ ਸੰਤੋਖ ਰਹਹੁ ਜਨ ਭਾਈ॥
ਖਿਮਾ ਗਹਹੁ ਸਤਿਗੁਰ ਸਰਣਾਈ॥

ਸਚ ਵਰਤੁ ਸੰਤੋਖ ਤੀਰਥ ਗਿਆਨ ਧਿਆਨ ਇਸਨਾਨ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸੁ ਪਰਧਾਨ॥

ਕਬੀਰ ਜੀ ਦਾ ਕਥਨ ਹੈ ਜਿਥੇ ਖਿਮਾ ਹੈ ਉਥੇ ਪ੍ਰਮਾਤਮਾ ਆਪ ਵਸਦਾ ਹੈਃ–

ਕਬੀਰਾ ਜਹਾਂ ਗਿਆਨ ਤਹ ਧਰਮ ਹੈ
ਜਹਾਂ ਝੂਠ ਤਾ ਪਾਪੁ॥
ਜਹਾ ਲੋਭ ਤਾ ਕਾਲੁ ਹੈ
ਜਹਾਂ ਖਿਮਾ ਤਹ ਆਪ॥

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੀ ਬਾਣੀ ਵਿਚ ਸੰਨਿਆਸ ਦਾ ਜ਼ਿਕਰ ਕਰਦਿਆਂ ਖਿਮਾਂ ਗੁਣ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈਃ–

ਅਲਪ ਅਹਾਰ ਸੁਲਪ ਸੀ ਨਿਦ੍ਰਾ
ਦਯਾ ਛਿਮਾ ਤਨ ਪ੍ਰੀਤ।

ਗੁਰੂ ਸਾਹਿਬ ਦੀ ਸੇਵਾ ਵਿਚ ਇਕ ਵਾਰ ਸਿੱਖਾਂ ਨੇ ਧਰਮ ਸੰਬੰਧੀ ਪ੍ਰਸ਼ਨ ਪੁੱਛੇ ਜਿਹਨਾਂ ਦੇ ਉਤਰ ਵਿਚ ਗੁਰੂ ਜੀ ਨੇ ਬਚਨ ਕੀਤੇ।

ਖਿਮਾ ਕਰਨੀ ਜਿਉਂ ਜਿਉਂ ਵੱਡੇ ਹੋਣਾ ਤਿਉਂ ਤਿਉਂ ਨਿਮਰਤਾ ਰਖਣੀ।

ਜਿਸਦਾ ਕੋਈ ਵਾਲੀ ਨਹੀਂ ਉਸ ਦੀ ਸਰਪ੍ਰਸਤੀ ਕਰਨੀ। ਮਰਾਤਬੇ ਪਾ ਕੇ ਗਰਬ ਨਹੀਂ ਕਰਨਾ।

ਭਾਈ ਬਾਲੇ ਵਾਲੀ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਵੱਲੋਂ ਇਕ ਰਾਣੀ ਨੂੰ ਦਿੱਤੇ ਉਪਦੇਸ਼ ਵਿਚ ਵੀ ਖਿਮਾਂ ਧਾਰਨ ਕਰਨ ਲਈ ਆਦੇਸ਼ ਹੈਃ–

ਨਿਵਣਾ ਸਭ ਅੱਗੇ, ਖਿਮਾਂ ਕਰਨੀ
ਮਿਠਾ ਬੋਲਣਾ
ਇਹ ਬਚਨ ਤ੍ਰੈ ਦ੍ਰਿੜ ਰੱਖਣੇ।

ਸੂਰਜ ਪ੍ਰਕਾਸ਼ ਵਿਚ ਗੁਰੂ ਅਮਰਦਾਸ ਜੀ ਦਾ ਉਪਦੇਸ਼ ਜੋ ਉਹਨਾਂ ਸਿੱਖਾਂ ਗੋਪੀ ਮੋਹਣ ਰਾਮੂ ਅਤੇ ਅਮਰੂ ਨੂੰ ਦਿੱਤਾ ਇਸ ਪ੍ਰਕਾਰ ਹੈਃ-

ਸਹਿਨ ਸ਼ੀਲਤਾ ਛਿਮਾ ਧਰੀਜੈ।
ਕਿਸਿ ਕੈ ਸੰਗ ਨ ਦ੍ਵੇਸ਼ ਰਚੀਜੈ।
ਬਾਕ ਕਠੋਰ ਅਨਾਦਰ ਕਰੇ।
ਸੁਨ ਕਰ ਤਪਹਿ ਨਾ ਰਿਸ ਕਬਿ ਧਰੇ।

ਇਸੇ ਤਰ੍ਹਾਂ ਗੁਰੂ ਹਰਿਕਿਸ਼ਨ ਜੀ ਦਾ ਰਾਜਾ ਜੈ ਸਿੰਘ ਨੂੰ ਉਪਦੇਸ਼ ਹੈਃ-

ਕਰਨੀ ਛਿਮਾ ਮਹਾਤਮ ਜਾਨ।
ਛਿਮਾ ਕਰਨ ਹੀ ਦੈਬੋ ਮਾਨ।
ਛਿਮਾ ਸਕਲ ਤੀਰਥ ਇਸਨਾਨ।
ਛਿਮਾ ਕਰਤ ਨਰ ਕੀ ਕਲਯਾਨ।
ਛਿਮਾ ਸਮਾਨ ਮਹਾਨ ਗੁਨ ਨਾਹੀਂ।
ਯਾ ਤੇ ਛਿਮਾ ਧਰਹੁ ਮਨ ਮਾਹੀ।
ਸਦਗੁਨ ਕੋ ਨਹਿ ਤਯਾਗਨ ਕੀਜੈ।
ਸਦਾ ਹਿਦੈ ਮਹਿ ਇਥਿਰ ਕੀਜੈ।

ਸਮੁਚੇ ਰੂਪ ਵਿਚ ਵਾਚਿਆਂ ਪਤਾ ਲਗਦਾ ਹੈ ਕਿ ਖਿਮਾਂ ਧਰਮ ਵਿਚ ਇਹ ਮਹੱਤਵਪੂਰਨ ਗੁਣ ਹੈ। ਇਸ ਨੂੰ ਧਾਰਨ ਕਰਨ ਨਾਲ ਸਮਾਜ ਸੁਖਾਵਾਂ ਬਣਦਾ ਹੈ। ਅਜੋਕੇ ਸਿੱਖ ਸਮਾਜ ਵਿਚ ਇਹ ਗੁਣ ਘੱਟ ਰਿਹਾ ਹੈ। ਆਮ ਵਿਵਹਾਰ ਵਿਚ ਅਤੇ ਅਖ਼ਬਾਰਾਂ ਵਿਚ ਵੀ ਛਪੇ ਬਿਆਨਾਂ ਤੋਂ ਪਤਾ ਲਗਦਾ ਹੈ ਕਿ ਆਪਣੇ ਆਪ ਨੂੰ ਸਿੱਖੀ ਦੇ ਅਲੰਬਰਦਾਰ ਸਮਝਣ ਵਾਲੇ ਆਗੂ ਕਿਵੇਂ ਇਕ ਦੂਜੇ ਪ੍ਰਤੀ ਕੌੜੇ ਵਿਚਾਰ ਪ੍ਰਗਟਾਉਂਦੇ ਹਨ। ਕਈ ਵਾਰ ਤਾਂ ਉਹਨਾਂ ਦੀ ਬਾਣੀ ਵਿਚ ਆਸਥਾ ਤੇ ਸ਼ੰਕਾ ਹੁੰਦੀ ਹੈ। ਧਿਆਨ ਦੇਈਏ ਖਿਮਾਂ ਤੋਂ ਬਿਨ੍ਹਾਂ ਸਾਡਾ ਕੀ ਹਾਲ ਹੋ ਸਕਦਾ ਹੈ।

ਖਿਮਾ ਵਿਹੂਣੇ ਖਪਿ ਗਏ
ਖੂਹਣਿ ਲੱਖ ਅਸੰਖ॥
ਗਣਤ ਨ ਆਵੈ ਕਿਉ ਗਣੀ
ਖਪਿ ਖਪਿ ਮੁਏ ਬਿਸੰਖ॥

# ਸ੍ਰੀ ਅਕਾਲ ਤਖ਼ਤ ਸਾਹਿਬ: ਇੱਕ ਸੰਕਲਪ

ਅਕਾਲ ਤਖ਼ਤ ਸਿੱਖਾਂ ਦਾ ਇੱਕ ਸਤਿਕਾਰ ਯੋਗ ਸਥਾਨ ਹੀ ਨਹੀਂ ਸਗੋਂ ਇੱਕ ਸੰਕਲਪ ਵੀ ਹੈ। ਇਹ ਅੰਮ੍ਰਿਤਸਰ ਵਿਖੇ ਸ੍ਰੀ ਹਰਮਿੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਸਾਹਮਣੇ ਸਥਿਤ ਹੈ। ਇਸ ਪਵਿੱਤਰ ਸਥਾਨ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਬਣਵਾਇਆ ਸੀ। ਅਰਥ ਪ੍ਰਸੰਗ ਵਿਚ ਅਕਾਲ ਤਖਤ ਸਾਹਿਬ ਨੂੰ ਅਕਾਲ ਪੁਰਖ, ਭਾਵ ਪ੍ਰਮਾਤਮਾ ਦਾ ਤਖ਼ਤ ਸਮਝਿਆ ਜਾਂਦਾ ਹੈ। ਇਸ ਦੀ ਬਣਤਰ ਸ਼ਾਹੀ ਤਖ਼ਤ ਵਾਂਗ ਉੱਚੇ ਸਥਾਨ 'ਤੇ ਹੈ। ਉਸ ਸਮੇਂ ਦੀ ਮੁਗ਼ਲ ਰਾਜ ਦਾ ਤਖ਼ਤ ਪਰਜਾ ਤੇ ਜ਼ੁਲਮ ਅਤੇ ਅਤਿਆਚਾਰ ਕਰਦਾ ਸੀ। ਉਸ ਦੇ ਵਿਰੋਧ ਵਿਚ ਗੁਰੂ ਹਰਿਗੋਬਿੰਦ ਜੀ ਨੇ ਇਸ ਤਖ਼ਤ ਦੀ ਸਥਾਪਨਾ ਕੀਤੀ ਅਤੇ ਉਸ ਨੂੰ ਮੁਗ਼ਲਾਂ ਦੇ ਤਖ਼ਤ ਤੋਂ ਵੀ ਵੱਡਾ "ਰੱਬੀ ਤਖ਼ਤ" ਕਿਹਾ। ਬਾਅਦ ਵਿਚ ਇਸ ਤਖ਼ਤ ਦਾ ਨਾਂ ਅਕਾਲ ਤਖ਼ਤ ਪ੍ਰਸਿੱਧ ਹੋਇਆ। ਪਹਿਲਾਂ ਪਹਿਲ ਇਸ ਨੂੰ ਅਕਾਲ ਬੁੰਗਾ ਕਹਿੰਦੇ ਸਨ।

ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਅਕਾਲ ਤਖ਼ਤ ਦੀ ਨੀਂਹ ਰੱਖਣ ਦੀ ਮਿਤੀ 1609 ਈ. (ਸੰਮਤ 1665) ਦੱਸੀ ਹੈ। ਮੈਕਾਲਫ ਨੇ ਆਪਣੀ ਪੁਸਤਕ 'ਦੀ ਸਿੱਖ ਰਿਲੀਜਨ' ਵਿਚ ਅਕਾਲ ਬੁੰਗੇ ਦੀ ਨੀਂਹ ਰੱਖਣ ਦਾ ਦਿਨ ਸੋਮਵਾਰ, ਹਾੜ੍ਹ ਦੇ ਚਾਨਣੇ ਪੱਖ ਦੀ ਪੰਜਾਵੀਂ ਤਿਥੀ ਸੰਮਤ 1663 ਲਿਖਿਆ ਹੈ। ਸ੍ਰੀ ਅਕਾਲ ਤਖ਼ਤ ਦੀ ਰਚਨਾ ਬਾਰੇ 'ਦ ਬਿਸਤਾਨ-ਇ-ਮਜ਼ਾਹਿਬ' ਦਾ ਹਵਾਲਾ ਦਿੰਦਿਆਂ ਸ. ਅਜੀਤ ਸਿੰਘ ਬਾਘਾ ਨੇ ਲਿਖਿਆ ਹੈ ਕਿ ਬਹੁਤੇ ਲੇਖਕਾਂ ਨੇ ਅਕਾਲ ਤਖ਼ਤ ਨੂੰ ਗੁਰੂ ਹਰਿਗੋਬਿੰਦ ਸਾਹਿਬ ਦਾ ਰਚਿਆ ਮੰਨਿਆ ਹੈ ਪਰ ਇੱਕ ਲੇਖਕ ਅਨੁਸਾਰ ਗੁਰੂ ਅਰਜਨ ਦੇਵ ਸਾਹਿਬ ਆਪਣੇ ਜੀਵਨ ਵਿਚ ਇਸ ਦੀ ਨੀਂਹ ਰੱਖ ਗਏ ਸਨ। ਮੁਗ਼ਲਾਂ ਨੇ ਗੁਰੂ ਅਰਜਨ ਦੇਵ ਜੀ ਦੁਆਰਾ ਬਣਾਏ 'ਉੱਚੇ ਭਵਨਾਂ ਨੂੰ' ਮੁਸਾਕਿਨ-ਓ-ਮਨਾਜ਼ਿਲ' ਕਿਹਾ ਹੈ ਜਿਸ ਦੇ ਅਰਥ 'ਡੇਰੇ ਤੇ ਚੁਬਾਰੇ' ਹਨ। ਗਿਆਨੀ ਗਿਆਨ ਸਿੰਘ ਨੇ ਵੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਗੁਰੂ ਗੱਦੀ ਦੇਣ ਦਾ ਜ਼ਿਕਰ ਕਰਦਿਆਂ ਅਕਾਲ ਤਖ਼ਤ ਦਾ ਵੀ ਜ਼ਿਕਰ ਕੀਤਾ ਹੈ-

'ਸਾਕ ਸਿਖ ਲੀਨੇ ਬੁਲਾਇ। ਪੁਨ ਤਖ਼ਤ ਅਕਾਲ ਦਿਵਾਨ ਲਾਇ।
ਗੁਰ ਕੋ ਸਿੰਘਾਸਨ ਪਰ ਬਿਠਾਇ ਪੁਨ ਬਾਬਾ ਬੁੱਢਾ ਤਿਲਕ ਲਾਇ।'

ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਉਪਰੰਤ ਗੁਰੂ ਅਰਜਨ ਦੇਵ ਜੀ ਨੇ ਉੱਚੀ ਥਾਂ 'ਤੇ ਬੈਠਣਾ ਤੇ ਸੌਣਾ ਛੱਡ ਦਿੱਤਾ ਸੀ। ਹਰਿਮੰਦਰ ਸਾਹਿਬ ਦੇ ਸਾਹਮਣੇ ਵਾਲੇ ਸਥਾਨ 'ਤੇ ਬੈਠ ਕੇ ਗੁਰੂ ਸਾਹਿਬ ਸੰਗਤਾਂ ਨੂੰ ਦਰਸ਼ਨ

ਦਿੰਦੇ, ਉਨ੍ਹਾਂ ਦੀਆਂ ਭੇਟਾਵਾਂ ਪ੍ਰਵਾਨ ਕਰਦੇ, ਉਨ੍ਹਾਂ ਦੇ ਦੁੱਖ-ਦਰਦ ਸੁਣਦੇ ਅਤੇ ਉਨ੍ਹਾਂ ਦੇ ਝਗੜੇ ਨਿਬੇੜਦੇ ਸਨ। ਇਸੇ ਲਈ ਸ਼ਰਾਧਾਲੂਆਂ ਨੇ ਇਸ ਅਸਥਾਨ ਨੂੰ 'ਤਖ਼ਤ' ਜਾਂ ਅਕਾਲ 'ਤਖ਼ਤ' ਕਹਿਣਾ ਸ਼ੁਰੂ ਕਰ ਦਿੱਤਾ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਅਕਾਲ ਤਖ਼ਤ ਦੀ ਉਸਾਰੀ ਵੇਲੇ ਕਿਸੇ ਮਿਸਤਰੀ, ਮਜ਼ਦੂਰ ਜਾਂ ਤਰਖ਼ਾਣ ਕੋਲੋਂ ਕੰਮ ਨਹੀਂ ਕਰਵਾਇਆ ਸਗੋਂ ਗੁਰੂ ਹਰਿਗੋਬਿੰਦ ਜੀ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਆਪ ਸੇਵਾ ਕੀਤੀ, 'ਬੁੱਢੇ ਅਰ ਗੁਰਦਾਸ ਬਨਾਯੋ' ਕਿਉਂਕਿ ਅਕਾਲ ਤਖ਼ਤ ਸਾਰੀ ਮਨੁੱਖਤਾ ਨੂੰ ਅਜ਼ਾਦੀ ਤੇ ਪ੍ਰੇਮ ਦੇ ਸੁਨੇਹਾ ਦੇਣ ਵਾਲਾ ਤਖ਼ਤ ਬਣਨਾ ਸੀ।

ਅਕਾਲ ਤਖ਼ਤ ਦੀ ਬਣਤਰ ਅਤੇ ਨਮੂਨੇ ਦੇ ਵੀ ਵਿਦਵਾਨਾਂ ਨੇ ਕਈ ਅਰਥ ਕੱਢੇ ਹਨ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਅਕਾਲ ਤਖ਼ਤ ਦਾ ਖੜ੍ਹਵਾਂ ਗੁੰਬਦ ਸੁਰਬੀਰਤਾ ਦਾ ਪ੍ਰਤੀਕ ਹੈ ਤੇ ਹਰਿਮੰਦਰ ਸਾਹਿਬ ਦਾ ਬੈਠਵਾਂ ਨਿਮਰਤਾ ਦਾ ਪ੍ਰਤੀਕ ਹੈ। ਅਕਾਲ ਤਖ਼ਤ ਦੀ ਮੂਲ ਇਮਾਰਤ 1984 ਈ. ਵਿਚ ਬਲਿਊ ਸਟਾਰ ਆਪ੍ਰੇਸ਼ਨ ਸਮੇਂ ਢਹਿ-ਢੇਰੀ ਹੋ ਗਈ ਸੀ। ਇਸ ਨੂੰ ਭਾਰਤ ਸਰਕਾਰ ਵੱਲੋਂ ਮੁਰੰਮਤ ਕਰਕੇ ਬਣਾਇਆ ਗਿਆ ਸੀ ਪਰ ਸਿੱਖ ਸੰਗਤਾਂ ਨੂੰ ਸਰਕਾਰੀ ਮਦਦ ਨਾਲ ਬਣੀ ਇਹ ਇਮਾਰਤ ਪ੍ਰਵਾਨ ਨਹੀਂ ਸੀ, ਇਸ ਲਈ ਇਸ ਨੂੰ ਢਾਹ ਕੇ ਨਵੇਂ ਸਿਰਿਓਂ ਬਣਾਇਆ ਗਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਦੀ ਰਚਨਾ ਕਰਕੇ ਸਿੱਖਾਂ ਦੇ ਜੀਵਨ-ਕਾਰਜ ਵਿਚ ਤਬਦੀਲੀ ਲਿਆਂਦੀ। ਗੁਰੂ ਸਾਹਿਬ ਇਥੇ ਦੀਵਾਨ ਲਾਉਂਦੇ, ਬੀਰਤਾ ਦੀ ਵਿਆਖਿਆ ਕਰਦੇ ਅਤੇ ਸੰਗਤਾਂ ਨੂੰ ਦਰਸ਼ਨ ਦਿੰਦੇ ਸਨ। ਇਸ ਦੇ ਸਾਹਮਣੇ ਦੀ ਖੁੱਲ੍ਹੀ ਥਾਂ ਵਿਚ ਕੁਸ਼ਤੀਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਕਸਰਤਾਂ ਵੀ ਹੁੰਦੀਆਂ ਸਨ। ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਬਣਾਉਣ ਤੋਂ ਗੁਰੂ ਸਾਹਿਬ ਦਾ ਮੰਤਵ ਇਹ ਸੀ ਕਿ ਅਧਿਆਤਮਕ ਅਤੇ ਸੰਸਾਰਕ ਮਾਮਲਿਆਂ ਵਿਚ ਸੁਮੇਲ ਰਖਿਆ ਜਾ ਸਕੇ।

ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਬੜਾ ਖੁੱਲ੍ਹਾ ਵਿਹੜਾ ਹੈ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਬੈਠ ਸਕਦੇ ਹਨ। ਹਰਿਮੰਦਰ ਸਾਹਿਬ ਵਿਚ ਗੁਰਬਾਣੀ ਦਾ ਕੀਰਤਨ ਹੁੰਦਾ ਸੀ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਲੌਂਢੇ ਪਹਿਰ ਢਾਡੀ ਯੋਧਿਆਂ ਦੀਆਂ ਵਾਰਾਂ ਗਾਉਂਦੇ ਅਤੇ ਸ਼ਰਧਾਲੂ ਆਨੰਦ ਮਾਣਦੇ ਸਨ। ਇਹ ਨਵਾਂ ਉੱਦਮ ਸਿੱਖਾਂ ਵਿਚ ਬੀਰ ਰਸ ਪੈਦਾ ਕਰਨ ਲਈ ਕੀਤਾ ਗਿਆ। ਸਿੱਖ ਇਤਿਹਾਸ ਵਿਚ ਲਿਖਿਆ ਹੈ ਕਿ ਇਥੋਂ ਦਾ ਪਹਿਲਾ ਢਾਡੀ ਅਬਦੁੱਲਾ ਸੀ। ਇਸ ਤਰ੍ਹਾਂ ਅਕਾਲ ਤਖ਼ਤ ਸਿੱਖ ਪੰਥ ਦੀ ਜਥੇਬੰਦੀ ਦਾ ਕੇਂਦਰ ਬਣ ਗਿਆ। ਇਸੇ ਥਾਂ 'ਤੇ ਪੰਥਕ ਗੁਰਮਤੇ ਸੋਧੇ ਜਾਂਦੇ ਰਹੇ। ਆਮ ਤੌਰ 'ਤੇ ਇੱਕ ਸਾਲ ਵਿਚ ਦੋ ਵਾਰੀ, ਵਿਸਾਖੀ ਅਤੇ ਦੀਵਾਲੀ ਨੂੰ ਦੂਰੋਂ ਦੂਰੋਂ ਸਿੱਖ ਸੰਗਤਾਂ ਇਕੱਤਰ ਹੁੰਦੀਆਂ ਸਨ। ਅਠਾਰ੍ਹਵੀਂ ਸਦੀ ਵਿਚ ਸਿੱਖ ਮਿਸਲਾਂ ਦੇ ਆਗੂ ਅਕਾਲ ਤਖ਼ਤ ਤੇ ਹਾਜ਼ਰ ਹੋ ਕੇ ਲੜਾਈ ਅਤੇ ਸੁਲ੍ਹਾ ਦੇ ਮਤੇ ਸੋਧ

ਦੇ ਸਨ। ਇਥੇ ਹੀ ਹਰ ਤਰ੍ਹਾਂ ਦੇ ਆਪਸੀ ਅਤੇ ਪੰਥਕ ਝਗੜਿਆਂ ਦਾ ਨਿਬੇੜਾ ਕੀਤਾ ਜਾਂਦਾ ਰਿਹਾ ਹੈ। ਅਕਾਲ ਤਖ਼ਤ ਸਿੱਖਾਂ ਵਿਚ ਇੱਕ ਸਰਵ ਉੱਚ ਸਥਾਨ ਹੈ ਜਿਥੇ ਸਥਾਨਕ ਫੈਸਲਿਆਂ ਲਈ ਅਪੀਲ ਕੀਤੀ ਜਾ ਸਕਦੀ ਹੈ। ਸਿੱਖ ਅਕਾਲ ਤਖ਼ਤ ਦੇ ਫ਼ੈਸਲਿਆਂ ਅਤੇ ਆਦੇਸ਼ਾ ਨੂੰ ਰੱਬੀ ਹੁਕਮ ਸਮਝ ਕੇ ਮੰਨਦੇ ਹਨ। ਇਸ ਤਰ੍ਹਾਂ ਇਹ ਭਗਤੀ ਨਾਲ ਸ਼ਕਤੀ ਦਾ ਸਹਿਵਾਸ ਹੈ। ਹਰਿਮੰਦਰ ਪੀਰੀ ਹੈ ਤੇ ਅਕਾਲ ਤਖ਼ਤ ਮੀਰੀ ਹੈ। ਇਸ ਤਰ੍ਹਾਂ ਸਿੱਖ ਧਰਮ ਵਿਚ ਅਕਾਲ ਤਖ਼ਤ ਦੀ ਰਚਨਾ ਨਾਲ ਮੀਰੀ ਅਤੇ ਪੀਰੀ ਦਾ ਸੰਕਲਪ ਸਾਹਮਣੇ ਆਇਆ।

ਪ੍ਰੋਫ਼ੈਸਰ ਪ੍ਰੀਤਮ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹੀਦੀ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਨੇ ਇਹ ਸਪਸ਼ਟ ਕਰਨ ਲਈ ਕਿ ਦੇਸ਼ ਦੀ ਰਾਜਨੀਤੀ ਦੇ ਮਾਮਲੇ ਵਿਚ ਸਿੱਖ ਲੋਕ ਗੂੰਗੇ ਦਰਸ਼ਕ ਬਣ ਕੇ ਨਹੀਂ ਰਹਿ ਸਕਦੇ, ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਲਈਆਂ ਅਤੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਉਸਰਵਾ ਕੇ ਸਿੱਖਾਂ ਲਈ ਸਵਰਾਜ ਦਾ ਚਿੰਨ੍ਹ ਖੜ੍ਹਾ ਕਰ ਦਿੱਤਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਭਗਤੀ ਸਿਰਫ਼ ਕਮਜ਼ੋਰਾਂ, ਨਿਆਸਰਿਆਂ ਅਤੇ ਨਿਓਟਿਆਂ ਦਾ ਕੰਮ ਨਹੀਂ। ਹਰਮਿੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਨੂੰ ਇੱਕ ਰੂਪ ਸਮਝਦਿਆਂ ਪ੍ਰਿੰਸੀਪਲ ਜੋਗਿੰਦਰ ਸਿੰਘ ਲਿਖਦਾ ਹੈ ਕਿ ਸਿੱਖੀ ਵਿਚ ਹਕੀਕੀ ਅਤੇ ਦੁਨਿਆਵੀਂ ਮਸਲਿਆਂ ਵਾਸਤੇ ਵੱਖਰੇ-ਵੱਖਰੇ ਅਸੂਲ ਲਾਗੂ ਨਹੀਂ। ਪੀਰੀ ਅਤੇ ਮੀਰੀ ਦਾ ਸਮਰਥਨ ਕਰਦਿਆਂ ਉਸ ਨੇ ਲਿਖਿਆ ਕਿ ਇਥੇ ਊਚ-ਨੀਚ ਦਾ ਭੇਦ ਭਾਵ ਨਹੀਂ ਰਖਿਆ ਜਾਂਦਾ। ਇਸੇ ਲਈ ਇਕੋ ਮੰਦਰ ਦੀਆਂ ਪ੍ਰਕਰਮਾਂ ਅੰਦਰ ਹੀ ਰੂਹਾਨੀ ਤੇ ਦੁਨਿਆਵੀਂ ਸ਼ਕਤੀ ਦਾ ਪ੍ਰਤੀਕ ਹਰਮਿੰਦਰ ਤੇ ਅਕਾਲ ਤਖ਼ਤ ਬਣਾਏ ਗਏ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਮਰਤਾ ਦਾ ਤਖ਼ਤ ਇਸੇ ਲਈ ਕਿਹਾ ਗਿਆ ਹੈ ਕਿਉਂਕਿ ਇਸ ਦੀ ਮਹਾਨਤਾ ਅਕਹਿ ਹੈ। ਅਕਾਲ ਤਖ਼ਤ ਆਤਮਕ ਬੰਧਨਾ ਅਤੇ ਦੁਨਿਆਵੀਂ ਬੰਧਨਾ ਤੋਂ ਮੁਕਤੀ ਦਿਵਾਉਣ ਦਾ ਕੇਂਦਰ ਬਣ ਗਿਆ। ਇਹ ਸਾਰਾ ਸੰਗਰਾਮ ਸਮੂਹ ਮਨੁੱਖਤਾ ਦੀ ਭਲਾਈ ਲਈ ਸੀ, ਕਿਸੇ ਇੱਕ ਸ੍ਰੇਣੀ ਜਾਂ ਜਾਤੀ ਦੇ ਲਾਭ ਲਈ ਨਹੀਂ ਸੀ।

ਮੀਰੀ ਅਤੇ ਪੀਰੀ ਦੀ ਸਿੱਖ ਧਰਮ ਵਿਚ ਇੱਕਸਾਰਤਾ ਦੀ ਗਵਾਹੀ ਇਥੋਂ ਮਿਲਦੀ ਹੈ: "ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।"

ਗੁਰੂ ਹਰਿਗੋਬਿੰਦ ਜੀ ਸਿੱਖਾਂ ਦੇ ਪਹਿਲੇ ਰੱਬੀ ਬਾਦਸ਼ਾਹ ਸਨ ਜਿਨ੍ਹਾਂ ਦਾ ਰਾਜ ਸਿੰਘਾਸਨ ਅਕਾਲ ਤਖ਼ਤ ਤੇ ਸੀ। ਸੰਨ 1757, 1762 ਅਤੇ ਫਿਰ 1764 ਵਿਚ ਤਿੰਨ ਵਾਰ ਮੁਗਲਾਂ ਨੇ 'ਸੱਚਾ ਦਰਬਾਰ' ਢਾਹ ਦਿੱਤਾ ਪਰ ਤਿੰਨ ਵਾਰ ਹੀ ਮੁੜ ਕੇ ਉਸਾਰਿਆ ਗਿਆ। ਹੁਣ ਵੀ ਜਦੋਂ ਸਿੱਖਾਂ ਨੂੰ ਕੋਈ ਅਨਿਆਂ ਹੁੰਦਾ ਜਾਪਦਾ ਹੈ ਉਹ ਜ਼ਬਰ ਦਾ ਟਾਕਰਾ ਕਰਨ ਲਈ ਅਕਾਲ ਤਖ਼ਤ ਤੋਂ ਸ਼ਕਤੀ ਪ੍ਰਾਪਤ ਕਰਦੇ ਹਨ। ਅਕਾਲ ਤਖ਼ਤ ਉਸ ਇਤਿਹਾਸਕ ਵਿਦਰੋਹ ਦੀ ਪੈਦਾਵਾਰ ਸੀ ਜੋ ਗੁਰੂ ਅਰਜਨ ਦੇਵ

ਜੀ ਦੇ ਬਲੀਦਾਨ ਵਿਚੋਂ ਪ੍ਰਗਟ ਹੋਇਆ। ਹਰਿਮੰਦਰ ਸਾਹਿਬ ਕੌਮ ਦੀ ਇਬਾਦਤਗਾਹ ਹੈ, ਅਕਾਲ ਤਖ਼ਤ ਉਸ ਇਬਾਦਤਗਾਹ ਦੀ ਚੌਕੀ ਹੈ। ਅਕਾਲ ਤਖ਼ਤ ਅਸਲ ਵਿਚ ਭਗਤੀ ਤੇ ਸ਼ਕਤੀ ਦੇ ਸੰਤੁਲਨ, ਤਿਆਗ ਅਤੇ ਤੇਗ਼ ਦੇ ਫਲਸਫੇ ਦਾ ਨਾਂ ਹੈ।

ਹਰਿਮੰਦਰ ਮੰਤਰ-ਰੂਪ ਹੈ, ਅਕਾਲ ਤਖ਼ਤ ਤੰਤਰ-ਰੂਪ ਹੈ। ਹਰਿਮੰਦਰ ਤਪ-ਤੇਜ ਦੀ ਰੂਪ ਮਾਨਤਾ ਹੈ, ਅਕਾਲ ਤਖ਼ਤ ਕਵਚ ਦੀ ਰੂਪ ਮਾਨਤਾ ਹੈ। ਹਰਿਮੰਦਰ ਅਤੇ ਅਕਾਲ ਤਖ਼ਤ ਦੇ ਦਰਮਿਆਨ ਅਗਮ ਤੇ ਨਿਗਮ ਦਾ ਮਿਸ਼ਰਨ ਹੁੰਦਾ ਹੈ, ਸ਼ਿਵ ਤੇ ਸ਼ਕਤੀ ਦਾ ਅਲਿੰਗਨ ਹੁੰਦਾ ਹੈ। ਹਰਿਮੰਦਰ ਵਿਚ ਨਿਰੰਤਰ ਅਮਿਉ ਰਸ ਚੋਂਦਾ ਹੈ, ਅਕਾਲ ਤਖ਼ਤ ਵਿਚ ਧੌਂਸੇ ਵਜਦੇ ਹਨ, ਤੇਗ਼ਾਂ ਲਿਸ਼ਕਦੀਆਂ ਹਨ। ਹਰਿਮੰਦਰ ਵਿਚ ਸ਼ਾਸਤਰ ਦਾ ਪ੍ਰਕਾਸ਼ ਹੈ, ਅਕਾਲ ਤਖ਼ਤ ਵਿਚ ਸ਼ਸਤਰਾਂ ਦੀ ਪ੍ਰਦਰਸ਼ਨੀ ਹੈ। ਹਰਿਮੰਦਰ ਸਾਹਿਬ ਸਿੱਖ ਕੌਮ ਦੇ ਧਾਰਮਿਕ ਗੌਰਵ ਦਾ ਪ੍ਰਤੀਕ ਹੈ, ਅਕਾਲ ਤਖ਼ਤ ਉਨ੍ਹਾਂ ਦੀ ਰਾਜ ਸੱਤਾ ਦਾ ਚਿੰਨ੍ਹ ਹੈ। ਹਰਿਮੰਦਰ ਸਾਹਿਬ ਸਿੱਖ ਆਚਰਨ ਦੀ ਨਿਰਮਾਣ ਸ਼ਾਲਾ ਹੈ; ਅਕਾਲ ਤਖ਼ਤ ਉਸ ਆਚਰਨ ਤੋਂ ਉਪਜੇ ਦ੍ਰਿੜ੍ਹ ਸੰਕਲਪ ਦੀਆ ਕ੍ਰਿਤੀ ਹੈ। ਹਰਿਮੰਦਰ ਸਹਿਜ-ਸੁੰਨ ਦਾ ਘਾਟ ਹੈ, ਅਕਾਲ ਤਖ਼ਤ ਉਸ ਘਾਟ ਦਾ ਪਾਸਬਾਨ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅਕਾਲ ਤਖ਼ਤ ਤੇ ਹੇਠ ਲਿਖੇ ਗੁਰੂ ਸਾਹਿਬਾਨ ਤੇ ਸੂਰਬੀਰ ਮਹਾਪੁਰਖਾਂ ਦੇ ਸ਼ਸਤਰ ਰੱਖੇ ਗਏ ਹਨ :-

1. ਸ੍ਰੀ ਗੁਰੂ ਹਰਿਗੋਬਿੰਦ ਜੀ
2. ਸ੍ਰੀ ਗੁਰੂ ਗੋਬਿੰਦ ਸਿੰਘ ਜੀ
3. ਬਾਬਾ ਅਜੀਤ ਸਿੰਘ ਜੀ
4. ਬਾਬਾ ਜੁਝਾਰ ਸਿੰਘ ਜੀ
5. ਬਾਬਾ ਬੁੱਢਾ ਜੀ
6. ਭਾਈ ਜੇਠਾ ਜੀ
7. ਬਾਬਾ ਕਰਮ ਸਿੰਘ ਸ਼ਹੀਦ
8. ਭਾਈ ਉਦੈ ਸਿੰਘ ਜੀ
9. ਭਾਈ ਬਿਧੀਚੰਦ ਜੀ
10. ਬਾਬਾ ਗੁਰਬਖ਼ਸ਼ ਸਿੰਘ ਜੀ
11. ਬਾਬਾ ਦੀਪ ਸਿੰਘ ਜੀ
12. ਬਾਬਾ ਨੌਧ ਸਿੰਘ ਜੀ
13. ਭਾਈ ਬਚਿੱਤਰ ਸਿੰਘ ਜੀ

ਸ੍ਰੀ ਅਕਾਲ ਤਖ਼ਤ ਮੁੱਖ ਰੂਪ ਵਿਚ ਤਿੰਨ ਗੱਲਾਂ ਲਈ ਪ੍ਰਸਿੱਧ ਹੈ।

1. ਇਥੇ ਸਿੱਖ ਕੌਮ ਸਬੰਧੀ ਫ਼ੈਸਲੇ ਕੀਤੇ ਜਾਂਦੇ ਹਨ।
2. ਅੰਮ੍ਰਿਤ ਛਕਾਉਣ ਲਈ ਇਹ ਵੱਡਾ ਕੇਂਦਰ ਹੈ।

3. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਹਰਿਮੰਦਰ ਸਾਹਿਬ ਵਿਚ ਸੰਤੋਖਣ ਉਪਰੰਤ ਰਾਤ ਸਮੇਂ ਇਥੇ ਵਿਸ਼ਰਾਮ ਲਈ ਰਖਿਆ ਜਾਂਦਾ ਹੈ।

ਅਕਾਲ ਤਖ਼ਤ ਦੇ ਜਥੇਦਾਰ ਨੂੰ ਸਰਵਉੱਚ ਮੰਨਿਆ ਜਾਂਦਾ ਹੈ ਅਤੇ ਇਸ ਦੀ ਚੋਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਬੱਤ ਖ਼ਾਲਸਾ ਸਮਾਗਮ ਕਰ ਕੇ ਕੀਤੀ ਜਾਂਦੀ ਹੈ। ਅਕਾਲ ਤਖ਼ਤ ਦੇ ਜਥੇਦਾਰ ਸਿੱਖ ਕੌਮ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।